Voice of Social Concerns Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com ਸਾਲ-5, ਅੰਕ-4, ਮਈ 2015 ਸ਼ਹੀਦ ਕਰਤਾਰ ਸਰਾਭਾ ਅਤੇ ਮਈ ਦਿਵਸ ਨੂੰ ਸਮਰਪਿਤ Website: www.ppapmg.com

HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220 Registration No. 210836300

## ਸੰਪਾਦਕੀ



ਅੱਜ ਜਦੋਂ ਦੁਨੀਆ ਭਰ ਦੇ ਮਿਹਨਤਕਸ਼ ਲੋਕ ਆਪਣੇ ਮਜ਼ਦੂਰ ਸਾਥੀਆਂ ਦੁਆਰਾ ਪ੍ਰਾਪਤ ਕੀਤੀਆਂ ਜ਼ਿੰਦਗੀ ਜਿਊਣ ਦੀਆਂ ਸਹੂਲਤਾਂ ਨੂੰ ਬਰਕਰਾਰ ਰੱਖਣ ਲਈ ਉਸ ਮਈ ਦਿਹਾੜੇ ਦੀ ਯਾਦ ਨੂੰ ਤਾਜ਼ਾ ਕਰਨ ਜਾ ਰਹੇ ਹਨ ਤਾਂ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਜਿਸ ਦੇਸ਼ ਵਿਚ ਤੁਸੀਂ ਰਹਿ ਰਹੇ ਹੋ ਤੇ ਆਪਣੀ ਸਖ਼ਤ ਮਿਹਨਤ 'ਚੋਂ ਟੈਕਸ ਦੇ ਰਹੇ ਹੋ ਤਾਂ ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਸਮੇਂ ਸਮੇਂ ਦੀਆਂ ਸਰਕਾਰਾਂ ਆਪਣਾ ਸਾਲ ਲੇਖਾ ਜੋਖਾ ਕਿਵੇਂ ਕਰਦੀਆਂ ਹਨ। ਉਸੇ ਸਬੰਧ ਵਿਚ ਜੇ ਕੈਨੇਡਾ ਅਤੇ ਓਂਟਾਰੀਓ ਦੇ ਬਜਟ ਨੂੰ ਥੋੜ੍ਹੀ ਜਿਹੀ ਸੂਝ ਨਾਲ ਵਾਚਿਆ ਜਾਵੇ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਊਠ ਦਾ ਬੁੱਲ ਕਿਸ ਕਰਵੱਟ ਬੈਠਦਾ ਹੈ। ਜਦੋਂ ਬਜਟ 2015 ਬਾਰੇ ਕੁਝ ਰੇਡੀਓ ਤੇ ਟੀ. ਵੀ. 'ਤੇ ਸੁਣਿਆ ਤਾਂ ਇਸ ਤਰ੍ਹਾਂ ਜਾਪਿਆ ਕਿ ਲੋਕਾਂ ਨੂੰ ਸਹੂਲਤਾਂ ਦੇਣ ਦੀ ਇੰਨੀ ਪ੍ਰਸੰਸਾ ਕੀਤੀ ਗਈ ਜਿਵੇਂ ਕਿ ਇਕ ਪ੍ਰੇਮੀ ਤੇ ਪ੍ਰਮਿਕਾ ਵਿਚ ਚਲ ਰਹੇ ਪਿਆਰ ਪੱਤਰਾਂ ਵਿਚ ਹਵਾ ਨੂੰ ਟਾਕੀਆਂ ਲਾਈਆਂ ਜਾਂਦੀਆਂ ਹਨ। ਅਸਲੀਅਤ ਵਿਚ ਬਜਟ 2015 ਪ੍ਰਾਈਵੇਟ ਸੈਕਟਰ ਵਾਸਤੇ ਪਿਆਰ ਪੱਤਰ ਹੀ ਜਾਪਦਾ ਹੈ। ਇਹ ਨਿਕਟ ਦ੍ਰਿਸ਼ਟੀ ਵਾਲਾ ਭਾਵ ਤੰਗ ਨਜ਼ਰ ਭੁਲੇਖਾ ਪਾਉ ਅਤੇ ਵੋਟਾਂ ਪ੍ਰਾਪਤੀ ਦਾ ਘੜਿਆ ਘੜਾਇਆ ਜਬਰਦਸਤ ਸੰਦ ਹੈ। ਬਜਟ ਦੇ 518 ਪੇਜ਼ ਦੇ ਪਲੰਦੇ ਵਿਚ ਹਜ਼ਾਰ ਵਾਰ ਤਿੰਨ ਸ਼ਬਦ ਵਾਰ ਵਾਰ ਆ ਰਹੇ ਹਨ। ਜਿਵੇਂ ਬਿਜਨਿਸ, ਕਾਰਪੋਰੇਸ਼ਨਜ਼ ਅਤੇ ਤੇ ਫਰਮ। TFSA ਅਤੇ FRIF 'ਚ ਕੀਤੇ ਵਾਧੇ ਨਾਲ ਵਿਦਿਆਰਥੀਆਂ ਨੂੰ ਆਪਣਾ ਭਵਿੱਖ ਬਣਾਉਣ ਲਈ ਵੱਧ ਲੋਨ ਦੀ ਸਹੂਲਤ ਦਿੱਤੀ ਗਈ ਹੈ, ਜਦਕਿ 200,000 ਵਿਦਿਆਰਥੀ ਮਹਿੰਗੀ ਪੜ੍ਹਾਈ ਕਰਕੇ ਆਪਣੇ ਸਿਰ ਚੜ੍ਹੇ ਕਰਜ਼ੇ ਨੂੰ ਉਤਾਰਨ ਲਈ ਮਜ਼ਬੂਰ ਹਨ। ਥੋੜ੍ਹਾ ਬਹੁਤਾ ਛੋਟੇ ਬਿਜਨਿਸ ਨੂੰ 11% ਤੋਂ 9% ਟੈਕਸ ਕਰੈਡਟ ਦਿੱਤਾ ਗਿਆ ਹੈ ਜੋ ਕਿ 2019 ਵਿਚ ਲਾਗੂ ਹੋਵੇਗੇ! ਨਾ ਕਿ ਬਰੈਂਪਟਨ ਵਿਚ ਵਧੇ ਪ੍ਰਾਪਰਟੀ ਟੈਕਸ ਵਾਂਗ ਐਲਾਨ ਕਰਨ ਤੇ ਅਮਲੀ ਰੂਪ ਧਾਰ ਲਵੇਗਾ। ਓਂਟਾਰੀਓ ਸਰਕਾਰ ਘਾਟਾ ਪੂਰਾ ਕਰਨ ਲਈ ਕੇਂਦਰ ਨੂੰ ਮਾਤ ਪਾ ਗਈ। ਪਬਲਿਕ ਜਾਇਦਾਦ ਹਾਈਡਰੋ ਬੰਨ੍ਹ ਵਰਗੇ ਵਸੀਲਿਆਂ ਨੂੰ ਪ੍ਰਾਵੇਟਾਈਜ਼ ਕਰਨ ਤੱਕ ਪਹੁੰਚ ਗਈ। ਓਂਟਾਰੀਓ ਸਰਕਾਰ ਦਾ ਬਜਟ ਜਿਥੇ ਚੋਣਾਂ ਦੌਰਾਨ ਕੀਤੇ ਵਾਅਦਿਆਂ ਅਨੁਸਾਰ ਸਿੱਖਿਆ, ਚਾਈਲਡ ਕੇਅਰ, ਸਿਹਤ ਸੇਵਾਵਾਂ ਅਤੇ ਗਰੀਬੀ ਨਾਲ ਜੂਝ ਰਹੀ ਮਨੁੱਖਤਾ ਦੀ ਭਲਾਈ ਲਈ ਕਦਮ ਚੁੱਕਣ ਦੀ ਬਜਾਏ ਸਿਰਫ਼ ਇਨਫਰਾਸਟਰਕਚਰ ਅਤੇ ਓਂਟਾਰੀਓ ਦੀ ਰਜਿਸਟਰਡ ਪੈਨਸ਼ਨ ਪਲਾਨ ਦੀ ਬੱਸ ਹੇਠ ਦਰੜਕੇ ਰਹਿ ਗਿਆ। ਆਓ ਇਨ੍ਹਾਂ ਲੀਡਰਾਂ ਦੇ ਚੋਣਾਂ ਦੌਰਾਨ ਕੀਤੇ ਵਾਅਦਿਆਂ 'ਤੇ ਨਿਰਭਰ ਨਾ ਹੋ ਕੇ ਆਪਣੇ ਹੱਥੀਂ ਆਪਣਾ ਕਾਜ਼ ਸਵਾਰੀਏ। ਮਈ 1886 ਦੌਰਾਨ ਕੀਤੇ ਸੰਘਰਸ਼ ਤੋਂ ਸਬਕ ਲੈ ਕੇ ਆਪਣੇ ਇਕੱਠ ਦੇ ਸਿਰ 'ਤੇ ਜ਼ਿੰਦਗੀ ਖੁਸ਼ਹਾਲ ਬਣਾਉਣ ਲਈ ਅੱਗੇ ਵਧੀਏ।

**- ਹਰਬੰਸ ਸਿੰਘ**

## ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਉਸਾਰੂ ਸੋਚ



ਕਿਰਤੀਆਂ ਅਤੇ ਗੁਲਾਮਾਂ ਦੇ ਦਿਲ ਦੀ ਧੜਕਣਾ ਨੂੰ ਸਮਝਣ ਵਾਲੇ ਮਾਣਯੋਗ ਕਰਤਾਰ ਸਿੰਘ ਸਰਾਭਾ ਦਾ ਜਨਮ 1896 ਈ. ਨੂੰ ਲੁਧਿਆਣੇ ਜ਼ਿਲ੍ਹੇ ਦੇ ਸਰਾਭਾ ਨਗਰ ਵਿਚ ਹੋਇਆ। ਜਵਾਨੀ ਦੀ ਦਹਿਲੀਜ਼ 'ਤੇ ਪਹੁੰਚਦਿਆਂ ਮਨ ਵਿਚ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਕੱਟਣ ਦੇ ਖਿਲਾਫ਼ ਭਾਰੂ ਹੋ ਗਏ। ਇਨ੍ਹਾਂ ਕ੍ਰਾਂਤੀਕਾਰੀ ਖ਼ਿਆਲਾਂ ਦੀ ਬਦੌਲਤ ਦਿਮਾਗੀ ਉਥਲ-ਪੁਥਲ ਵਿਚੋਂ 'ਗ਼ਦਰ ਲਹਿਰ' ਨੇ ਅਵਤਾਰ ਧਾਰਿਆ। ਪੈਦਾ ਹੋਈ ਇਸ 'ਗ਼ਦਰ ਲਹਿਰ' ਨੂੰ ਨਵੀਂ-ਨਕੋਰੀ ਰੱਖਣ ਲਈ ਸ੍ਰ. ਕਰਤਾਰ ਸਿੰਘ ਜੀ ਨੇ ਦਿਨ-ਰਾਤ ਇਕ ਕਰੀਂ ਰੱਖਿਆ।

ਇਸ ਤੋਂ ਇਲਾਵਾ ਮਾਣ ਵਾਲੀ ਗੱਲ ਇਹ ਹੈ ਕਿ ਦੇਸ਼ ਦੀ ਆਜ਼ਾਦੀ ਲਈ ਪੰਜਾਬ ਸੂਬੇ ਨੇ ਲਾਸਾਨੀ ਯੋਗਦਾਨ ਪਾਇਆ। ਪੰਜਾਬ ਦੀ ਇਸ ਧਰਤੀ ਨੇ ਸਮੇਂ-ਸਮੇਂ ਤੇ ਕ੍ਰਾਂਤੀਕਾਰੀ ਨੌਜਵਾਨ ਪੈਦਾ ਕਰਕੇ ਸਾਡੇ ਦੇਸ਼ ਦੀ ਅਣਖ ਨੂੰ ਬਚਾਈ ਰੱਖਿਆ। ਇਨ੍ਹਾਂ ਹੀ ਨੌਜਵਾਨਾਂ ਵਿਚੋਂ ਸਰਦਾਰ ਕਰਤਾਰ ਸਿੰਘ ਸਰਾਭਾ ਜੀ ਨੇ ਕਿਰਤੀਆਂ ਅਤੇ ਮਜ਼ਦੂਰਾਂ ਦੀ ਅੰਗਰੇਜ਼ਾਂ ਹੱਥੀਂ ਹੁੰਦੀ ਲੁੱਟ ਨੂੰ ਵੰਗਾਰਿਆ। ਇਕ ਵਾਰ ਤਾਂ ਸਰਦਾਰ ਦੇ ਕ੍ਰਾਂਤੀਕਾਰੀ ਤੇਵਰ ਦੇਖ ਕੇ ਗੋਰੀ ਸਰਕਾਰ ਦੇ ਪੈਰਾਂ ਹੇਠੋਂ ਮਿੱਟੀ ਖਿਸਕ ਗਈ। ਅੰਗਰੇਜ਼ੀ ਹਕੂਮਤ ਨੇ ਸਮੇਂ ਦੀ ਨਜਾਕਤ ਵੇਖਦਿਆਂ ਸਿੱਧੀ ਟੱਕਰ ਲੈਣ ਦੀ ਥਾਂ ਕੋਝੀਆਂ ਚਾਲਾਂ ਚਲਣੀਆਂ ਸ਼ੁਰੂ ਕਰ ਦਿੱਤੀਆਂ। ਸਮੇਂ ਦੀ ਮਾਰ ਅਤੇ ਗ਼ਦਾਰਾਂ ਦੀ ਪੈਦਾਇਸ਼ ਨੇ ਕੁਝ ਚਿਰ ਪਿਛੋਂ ਸਰਦਾਰ ਅਤੇ ਉਸਦੇ ਸਾਥੀਆਂ ਨੂੰ ਜੇਲ੍ਹ ਦੀਆਂ ਸਲਾਖਾਂ ਪਿਛੇ ਭਿਜਵਾ ਦਿੱਤਾ। ਉਸ ਸਮੇਂ ਸ੍ਰ. ਸਰਾਭੇ ਦੀ ਉਮਰ 19 ਸਾਲ ਦੀ ਸੀ।

ਜੇਕਰ ਦੇਖਿਆ ਜਾਵੇ ਤਾਂ ਉਸ ਨੌਜਵਾਨ ਦੀ ਸੋਚ ਸਾਡੇ ਹੁਣ ਦੇ ਚਿੱਟ-ਦਾੜ੍ਹੀਏ ਲੀਡਰਾਂ ਤੋਂ 1000 ਗੁਣਾਂ ਅੱਗੇ ਸੀ। ਜਿਹੜੇ ਅੱਜ ਆਪਣੇ ਸਵਾਰਥਾਂ ਲਈ ਸਾਡੀ ਧਰਤੀ ਮਾਂ ਨੂੰ ਦੁਬਾਰਾ ਗੁਲਾਮੀ ਵੱਲ ਧਕਦਿਆਂ ਧਨਾਢਾਂ ਅਤੇ ਅੰਗਰੇਜ਼ਾਂ ਦੀਆਂ ਕਾਲੀਆਂ ਕਰਤੂਤਾਂ ਦੀ ਪੂਜਾ ਕਰ ਰਹੇ ਹਨ। ਇਸ ਤੋਂ ਉਲਟ ਵਾਰੇ-ਵਾਰੇ ਜਾਈਏ ਉਸ ਯੋਧੇ ਦੇ ਜਿਸਨੇ 19 ਸਾਲ ਦੀ ਉਮਰ ਵਿਚ ਸਾਡੇ ਦੇਸ਼ ਦੀ ਜਨਤਾ ਨੂੰ ਭੂਤਕਾਲੀ ਅਤੇ ਭਵਿੱਖ ਸੰਦੇਸ਼ ਦਿੰਦਿਆਂ ਇਸ਼ਾਰਾ ਕੀਤਾ ਹੈ :

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ, ਗੱਲਾਂ ਕਰਨੀਆਂ ਢੇਰ ਸੁਖਾਲੀਆਂ ਨੇ।
ਜਿਨ੍ਹਾਂ ਦੇਸ਼ ਸੇਵਾ ਵਿਚ ਪੈਰ ਪਾਇਆ, ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।

ਸੋ ਇਨ੍ਹਾਂ ਸਤਰਾਂ ਨੂੰ ਅਮਲੀ ਰੂਪ ਵਿਚ ਧਾਰਨ ਕਰਦਿਆਂ, ਇਹ ਸੂਰਮਾ 16 ਨਵੰਬਰ 1915 ਈ. ਨੂੰ ਫਾਂਸੀ ਦੇ ਰੱਸੇ ਨੂੰ ਚੁੰਮਦਿਆਂ ਸ਼ਹੀਦੀ ਜਾਮ ਪੀ ਗਿਆ।'



7

ਧਰਮ ਦੀ ਸਾਇੰਸ



23

ਕੈਨੇਡਾ ਅੰਦਰ ਬਿਲ ਸੀ-51 ਦਾ ਵਿਰੋਧ ਕਿਉਂ ?



25

ਕਿਸਾਨ ਸਵਾਲ-ਜਜ਼ਬਾਤੀ (ਨਿੱਕ-ਬੁਰਜੂਆ) ਬਨਾਮ ਵਿਗਿਆਨਕ (ਮਾਰਕਸਵਾਦੀ-ਲੈਨਿਨਵਾਦੀ) ਨਜ਼ਰੀਆ



28

ਮਜ਼ਦੂਰ ਜਮਾਤ ਦਾ ਸੱਭਿਆਚਾਰ

SUPER VISA INSURANCE



Sherjang Singh Rana
416.910.9000

PUNJAB INSURANCE INC.

• Life Insurance • Mortgage Insurance
• Critical Illness Insurance • Disability Insurance
• RESP, RRSP

www.punjabinsurance.ca



Ravinder Singh Basra
416.845.6232

# ਸਭ ਲਈ ਨਿਆਂਸ਼ੀਲ ਅਤੇ ਬਰਾਬਰਤਾ ਵਾਲੇ ਪ੍ਰਬੰਧ ਦੀ ਸਿਰਜਨਾ ਦੀ ਵਚਨਬੱਧਤਾ


## ਪਹਿਲੀ ਮਈ ਦਾ ਸੰਦੇਸ਼

ਨਰਭਿੰਦਰ

ਅੱਠ ਘੰਟੇ ਕੰਮ ਦਾ ਦਿਨ ਦੀ ਮੰਗ ਨੂੰ ਲੈ ਕੇ ਅਮਰੀਕੀ ਮਜ਼ਦੂਰਾਂ ਵਲੋਂ ਸ਼ਿਕਾਗੋ ਤੋਂ ਸ਼ੁਰੂ ਕੀਤਾ ਸੰਘਰਸ਼ ਇਤਿਹਾਸ ਦੀ ਅਹਿਮ ਘਟਨਾ ਬਣ ਜਾਵੇਗਾ, ਇਹ ਸ਼ਾਇਦ ਉਨ੍ਹਾਂ ਨੂੰ ਚਿੱਤ ਚੇਤਾ ਵੀ ਨਹੀਂ ਸੀ। ਇਸ ਤੋਂ ਪਹਿਲਾਂ ਸਨਅਤਕਾਰਾਂ ਅਤੇ ਹੋਰ ਥਾਵਾਂ ਉਤੇ ਮਜ਼ਦੂਰਾਂ ਪਾਸੋਂ 14 ਤੋਂ 16 ਘੰਟੇ ਅਤੇ ਲਈ ਜਮ੍ਹਾਂ 18-18 ਘੰਟੇ ਕੰਮ ਵੀ ਲਿਆ ਜਾਂਦਾ ਸੀ। ਇਹ ਪਹਿਲੀ ਵਾਰ ਸੀ ਕਿ ਅਮਰੀਕਨ ਫੈਡਰੇਸ਼ਨ ਆਫ਼ ਲੇਬਰ ਨੇ ਅੱਜ ਤੋਂ ਲਗਭਗ 130 ਸਾਲ ਪਹਿਲਾਂ ਪਹਿਲੀ ਮਈ 1886 ਨੂੰ 8 ਘੰਟੇ ਕੰਮ ਦਾ ਸੱਦਾ ਦਿੱਤਾ ਜਿਸ ਨੂੰ ਲੈ ਕੇ ਅਮਰੀਕਾ ਵਿਚ ਜ਼ਬਰਦਸਤ ਹੜਤਾਲਾਂ ਹੋਈਆਂ। ਇਹ ਮੰਗ ਉਠੀ ਕਿ ਮਜ਼ਦੂਰ ਵੀ ਇਨਸਾਨ ਹਨ ਅਤੇ ਇਕ ਇਨਸਾਨ ਦੀ ਸਮਰੱਥਾ ਸਿਰਫ਼ 8 ਘੰਟੇ ਕੰਮ ਦੀ ਹੀ ਹੈ। ਮਜ਼ਦੂਰ ਜਮਾਤ ਦੀ ਇਹ ਪਹਿਲੀ ਅਤੇ ਮਹੱਤਵਪੂਰਨ ਮੰਗ ਸੀ। ਲੱਖਾਂ ਲੋਕ ਇਸ ਮੰਗ ਦੀ ਹਮਾਇਤ 'ਚ ਨਿਤਰੇ, ਸੰਘਰਸ਼ਾਂ ਨੇ ਖਾੜਕੂ ਰੂਪ ਲਿਆ ਅਮਰੀਕੀ ਹਕੂਮਤ ਨੇ ਤਾਕਤ ਨਾਲ ਦਬਾਉਣਾ ਚਾਹਿਆ ਪਰ ਇਸ ਲੰਬੇ ਇਤਿਹਾਸਕ ਅੰਦੋਲਨ ਦਾ ਪਹਿਲਾ ਪੜਾਅ 11 ਨਵੰਬਰ 1887 ਨੂੰ ਉਚੋਂ ਪੂਰਾ ਹੋਇਆ ਜਦੋਂ ਮਜ਼ਦੂਰ ਜਮਾਤ ਦੇ ਇਸ ਇਤਿਹਾਸਕ ਅੰਦੋਲਨ ਦੀ ਅਗਵਾਈ ਕਰਨ ਵਾਲੇ ਚਾਰ ਆਗੂਆਂ ਐਲਬਰਟ ਪਾਰਸਨਜ਼ ਅਗਸਤ ਸਪਾਈਸ, ਅਡੋਲਫ ਫਿਸ਼ਰ ਜਾਰਜ ਏਂਜਲਜ਼ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ ਇਨ੍ਹਾਂ ਨਾਲ ਦੋ ਹੋਰ ਮਜ਼ਦੂਰ ਸੈਮੂਅਲ ਜੇ ਫੀਲਡਜ ਅਤੇ ਯੂਜੀਨ ਸਵਾਜ਼ ਵੀ ਸ਼ਾਮਲ ਸੀ। ਇਕ ਹੋਰ ਨੂੰ ਸ਼ਹੀਦ ਕਰ ਦਿੱਤਾ ਗਿਆ ਸੀ ਅਤੇ ਇਕ ਹੋਰ ਨੂੰ 15 ਸਾਲ ਦੀ ਸਜ਼ਾ ਸੁਣਾਈ ਗਈ ਸੀ। ਪਰ ਸ਼ਿਕਾਗੋ ਵਿਚ ਵਾਪਰੀ ਇਸ ਇਤਿਹਾਸਕ ਘਟਨਾ ਨੇ ਦੁਨੀਆ ਦੀ ਮਜ਼ਦੂਰ ਲਹਿਰ ਨੂੰ ਇਕ ਨਵਾਂ ਹੁਲਾਰਾ ਦਿੱਤਾ ਸੀ ਨਵੀਂ ਰੂਹ ਫੂਕੀ ਸੀ ਅਤੇ 1889 ਵਿਚ ਪੈਰਿਸ ਵਿਚ ਜਦੋਂ ਸਮਾਜਵਾਦੀ ਕੌਮਾਂਤਰੀ ਅੰਦੋਲਨ ਦਾ ਦੂਸਰਾ ਸੰਮੇਲਨ ਹੋਇਆ ਤਾਂ ਅਮਰੀਕਨ ਮਜ਼ਦੂਰਾਂ ਦੇ ਇਸ ਇਤਿਹਾਸਕ ਦਿਨ ਪਹਿਲੀ ਮਈ 1890 ਨੂੰ ਦੁਨੀਆ ਦੇ ਮਜ਼ਦੂਰਾਂ ਲਈ ਮੁਕਤੀ ਦੇ ਦਿਨ ਵਜੋਂ ਮਨਾਉਣ ਦਾ ਸੱਦਾ ਦਿੱਤਾ ਗਿਆ ਸੀ। ਉਸ ਦਿਨ ਤੋਂ ਪਹਿਲੀ ਮਈ ਦੁਨੀਆ ਦੇ ਮਜ਼ਦੂਰਾਂ ਲਈ ਪੂੰਜੀ ਦੀ ਗੁਲਾਮੀ ਤੋਂ ਛੁਟਕਾਰਾ ਪਾਉਣ ਲਈ ਅਹਿਦ ਲੈਣ ਦੇ ਦਿਨ ਵਜੋਂ ਮਨਾਇਆ ਜਾਣ ਲੱਗਾ ਹੈ। ਉਂਝ 1866 'ਚ ਜਨੇਵਾ ਕਾਂਗਰਸ ਨੇ 8 ਘੰਟੇ ਕੰਮ ਦੇ ਦਿਨ ਦਾ ਮਤਾ ਪਾਸ ਕੀਤਾ ਸੀ। ਇਸ ਨੂੰ ਪਹਿਲਾਂ ਕੌਮਾਂਤਰੀ ਨੇ ਆਯੋਜਿਤ ਕੀਤਾ ਸੀ।

ਛੇ ਮਈ ਦਿਨ ਨਾਲ ਸਬੰਧਤ ਮੁਕੱਦਮੇ ਜਿਸ 'ਚ ਚਾਰ ਮਜ਼ਦੂਰ ਆਗੂਆਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ ਉਸ ਸਮੇਂ ਦੀ ਪੂੰਜੀਵਾਦੀ ਹਕੂਮਤ ਨੇ ਮਜ਼ਦੂਰਾਂ ਉਤੇ 'ਰਾਜ ਧ੍ਰੋਹ' ਦੇ ਮੁਕੱਦਮੇ ਹੇਠ ਦਰਜ ਕੀਤਾ ਸੀ। ਉਨ੍ਹਾਂ ਦੀ ਮੰਗ ਸਿਰਫ਼ ਐਨੀ ਸੀ, 'ਅੱਠ ਘੰਟੇ ਕੰਮ ਦੇ, ਅੱਠ ਅੱਠੇ ਆਰਾਮ ਦੇ ਅਤੇ ਅੱਠ ਘੰਟੇ ਮਨੋਰੰਜਨ ਦੇ"-ਮਜ਼ਦੂਰਾਂ ਵਲੋਂ ਕੀਤੀ ਇਹ ਸੰਘ ਰਾਜ ਨੂੰ ਪ੍ਰਵਾਨ ਨਹੀਂ ਸੀ। ਸੋ ਜੋ ਰਾਜ ਨੂੰ ਪ੍ਰਵਾਨ ਨਹੀਂ ਉਹ ਰਾਜ ਧ੍ਰੋਹ ਹੁੰਦਾ ਹੈ ਅਤੇ ਇਸ ਮਜ਼ਦੂਰ ਲਹਿਰ ਦੀ ਅਗਵਾਈ ਕਰਨ ਵਾਲੇ ਆਪਣੇ ਸਮੇਂ ਦੇ ਸਭ ਤੋਂ ਸਿਆਣੇ, ਨਿਡਰ ਅਤੇ ਚੇਤੰਨ ਮਜ਼ਦੂਰਾਂ ਨੂੰ ਇਕ ਐਸੇ ਅਪਰਾਧ ਜਿਹੜਾ ਉਨ੍ਹਾਂ ਕੀਤਾ ਹੀ ਨਹੀਂ ਸੀ, ਵਿਚ ਮੌਤ ਦੀ ਸਜ਼ਾ ਦੇ ਕੇ ਫਾਂਸੀ ਉਤੇ ਲਟਕਾ ਦਿੱਤਾ ਗਿਆ ਉਸ ਫਾਂਸੀ ਤੇ ਤਖ਼ਤੇ ਉਤੇ ਜਾਂਦਿਆਂ ਇਕ ਬਹਾਦਰ ਇਮਾਨਦਾਰ ਅਤੇ ਨਿਡਰ ਮਜ਼ਦੂਰ ਆਗੂ ਨੇ ਇਹ ਕਿਹਾ ਸੀ, "ਇਕ ਸਮਾਂ ਅਜਿਹਾ ਆਵੇਗਾ ਜਦੋਂ ਸਾਡੀ ਚੁੱਪ ਸਾਡੀ ਉਸ ਆਵਾਜ਼ ਨਾਲੋਂ ਜ਼ਿਆਦਾ ਤਾਕਤਵਰ ਹੋਵੇਗੀ। ਜਿਸ ਦਾ ਗਲਾ ਤੁਸੀਂ ਅੱਜ ਘੁੱਟ ਰਹੇ ਹੋ।" ਅਗਸਤ ਸਪਾਈਸ ਦੇ ਇਹ ਲਫ਼ਜ਼ ਭਵਿੱਖ ਦਾ ਮੈਨੀਫੈਸਟੋ ਬਣੇ। ਅਗਲੇਰੇ ਸਮਿਆਂ 'ਚ ਧਰਤੀ ਦੇ ਹਰ ਕੋਨੇ ਵਿਚ ਲੱਖਾਂ ਕਰੋੜਾਂ ਮਜ਼ਦੂਰਾਂ ਨੇ ਪਹਿਲੀ ਮਈ ਨੂੰ ਮਜ਼ਦੂਰ ਮੁਕਤੀ 'ਚ ਨਾਅਰੇ ਵਜੋਂ ਗੁੰਜਾਇਆ ਅਤੇ ਗੁੰਜਾਉਂਦੇ ਹਨ। ਇਹ ਇਕ ਅਜਿਹਾ ਦਿਨ ਹੈ ਜਿਹਨੂੰ ਮਜ਼ਦੂਰ ਜਮਾਤ ਦੇ ਪੁਰਖਿਆਂ ਨੇ ਆਪਣੀ ਜਾਨ ਦੀ ਕੀਮਤ ਦੇ ਕੇ ਸਿੰਜਿਆ ਹੈ ਅਤੇ ਅੱਠ ਘੰਟੇ ਹੀ ਨਹੀਂ ਹਰ ਕਿਸਮ ਦੀ ਗੁਲਾਮੀ ਤੋਂ ਮੁਕਤੀ ਦੇ ਅਹਿਦ ਦਾ ਐਲਾਨ ਕੀਤਾ। ਮਜ਼ਦੂਰਾਂ ਦੇ ਜੁਝਾਰੂ ਸੰਘਰਸ਼ਾਂ ਨੇ ਨਾ ਸਿਰਫ਼ 8 ਘੰਟੇ ਦੀ ਮੰਗ ਹੀ ਦੁਨੀਆ ਭਰ ਵਿਚ ਸਵੀਕਾਰ ਕਰਵਾਈ ਸੀ ਸਗੋਂ ਆਰਥਿਕ ਮੰਗਾਂ ਤੋਂ ਅੱਗੇ ਜਾਂਦਿਆਂ 1917 'ਚ ਮਜ਼ਦੂਰ ਜਮਾਤ ਦੇ ਰਾਜ ਸਿਰਜਨ ਦੇ ਉਸ ਸੁਪਨੇ ਨੂੰ ਵੀ ਸਾਕਾਰ ਕੀਤਾ ਸੀ ਜਿਸ ਨੂੰ 1871 'ਚ ਪੈਰਿਸ 'ਚ ਮਜ਼ਦੂਰਾਂ ਨੇ ਇਕ ਕਮਿਊਨ ਸਿਰਜਨ ਦਾ ਸੁਪਨਾ ਪਾਲਿਆ ਸੀ। 1917 'ਚ ਪਹਿਲਾ ਪ੍ਰੋਲੇਤਾਰੀ ਭਾਵ ਮਜ਼ਦੂਰ ਇਨਕਲਾਬ ਮਜ਼ਦੂਰਾਂ ਦੀ ਹਰ ਕਿਸਮ ਦੀ ਲੁੱਟ, ਸੋਸ਼ਣ ਅਤੇ ਚਾਬੇ ਤੋਂ ਮੁਕਤੀ ਅਤੇ ਇਕ ਬਰਾਬਰ ਵਾਲੇ ਭਾਈਚਾਰੇ ਵਾਲਾ ਅਤੇ ਸਭ ਲਈ ਸੁਨਹਿਰੇ ਭਵਿੱਖ ਵਾਲਾ ਸਮਾਜ ਸਿਰਜਨ ਦਾ ਜੋਕਰ ਲੈ ਕੇ ਆਇਆ ਸੀ ਅਤੇ ਇਸ ਨੇ ਜਿਥੇ ਰੂਸ ਵਿਚ ਇਸ ਨੂੰ ਅਮਲੀਜਾਮਾ ਪਹਿਨਾ ਕੇ ਬਰਾਬਰ ਪੂੰਜੀਵਾਦੀ ਪ੍ਰਬੰਧਾਂ ਤੋਂ ਮੁਕਤੀ ਲੋਚਦੀਆਂ ਮਜ਼ਦੂਰ ਅਤੇ ਕੌਮੀ ਮੁਕਤੀ ਲਹਿਰਾਂ ਨੂੰ ਊਰਜਾ ਦਿੱਤੀ ਸੀ ਉਥੇ ਪੂੰਜੀਵਾਦੀ ਪ੍ਰਬੰਧ ਦੀਆਂ ਚੂਲਾਂ ਵੀ ਹਿਲਾ ਦਿੱਤੀਆਂ ਸਨ ਅਤੇ ਅਗਲੇਰੇ ਕੁਝ ਸਾਲਾਂ ਵਿਚ ਹੀ ਦੁਨੀਆਂ ਦਾ ਨਕਸ਼ਾ ਹੀ ਬਦਲ ਦਿੱਤਾ ਸੀ।

ਭਾਰਤ ਵਿਚ ਬੇਸ਼ੱਕ 1880 ਤੋਂ ਪਿਛੋਂ ਮਜ਼ਦੂਰ ਅੰਦੋਲਨਾਂ ਦੀ ਭੂਮਿਕਾ ਦਰਜ ਹੋਣ ਲੱਗੀ ਅਤੇ 1882 ਤੋਂ 1890 ਦੇ ਦਰਮਿਆਨ ਮਦਰਾਸ ਪ੍ਰੈਜੀਡੈਂਸੀ ਅਤੇ ਬੰਬਈ ਵਿਚ ਲਗਭਗ 25 ਹੜਤਾਲਾਂ ਹੋਈਆਂ ਪਰ ਪਹਿਲਾਂ 1923 ਨੂੰ ਮਦਰਾਸ ਵਿਚ ਸਿੰਗਰਵੇਲੂ ਚੇਟਿਵਆਰ ਦੀ ਅਗਵਾਈ 'ਚ ਮਨਾਇਆਗਿਆ ਅਤੇ ਪਹਿਲਾ ਦੇਸ਼ ਵਿਆਪੀ ਮਈ ਦਿਨ 1927 ਨੂੰ ਮਨਾਇਆ ਗਿਆ। ਹਾਲਾਂਕਿ 1890 ਤੋਂ ਪਿਛੋਂ ਪਹਿਲੀ ਸੰਸਾਰ ਜੰਗ ਨੇ ਜਿਥੇ ਅਥਾਹ ਸੰਕਟ ਨੂੰ ਜਨਮ ਦਿਨ ਦਿੱਤਾ ਉਥੇ ਮਜ਼ਦੂਰਾਂ ਦੇ ਸੰਘਰਸ਼ਾਂ ਹੜਤਾਲਾਂ ਦੇ ਲੜੀਵਾਰ ਸਿਲਸਿਲੇ ਨੂੰ ਵੀ ਤੇਜ਼ ਕੀਤਾ। 1919 ਵਿਚ ਹੋਰਾਂ ਮੰਗਾਂ ਦੇ ਨਾਲ ਨਾਲ ਰੌਲਟ ਐਕਟ ਵਿਰੁੱਧ ਵੀ ਦੇਸ਼ ਪੱਧਰ ਉਤੇ ਹੜਤਾਲਾਂ ਹੋਈਆਂ ਇਕੱਠੇ ਬੰਬਈ ਸ਼ਹਿਰ ਵਿਚ ਜਨਵਰੀ 1919 'ਚ ਇਕ ਲੱਖ 25 ਹਜ਼ਾਰ ਕੱਪੜਾ ਮਿੱਲਾਂ 'ਚ ਕੰਮ ਕਰਨ ਵਾਲੇ ਮਜ਼ਦੂਰਾਂ ਨੇ ਹੜਤਾਲਾਂ 'ਚ ਹਿੱਸਾ ਲਿਆ ਸੀ ਅਤੇ 1919 ਦਾ ਸਾਲ ਮਜ਼ਦੂਰ ਹੜਤਾਲਾਂ ਦੇ ਸਾਲ ਦੇ ਤੌਰ 'ਤੇ ਵੀ ਜਾਣਿਆ ਜਾਂਦਾ ਹੈ ਜਿਥੇ ਇਹ ਜਲ੍ਹਿਆਂਵਾਲੇ ਬਾਗ ਦੇ ਕਾਂਡ ਦੇ ਤੌਰ 'ਤੇ ਜਾਣਿਆ ਜਾਂਦਾ ਹੈ। 1920 ਦੇ ਪਹਿਲੇ 6 ਮਹੀਨਿਆਂ 'ਚ ਦੇਸ਼ ਵਿਚ 200 ਹੜਤਾਲਾਂ ਦਾ ਜ਼ਿਕਰ ਮਿਲਦਾ ਹੈ ਜਿਸ 'ਚ 15 ਲੱਖ ਮਜ਼ਦੂਰਾਂ ਨੇ ਹਿੱਸਾ ਲਿਆ ਸੀ। 1920 'ਚ ਦੇਸ਼ ਵਿਚ ਹੋਏ ਟਰੇਡ ਯੂਨੀਅਨ ਸੰਮੇਲਨ ਵਿਚ ਪੂੰਜੀ ਦੇ ਜ਼ਾਬਰ ਤੇ ਲੁੱਟ ਘਸੁੱਟ ਵਾਲੇ ਪ੍ਰਬੰਧ ਨੂੰ ਦੁਨੀਆ ਦੇ ਮਜ਼ਦੂਰਾਂ ਨਾਲ ਮਿਲ ਕੇ ਉਖਾੜ ਸੁੱਟਣ



Century 21
Green Realty Inc. Brokerage
Each Office Independently Owned and Operated
Sohan Mann
Sales Representative
Dir: 416-564-1699
Off: 905-565-9565
6980 Maritz Dr., Unit 8
Mississauga, ON L5W 1Z3
Fax: 905-565-9522
Email: sohanmann@hotmail.com
Buy Green, Build Green, Save Environment!!!

www.SohanMann.com

Punjab Insurance Inc.
Supervisa Insurance
Your Expert Advisor for SUPER VISA INSURANCE
• Life Insurance • Mortgage Insurance • Critical Illness Insurance • Disability Insurance • RESP, RRSP
303, 7- Westwinds Cres. NE Calgary AB, Canada T3J5H2
Website : www.calgaryinsurancequotes.com

HARPINDER SIDHU
(403) 404-3500


ਦਾ ਅਹਿਦ ਵੀ ਲਿਆ ਅਤੇ 1925 'ਚ ਬੰਬਈ 'ਚ ਕੱਪੜਾ ਮਜ਼ਦੂਰਾਂ ਦੀਆਂ ਤਨਖਾਹਾਂ ਉਤੇ ਕੱਟ ਲਾਉਣ ਵਿਰੁੱਧ ਵਿਆਪਕ ਹੜਤਾਲ ਹੋਈ ਸੀ। 1927 'ਚ ਪਹਿਲੀ ਮਈ ਮਨਾਉਣ ਦੇ ਸੱਦੇ ਪਿਛੋਂ 1928 'ਚ ਮਜ਼ਦੂਰ ਅੰਦੋਲਨ ਵਲੋਂ ਜਿਹੜੀ ਵਰਗ ਸੰਘਰਸ਼ 'ਚ ਭੂਮਿਕਾ ਨਿਭਾਈ ਉਹ ਬਹੁਤ ਇਤਿਹਾਸਕ ਰਹੀ। ਬੇਸ਼ੱਕ ਇਸੇ ਸਮੇਂ ਭਾਰਤੀ ਟਰੇਡ ਯੂਨੀਅਨ ਲਹਿਰ ਨੂੰ ਡਾਵਾਂਡੋਲ ਕਰਨ ਲਈ ਵਿਸ਼ਵ ਟਰੇਡ ਯੂਨੀਅਨ ਕਾਂਗਰਸ ਦਾ ਇਕ ਪ੍ਰਤੀਨਿਧ ਮੰਡਲ ਵੀ ਆਇਆ ਪਰ ਉਹਨੂੰ ਵੀ ਸਫ਼ਲਤਾ ਨਹੀਂ ਮਿਲੀ। ਇਸ ਉਤੇ ਖਫ਼ਾ ਹੋਇਆ ਵਾਇਸਰਾਏ ਲਾਰਡ ਇਰਵਨ ਇਹ ਕਹਿ ਉਠਿਆ ਕਿ, "ਭਾਰਤ ਵਿਚ ਕਮਿਊਨਿਸਟ ਵਿਚਾਰਧਾਰਾ ਦੇ ਖੁੱਲ੍ਹੇ ਪ੍ਰਚਾਰ ਨਾਲ ਚਿੰਤਾਜਨਕ ਸਥਿਤੀ ਪੈਦਾ ਹੋ ਗਈ ਹੈ।" ਇਸ ਸਾਲ 1928 'ਚ ਮਜ਼ਦੂਰਾਂ ਦੀਆਂ ਹੜਤਾਲਾਂ ਨਾਲ 3 ਕਰੋੜ 15 ਲੱਖ ਕੰਮ ਦੇ ਦਿਨ ਪ੍ਰਭਾਵਿਤ ਹੋਏ। ਬੰਬਈ ਮਜ਼ਦੂਰਾਂ ਦਾ ਮੁੱਖ ਕੇਂਦਰ ਬਣਿਆ। ਇਹੋ ਕਾਰਨ ਹੈ ਕਿ 1929 ਵਿਚ ਮੇਰਠ ਸਾਜ਼ਿਸ਼ ਕੇਸ ਵਿਚ ਜਿਹੜੇ 31 ਆਗੂਆਂ ਉਤੇ ਰਾਜ ਧ੍ਰੋਹ ਦਾ ਕੇਸ ਦਰਜ ਹੋਇਆ ਉਸ ਵਿਚ ਜ਼ਿਆਦਾ ਮਜ਼ਦੂਰ ਆਗੂ ਹੀ ਸਨ।

ਪਰ ਭਾਰਤੀ ਮਜ਼ਦੂਰ ਲਹਿਰ ਇਸ ਇਤਿਹਾਸਕ (ਮੇਰਠ ਸਾਜ਼ਿਸ਼ ਕੇਸ) ਰਾਜ ਧ੍ਰੋਹ ਦੇ ਕੇਸ ਤੋਂ ਭੈ ਭੀਤ ਨਹੀਂ ਹੋਈ। ਉਨ੍ਹਾਂ ਸ਼ੋਲਾਪੁਰ (ਉਦੋਂ ਬੰਬਈ ਪ੍ਰੈਜ਼ੀਡੈਂਸੀ ਹੇਠ) ਦੇ ਕੱਪੜਾ ਮਿੱਲ ਕੇਂਦਰ ਵਿਚ ਇਕ ਨਵਾਂ ਇਤਿਹਾਸ ਰਚਿਆ। 1930 ਦੇ ਨਾ ਮਿਲਵਰਤਨ ਅੰਦੋਲਨ ਦੇ ਸਮੇਂ ਅਤੇ ਉਦੋਂ ਜਦੋਂ ਭਗਤ ਸਿੰਘ ਹੋਰਾਂ ਦਾ ਕੇਸ ਲਾਹੌਰ ਸਾਜ਼ਿਸ ਕੇਸ (ਬਰਤਾਨਵੀ) ਬਾਦਸ਼ਾਹੀ ਵਿਰੁੱਧ ਬਗਾਵਤ ਦਾ ਕੇਸ ਚਲ ਰਿਹਾ ਸੀ। ਸ਼ੋਲਾਪਰ ਦੇ ਮਜ਼ਦੂਰਾਂ ਨੇ ਮਜ਼ਦੂਰ ਲਹਿਰ ਨੂੰ ਇਕ ਖਾੜਕੂ ਰੁਖ ਦਿੱਤਾ। 8 ਮਈ ਨੂੰ ਮਜ਼ਦੂਰਾਂ ਦੇ ਜਲੂਸ ਉਤੇ ਪੁਲਿਸ ਨੇ ਗੋਲੀ ਚਲ ਦਿੱਤੀ ਸੀ ਇਸ ਵਿਰੁੱਧ ਮਜ਼ਦੂਰਾਂ ਦੇ ਗੁੱਸੇ ਨੇ ਜਿਸ ਵਿਦਰੋਹ ਦਾ ਰੂਪ ਲਿਆ ਉਸ ਵਿਚ ਫੌਜ ਦੇ ਹੈਡਕੁਆਰਟਰ ਦੀ ਇਕ ਇਮਾਰਤ, ਛੇ ਥਾਣੇ, ਅੰਗਰੇਜ਼ਾਂ ਦੇ ਕਈ ਟਿਕਾਣੇ ਅਤੇ ਸ਼ਰਾਬ ਦੀਆਂ ਦੁਕਾਨਾਂ ਸਾੜ ਕੇ ਸੁਆਹ ਕਰ ਦਿੱਤੀਆਂ। ਅੰਗਰੇਜ਼ ਭਾਰਤ ਭਾਰਤੀ ਅੰਧਕਾਰੀ ਸ਼ਹਿਰ ਛੱਡ ਕੇ ਭੱਜ ਗਏ। ਉਨ੍ਹਾਂ ਰੇਲਵੇ ਸਟੇਸ਼ਨ ਉਤੇ ਸ਼ਰਨ ਲਈ। ਇਨ੍ਹਾਂ ਵਿਦਰੋਹ ਮਜ਼ਦੂਰਾਂ ਨੇ ਸ਼ੋਲਾਪੁਰ ਸ਼ਹਿਰ 'ਚ ਰਾਸ਼ਟਰੀ ਝੰਡਾ ਝੁਲਾ ਦਿੱਤਾ। ਸ਼ੋਲਾਪੁਰ ਦੇ ਸਾਰੇ ਸਰਕਾਰੀ ਅਧਿਕਾਰੀ ਬਰਖਾਸ਼ਤ ਕਰ ਦਿੱਤੇ ਗਏ ਅਤੇ ਨਵਾਂ ਇਨਕਲਾਬ ਪ੍ਰਸ਼ਾਸਨ ਸਥਾਪਤ ਕੀਤਾ ਗਿਆ। ਬਰਤਾਨਵੀ ਹਕੂਮਤ ਦੇ ਖਾਤਮੇ ਦੇ ਐਲਾਨ ਵਿਚ ਹਿੰਦੂ-ਮੁਸਲਿਮ ਅਤੇ ਹੋਰਾਂ ਧਰਮਾਂ ਫਿਰਕਿਆਂ ਦੇ ਲੋਕਾਂ ਦੀ ਸਾਂਝੀ ਵਿਰਾਸਤ ਨੇ ਸੰਪਰਦਾਇਕ ਏਕਤਾ ਦਾ ਬੇਮਿਸਾਲ ਸਬੂਤ ਦਿੱਤਾ ਜਦੋਂਕਿ ਇਸ ਵਿਦਰੋਹ ਸਮੇਂ ਮਰਨ ਵਾਲੇ ਤਿੰਨ ਸਿਪਾਹੀ ਮੁਸਲਮਾਨ ਵੀ ਸਨ। ਦੂਸਰੇ ਪਾਸੇ ਇਨ੍ਹਾਂ ਦਿਨਾਂ 'ਚ ਆਏ ਬਕਰੀਦ ਦੇ ਤਿਉਹਾਰ ਨੂੰ ਦੋਹਾਂ ਫਿਰਕਿਆਂ ਨੇ ਸਾਂਝੇ ਤੌਰ 'ਤੇ ਮਨਾਇਆ ਸੀ ਪਰ 16 ਮਈ ਨੂੰ ਸ਼ੋਲਾਪੁਰ ਕਮਿਊਨ ਨੂੰ ਭਾਰਤੀ ਫੌਜ ਨੇ ਬੜੀ ਬੇਰਹਿਮੀ ਨਾਲ ਕੁਚਲਿਆ ਅਤੇ ਅਖ਼ਬਾਰਾਂ ਨੂੰ ਇਹ ਖ਼ਬਰ ਨਾ ਦੇਣ ਅਤੇ ਮੂੰਹ ਅਤੇ ਕਲਮਬੰਦ ਰੱਖਣ ਦੇ ਆਦੇਸ਼ ਦਿੱਤੇ।


1935 ਤੋਂ ਲੈ ਕੇ ਸਤੰਬਰ 1939 ਜਿਸ ਦਿਨ ਦੂਸਰੀ ਸੰਸਾਰ ਜੰਗ ਸ਼ੁਰੂ ਹੁੰਦੀ ਹੈ ਦਰਮਿਆਨ ਮਜ਼ਦੂਰ ਲਹਿਰ ਦੀ ਭੂਮਿਕਾ ਮੁਕਤੀ ਸੰਗਰਾਮ ਦੀ ਸਹਿਯੋਗੀ ਰਹੀ। 2 ਅਕਤੂਬਰ 1939 ਨੂੰ ਸਾਮਰਾਜੀ ਦੂਸਰੀ ਸੰਸਾਰ ਜੰਗ ਵਿਰੁੱਧ ਇਕ ਦੇਸ਼ ਵਿਆਪੀ ਹੜਤਾਲ ਦਾ ਸੱਦਾ ਦਿੱਤਾ ਗਿਆ ਜਿਸ 'ਚ ਬੰਬਈ ਦੇ ਹੀ 90 ਹਜ਼ਾਰ ਮਜ਼ਦੂਰਾਂ ਨੇ ਹਿੱਸਾ ਲਿਆ। ਯੁੱਧ ਵਿਰੋਧੀ ਇਹ ਪਹਿਲੀ ਹੜਤਾਲ ਸੀ ਅਤੇ ਫਿਰ 1940 ਹੜਤਾਲਾਂ ਅਤੇ ਵਧ ਰਹੀ ਮਹਿੰਗਾਈ ਦੇ ਨਾਲ ਮਹਿੰਗਾਈ ਭੱਤੇ ਅਤੇ ਹੋਰ ਮੰਗਾਂ ਨੂੰ ਲੈ ਕੇ ਸੰਘਰਸ਼ਾਂ ਦੇ ਸਾਲ ਵਜੋਂ ਗਿਣਿਆ ਜਾਂਦਾ ਹੈ। ਜਦੋਂ ਕਾਨਪੁਰ, ਕਲਕੱਤਾ ਆਸਾਮ, ਧਨਬਾਦ, ਡਰੀਆ, ਜਮਸ਼ੇਦਪਰ, ਅੰਮ੍ਰਿਤਸਰ, ਬੰਬਈ ਆਦਿ ਤੋਂ ਇਲਾਵਾ ਬਿਹਾਰ, ਬੰਗਾਲ ਦੇ ਜੂਟ ਮਜ਼ਦੂਰ ਹੜਤਾਲਾਂ 'ਚ ਕੁੱਦ ਪਏ ਸਨ।


1942-45 ਦੂਸਰੀ ਸੰਸਾਰ ਜੰਗ ਦਾ ਦੌਰ ਮਜ਼ਦੂਰ ਜਮਾਤ ਦੀ ਅਗਨੀਨਿਊਟ ਦਾ ਦੌਰ ਸੀ ਇਤਿਹਾਸ ਵਿਚ ਕਈ ਮੌਕੇ ਅਜਿਹੇ ਆਉਂਦੇ ਹਨ ਜਦੋਂ ਜੇ ਵਿਗਿਆਨੀ ਦ੍ਰਿਸ਼ਟੀ ਨਾਲ ਯਥਾਰਥਕ ਫੈਸਲਾ ਨਾ ਲਿਆ ਜਾਵੇ ਤਾਂ ਇਤਿਹਾਸ ਦੇ ਸੰਘਰਸ਼ ਜਾਂ ਇਤਿਹਾਸ ਦਾ ਪਹੀਆ ਕਿਸੇ ਔਟਲੇ ਪਾਸੇ ਤੁਰ ਪੈਂਦਾ ਹੈ। ਸ਼ਾਇਦ 1942 'ਚ ਕੁਲ ਭਾਰਤੀ ਟਰੇਡ ਯੂਨੀਅਨ ਕਾਂਗਰਸ ਦਾ ਇਹ ਫੈਸਲਾ ਕਿ, "ਰਾਸ਼ਟਰੀ ਸੁਰੱਖਿਆ ਦੇ ਹਿੱਤ ਵਿਚ ਯੁੱਧ ਦੀ ਦੂਸਰੀ ਸੰਗਰਾਜੀ ਦੀ ਹਮਾਇਤ ਕੀਤੀ ਜਾਣੀ ਚਾਹੀਦੀ ਹੈ।" ਇਕ ਅਜਿਹਾ ਹੀ ਕਦਮ ਸੀ। ਉਸ ਸਮੇਂ ਜਦੋਂ ਰਾਸ਼ਟ ਬਰਤਾਨਵੀ ਹਾਕਮਾਂ (ਸਾਮਰਾਜੀਆਂ) ਦੀ ਗ੍ਰਿਫ਼ਤ 'ਚ ਸੀ ਅਤੇ ਰਾਸ਼ਟਰ ਦੀ ਸੁਰੱਖਿਆ ਨਾਲੋਂ ਭਾਰਤੀ ਲੋਕਾਂ ਦੀ ਸੁਰੱਖਿਆ ਦਾ ਸਵਾਲ ਪਹਿਲੇ ਨੰਬਰ ਉਤੇ ਸੀ। ਯੁੱਧ ਸਾਮਰਾਜੀ ਪੂੰਜੀ ਦੀ ਸੰਸਾਰ ਉਤੇ ਚੌਧਰ ਸਥਾਪਤ ਕਰਨ ਲਈ ਸੀ ਮਜ਼ਦੂਰ ਜਮਾਤ ਨੂੰ ਇਸ ਪੂੰਜੀ ਤੋਂ ਮੁਕਤੀ ਮਿਲਣ ਦੀ ਥਾਂ ਚਿਰ ਸਥਾਈ ਗੁਲਾਮੀ ਮਿਲਣੀ ਸੀ। ਇਸ ਗਲਤੀ ਨੇ ਲਾਲ ਲੋਹੇ ਉਤੇ ਸਿਰ ਸੱਟ ਮਾਰਨ ਦੇ ਮੌਕੇ ਨੂੰ ਖੁੰਡਾ ਦਿੱਤਾ।

1946 ਦਾ ਸਾਲ ਫਿਰ ਲੋਕ ਸੰਘਰਸ਼ ਦਾ ਸਾਲ ਸੀ ਜਿਥੇ ਕਿਸਾਨ ਅੰਦੋਲਨਾਂ- ਤਿਭਾਗਾ, ਪੁਨੰਪ੍ਰਾਵਾਗਲਾਰ ਅਤੇ ਤੇਲੰਗਾਨਾ ਦੇ ਕਿਸਾਨ ਸੰਘਰਸ਼ ਵਿਦਰੋਹ ਦਾ ਰੂਪ ਲੈ ਚੁੱਕੇ ਸਨ ਅਤੇ ਲੋਕਾਂ ਦਾ ਗੁੱਸਾ-ਅੰਗਰੇਜ਼ ਅਫ਼ਸਰਾਂ, ਜਗੀਰਦਾਰਾਂ ਅਤੇ ਥਾਣਿਆਂ ਦੇ ਵਿਰੁੱਧ ਪ੍ਰਗਟ ਹੋ ਰਿਹਾ ਸੀ। ਉਥੇ ਭਾਰਤੀ ਨੇਵੀ ਦੇ ਸਿਪਾਹੀ ਨੇ ਬਗਾਵਤ ਕਰ ਦਿੱਤੀ ਸੀ ਅਤੇ ਬੰਬਈ ਦੇ ਮਜ਼ਦੂਰ ਜੁਝਾਰੂਪਨ ਦੀ ਆਵਾਜ਼ ਲੈ ਕੇ ਨੇਵੀ ਦੇ ਸਿਪਾਹੀਆਂ ਦੀ ਬਗਾਵਤ ਦੀ ਹਮਾਇਤ ਵਿਚ ਆ ਗਏ ਸਨ। ਇਕ ਅੰਦਾਜ਼ੇ ਮੁਤਾਬਕ ਇਸ ਹੜਤਾਲ 'ਚ ਦੋ ਲੱਖ ਮਜ਼ਦੂਰ ਸ਼ਾਮਲ ਹੋਏ ਸਨ। ਇਸ ਵਿਦਰੋਹ ਨੂੰ ਕੁਚਲਣ ਲਈ ਜਿਹੜਾ ਜ਼ੁਲਮ ਤਸ਼ੱਦਦ ਹੋਇਆ ਉਹ ਬੇਹੱਦ ਭਿਆਨਕ ਸੀ। ਸ਼ਾਂਤੀਪੂਰਨ ਰੋਸ ਪ੍ਰਗਟ ਕਰਦੇ ਮਜ਼ਦੂਰਾਂ ਉਤੇ 21 ਤੋਂ 23 ਫਰਵਰੀ ਦੇ ਦਰਮਿਆਨ ਅੰਗਰੇਜ਼ ਫੌਜ ਨੇ ਗੋਲੀਆਂ ਮਾਰ ਕੇ ਲਗਭਗ 250 ਲੋਕਾਂ ਨੂੰ ਸ਼ਹੀਦ ਕਰ ਦਿੱਤਾ ਸੀ। 1946 'ਚ ਵੱਖ-ਵੱਖ ਹੜਤਾਲਾਂ ਵਿਚ 13 ਲੱਖ 62 ਹਜ਼ਾਰ ਮਜ਼ਦੂਰਾਂ ਨੇ ਹਿੱਸਾ ਲਿਆ ਜਿਸ ਨਾਲ 1,27,00,000 ਕੰਮ ਦਿਨ ਨਸ਼ਟ ਹੋਏ। ਭਾਰਤ ਵਿਚ 1946 'ਚ ਕਾਰਖਾਨਿਆਂ ਸਨਅਤਾਂ ਵਿਚ ਜਿਹੜੀ ਸੰਘਰਸ਼ਮਈ ਲਹਿਰ ਸੀ ਇਹਦੀ ਆਪਣੀ ਇਕ ਇਤਿਹਾਸਕ ਪਹਿਚਾਨ ਹੈ ਤੇ ਸੀ ਨਾ ਪਹਿਲਾਂ ਸੀ ਨਾ ਪਿਛੋਂ ਹੀ ਰਹੀ। ਕਹੋ ਕਿ ਨਾ ਸਿਰਫ਼ ਕੌਮੀ ਮੁਕਤੀ ਇਨਕਲਾਬ ਲਈ ਸਗੋਂ ਮਜ਼ਦੂਰ ਇਨਕਲਾਬ ਲਈ ਇਹ ਜ਼ਮਾਂ ਤਿਆਰ ਸੀ ਪਰ 'ਸ਼ਾਹ ਮੁਹੰਮਦਾ ਇਕ ਸੁਚੱਜੀ ਅਗਵਾਈ ਬਾਝੋਂ' ਮਜ਼ਦੂਰ ਜਿੱਤ ਅੰਤ ਨੂੰ ਹਾਰ ਗਏ ਜੀ।" ਇਤਿਹਾਸ ਇਸ ਦਾ ਕਦੋਂ ਮੁਲੰਕਣ ਕਰੇਗਾ, ਇਹ ਸਵਾਲ ਅਲੱਗ ਹੈ ਪਰ ਜਦੋਂ ਅਸੀਂ ਅੱਜ ਮਜ਼ਦੂਰ ਜਮਾਤ ਦਿਨ ਉਤੇ ਮਜ਼ਦੂਰ ਮੁਕਤੀ ਦਾ ਪ੍ਰਣ ਲੈਣ ਜਾ ਰਹੇ ਹਾਂ ਤਾਂ ਇਨ੍ਹਾਂ ਇਤਿਹਾਸਕ ਵਿਰਾਸਤੀ ਪਲਾਂ ਨੂੰ ਜਿਥੇ ਮਜ਼ਦੂਰ ਜਮਾਤ ਇਕ ਸੁਚੱਜੀ ਅਗਵਾਈ ਅਤੇ ਫੈਸਲੇ ਲੈਣ ਸਮੇਂ ਔਜੜ ਗਈ ਦੀ ਨਿਸ਼ਾਨਦੇਹੀ ਕਰਨੀ ਲਾਜ਼ਮੀ ਹੈ।

ਇਹ ਨਹੀਂ ਕਿ 1947 ਤੋਂ ਪਿਛੋਂ ਮਜ਼ਦੂਰ ਲਹਿਰ ਦੀ ਭੂਮਿਕਾ ਕੋਈ ਨਿਗੂਣੀ ਰਹੀ ਹੈ ਜਦੋਂ ਪੂੰਜੀਪਤੀ ਆਪਣੀ ਆਜ਼ਾਦੀ ਦਾ 'ਜਸ਼ਨ' ਮਨਾ ਰਹੇ ਸਨ। ਮਜ਼ਦੂਰ ਲਹਿਰ 'ਚ ਖਿੰਡਾਅ ਦਾ ਦੌਰ ਸ਼ੁਰੂ ਹੋਇਆ ਇਕ ਰਾਜਸੀ ਸ਼ਕਤੀ ਵਜੋਂ ਪਹਿਚਾਨੀ ਜਾਂਦੀ ਮਜ਼ਦੂਰ ਲਹਿਰ ਟਰੇਡ ਯੂਨੀਅਨ ਲਹਿਰ ਵਿਚ ਸਿਮਟ ਗਈ ਜਿੰਨੀਆਂ ਪਾਰਟੀਆਂ ਬਣੀਆਂ ਉਨੀਆਂ ਟਰੇਡ ਯੂਨੀਅਨਾਂ ਬਣ ਗਈਆਂ। ਇਕ ਪਾਸੇ ਪੂੰਜੀਪਤੀਆਂ ਸਨਅਤਕਾਰਾਂ ਵਿਰੁੱਧ ਮਜ਼ਦੂਰਾਂ ਦੀਆਂ ਆਰਥਿਕ ਲੜਾਈਆਂ ਵਿਚ ਦਲਾਲ ਪੈਦਾ ਹੋ ਗਏ, ਮਜ਼ਦੂਰਾਂ ਵਿਚ ਅਲੱਗ-ਅਲੱਗ ਢੀਂਗਾਂ ਨਾਲ ਫੁੱਟ ਦੇ ਬੀਜਣ ਵਾਲੇ ਖੁੰਭਾਂ ਵਾਂਗੂੰ ਉਗ ਆਏ ਅਤੇ ਅਜੇ ਤੱਕ ਇਹ ਸਿਲਸਿਲਾ ਜਾਰੀ ਹੈ ਉਧਰ ਹਕੂਮਤ ਨੇ ਬਰਤਾਨਵੀ ਹਕੂਮਤ ਪਾਸੋਂ ਹੱਥ ਲਏ ਜ਼ਬਰ ਤਸ਼ੱਦਦ ਦੇ ਝੰਡੇ ਨੂੰ ਖੂਬ ਵਰਤਿਆ। 1960 ਰੇਲ ਮਜ਼ਦੂਰਾਂ ਦੀ ਇਤਿਹਾਸਕ ਹੜਤਾਲ ਸਮੇਂ ਹੋਇਆ। 1974 ਦੀ ਰੇਲ ਮਜ਼ਦੂਰਾਂ ਦੀ ਹੜਤਾਲ ਇਕ ਪ੍ਰਚੰਡ ਮੀਲ ਪੱਥਰ ਸੀ ਤੇ ਹੈ। ਜਿਹਨੂੰ ਦੇਸ਼ ਭਰ ਦੇ ਮਜ਼ਦੂਰਾਂ ਨੇ ਹਮਾਇਤ ਦਿੱਤੀ। 1981 'ਚ ਬਹੁਤ ਸਾਰੇ ਮਤਭੇਦਾਂ ਅਤੇ ਰਾਜਸੀ ਸਿਆਸੀ ਖਾਮੀਆਂ ਦੇ ਬਾਵਜੂਦ 8 ਕੇਂਦਰੀ ਟਰੇਡ ਯੂਨੀਅਨਾਂ ਅਤੇ 40 ਸਨਅਤੀ ਫੈਡਰੇਸ਼ਨਾਂ ਵਲੋਂ ਜਿਸ 'ਚ ਹੋਰ ਅਣਗਿਣਤ ਹੋਰ ਯੂਨੀਅਨਾਂ ਵੀ ਸ਼ਾਮਲ ਹੋ ਗਈਆਂ ਸਨ ਦੇਸ਼ ਵਿਆਹ 11 ਸੂਤਰੀ ਮੰਗ ਪੱਤਰ ਨੂੰ ਲੈ ਕੇ ਜਿਹੜੀ ਆਵਾਜ਼ ਉਠਾਈ ਉਹਨੂੰ 23 ਨਵੰਬਰ 1981 ਨੂੰ 10 ਲੱਖ ਮਜ਼ਦੂਰਾਂ ਅਤੇ ਕਰਮਚਾਰੀਆਂ ਨੇ ਸੰਸਦ ਭਵਨ ਸਾਹਮਣੇ ਪ੍ਰਦਰਸ਼ਨ ਕਰਕੇ ਉਚਾ ਚੁੱਕਿਆ ਅਤੇ ਫਿਰ 19 ਜਨਵਰੀ 1982 ਨੂੰ ਬਦਨਾਮ ਕਾਨੂੰਨ, ਕੌਮੀ ਸੁਰੱਖਿਆ ਐਕਟ ਅਤੇ ਐਸਮਾ ਵਰਗੇ ਕਾਲੇ ਕਾਨੂੰਨਾਂ ਨੂੰ ਲੈ ਕੇ ਭਾਰਤ ਬੰਦ ਕੀਤਾ ਜਿਸ ਵਿਚ ਲੱਖਾਂ ਮਜ਼ਦੂਰਾਂ ਨੇ ਹਿੱਸਾ ਲਿਆ। ਮਜ਼ਦੂਰਾਂ ਦੀਆਂ ਇਤਿਹਾਸਕ ਹੜਤਾਲਾਂ ਦੇ ਬਾਵਜੂਦ ਅਤੇ ਬਾਵਜੂਦ ਇਸ ਦੇ ਕਿ ਦੇਸ਼ ਭਰ ਦੇ ਮਜ਼ਦੂਰਾਂ ਨੇ 90ਵਿਆਂ ਤੋਂ ਪਿਛੋਂ ਸਾਮਰਾਜੀ ਪੂੰਜੀ ਦੇ ਨਵੇਂ ਹਮਲਿਆਂ ਦੇ ਵਿਰੁੱਧ ਜਬਰਦਸਤ ਜਥੇਬੰਦਕ ਰੋਸ ਪ੍ਰਦਰਸ਼ਨ ਦੇ ਮਜ਼ਦੂਰ ਜਮਾਤ ਦੀ ਲਹਿਰ ਆਪਣੀ ਜਮਾਤੀ ਤੇ ਰਾਜਸੀ ਪਹਿਚਾਨ ਨਹੀਂ ਬਣਾ ਸਕੀ। ਇਹ ਸਵਾਲ ਮਜ਼ਦੂਰ ਜਮਾਤ ਦੀ ਮਈ ਦਿਨ ਪੂੰਜੀ ਅਤੇ ਕਿਰਤ ਦਰਮਿਆਨ ਤਿੱਖੇ ਵਰਗ ਸੰਘਰਸ਼ ਅਤੇ


# ਸੰਤਾਂ, ਬਾਬਿਆਂ, ਜੋਤਸ਼ੀਆਂ ਅਤੇ ਤਾਂਤਰਿਕਾਂ ਨੂੰ ਚੁਣੌਤੀ





ਤਰਕਸ਼ੀਲ ਸੁਸਾਇਟੀ ਪੰਜਾਬ ਰਜਿ. ਐਲਾਨ ਕਰਦੀ ਹੈ ਕਿ ਪੰਜ ਲੱਖ ਰੁਪਏ ਦਾ ਇਨਾਮ ਦੁਨੀਆ ਦੇ ਕਿਸੇ ਅਜਿਹੇ ਵਿਅਕਤੀ ਨੂੰ ਦੇਣ ਲਈ ਤਿਆਰ ਹੈ, ਜਿਹੜਾ ਧੋਖਾ-ਰਹਿਤ ਹਾਲਤਾਂ ਵਿੱਚ, ਕੋਈ ਚਮਤਕਾਰੀ ਜਾਂ ਅਲੌਕਿਕ ਸ਼ਕਤੀ ਦਾ ਵਿਖਾਵਾ ਕਰ ਸਕਦਾ ਹੋਵੇ। ਇਹ ਪੇਸ਼ਕਸ਼ ਸੁਸਾਇਟੀ ਨੂੰ ਪਹਿਲਾ ਇਨਾਮ ਜੇਤੂ ਮਿਲਣ ਤੱਕ ਖੁੱਲ੍ਹੀ ਹੋਵੇਗੀ। ਦੇਵ-ਪੁਰਸ਼, ਯੋਗੀ ਗੁਰੂ ਸਵਾਮੀ ਅਤੇ ਹੋਰ ਦੂਸਰੇ ਹੇਠ ਲਿਖੇ ਵਿੱਚੋਂ ਕਿਸੇ ਇੱਕ ਦਾ ਵਿਖਾਵਾ ਕਰਕੇ ਜਿੱਤ ਸਕਦੇ ਹਨ:

1. ਜਿਹੜਾ ਸੀਲਬੰਦ ਕਰੰਸੀ ਨੋਟ ਦੀ ਲੜੀ ਨੰਬਰ ਪੜ੍ਹ ਸਕਦਾ ਹੋਵੇ 2. ਜਿਹੜਾ ਕਿਸੇ ਕਰੰਸੀ ਨੋਟ ਦੀ ਠੀਕ ਨਕਲ ਪੈਦਾ ਕਰ ਸਕਦਾ ਹੋਵੇ, 3. ਜਿਹੜਾ ਬਲਦੀ ਹੋਈ ਅੱਗ 'ਤੇ ਅੱਧੇ ਮਿੰਟ ਲਈ ਬਿਨਾਂ ਜਲੇ ਨੰਗੇ ਪੈਰੀਂ ਖੜ੍ਹ ਸਕਦਾ ਹੋਵੇ, 4. ਅਜਿਹੀ ਵਸਤੂ ਜੋ ਅਸੀਂ ਮੰਗੀਏ, ਹਵਾ ਵਿੱਚੋਂ ਪੇਸ਼ ਕਰ ਸਕਦਾ ਹੋਵੇ, 5. ਮਨੋਵਿਗਿਆਨਕ ਸ਼ਕਤੀ ਨਾਲ ਕਿਸੇ ਵਸਤੂ ਨੂੰ ਹਿਲਾ ਦੇਵੇ ਜਾਂ ਮੋੜ ਦੇਵੇ। 6. ਟੈਲੀਪੈਥੀ ਰਾਹੀਂ ਕਿਸੇ ਦੂਸਰੇ ਵਿਅਕਤੀ ਦੇ ਵਿਚਾਰ ਪੜ੍ਹ ਕੇ ਦੱਸ ਸਕਦਾ ਹੋਵੇ, 7. ਪ੍ਰਮਾਤਮਾ ਜਾਂ ਦੇਵੀ-ਸ਼ਕਤੀ ਦੁਆਰਾ, ਗੰਗਾ ਜਲ ਨਾਲ ਜਾਂ ਪਵਿੱਤਰ ਰਾਖ ਨਾਲ ਆਪਣੇ ਸਰੀਰ ਦੇ ਅੰਗ ਨੂੰ ਇੱਕ ਇੰਚ ਵਧਾ ਸਕੇ, 8. ਜਿਹੜਾ ਯੋਗਿਕ ਸ਼ਕਤੀ ਨਾਲ ਹਵਾ ਵਿੱਚ ਉੱਡ ਸਕੇ, 9. ਯੋਗਿਕ ਸ਼ਕਤੀ ਨਾਲ ਪੰਜ ਮਿੰਟ ਲਈ ਆਪਣੀ ਨਬਜ਼ ਰੋਕ ਸਕੇ, 10. ਪਾਣੀ ਉੱਤੇ ਪੈਦਲ ਤੁਰ ਸਕੇ, 11 ਆਪਣਾ ਸਰੀਰ ਇੱਕ ਥਾਂ ਛੱਡ ਕੇ ਦੂਸਰੀ ਥਾਂ ਜਾ ਹਾਜ਼ਰ ਹੋਵੇ, 12. ਯੋਗਿਕ ਸ਼ਕਤੀ ਨਾਲ 30 ਮਿੰਟ ਲਈ ਸਾਹ ਕ੍ਰਿਆ ਰੋਕ ਸਕੇ, 13. ਕ੍ਰਾਂਤੀ ਜਾਂ ਇਲਾਹੀ ਸ਼ਕਤੀ ਰਾਹੀਂ ਗਿਆਨ ਹਾਸਲ ਕਰ ਸਕੇ ਅਤੇ ਰਚਨਾਤਮਕ ਬੁੱਧੀ ਦਾ ਵਿਕਾਸ ਕਰੇ, 14. ਪੁਨਰ-ਜਨਮ ਦੇ ਤੌਰ 'ਤੇ ਕੋਈ ਅਨੋਖੀ ਭਾਸ਼ਾ ਬੋਲ ਸਕੇ, 15. ਅਜਿਹੀ ਆਤਮਾ ਜਾਂ ਪ੍ਰੇਤ ਨੂੰ ਹਾਜ਼ਰ ਕਰੇ ਜਿਸਦੀ ਫੋਟੋ ਖਿੱਚੀ ਜਾ ਸਕਦੀ ਹੋਵੇ, 16. ਫੋਟੋ ਖਿੱਚ ਲੈਣ ਪਿੱਛੋਂ ਆਤਮਾ ਜਾਂ ਪ੍ਰੇਤ ਫੋਟੋ ਤੋਂ ਅਲੋਪ ਹੋ ਸਕੇ, 17. ਜਿੰਦਰਾ ਲੱਗੇ ਕਮਰੇ ਵਿੱਚੋਂ ਅਲੌਕਿਕ ਸ਼ਕਤੀ ਨਾਲ ਬਾਹਰ ਨਿਕਲ ਸਕੇ, 18. ਕਿਸੇ ਵਸਤੂ ਦਾ ਭਾਰ ਵਧਾ ਸਕੇ, 19 ਛੁਪੀ ਜਾਂ ਛੁਪਾਈ ਹੋਈ ਵਸਤੂ ਲੱਭ ਸਕੇ, 20 ਪਾਣੀ ਨੂੰ ਸ਼ਰਾਬ ਜਾਂ ਪੈਟਰੋਲ ਵਿੱਚ ਬਦਲ ਸਕੇ, 21 ਸ਼ਰਾਬ ਨੂੰ ਖੂਨ ਜਾਂ ਪੈਟਰੋਲ ਵਿੱਚ ਬਦਲ ਸਕੇ, 22. ਘਰਾਂ ਵਿੱਚ ਇੱਟਾਂ-ਰੋੜੇ ਅਤੇ ਖੂਨ ਦੇ ਛਿੱਟੇ ਆਦਿ ਡਿੱਗਣ ਜਾਂ ਕੱਪੜਿਆਂ ਨੂੰ ਅੱਗ ਲੱਗਣ ਪਿੱਛੇ ਕਿਸੇ ਗੈਬੀ ਸ਼ਕਤੀ ਦਾ ਹੱਥ ਸਿੱਧ ਕਰੇ, 23. ਕੋਈ ਜੋਤਸ਼ੀ ਦਾ ਹੱਥ-ਚਿੰਨ੍ਹਾਂ ਦਾ ਦਸ ਜਨਮ-ਪੱਤਰੀਆਂ ਨੂੰ ਵੇਖ ਕੇ ਆਦਮੀਆਂ ਅਤੇ ਔਰਤਾਂ ਦੀ ਵੱਖ-ਵੱਖ ਗਿਣਤੀ, ਮਰਿਆਂ ਅਤੇ ਜਿਊਂਦਿਆਂ ਦੀ ਗਿਣਤੀ ਦੱਸ ਸਕਣ ਜਾਂ ਜਨਮ ਦਾ ਠੀਕ ਸਮਾਂ ਤੇ ਸਥਾਨ ਸਮੇਤ ਅਖਬਾਰਾਂ ਤੇ ਰੇਖਾਵਾਂ ਦੇ ਦੱਸ ਸਕਣ। ਇਸ ਵਿੱਚ 5 ਪ੍ਰਤੀਸ਼ਤ ਗਲਤੀ ਮੁਆਫ ਹੋਵੇਗੀ।

## ਇਹ ਚੁਣੌਤੀ ਹੇਠ ਲਿਖੀਆਂ ਸ਼ਰਤਾਂ ਨਾਲ ਲਾਗੂ ਹੋਵੇਗੀ

1. ਜਿਹੜਾ ਆਦਮੀ ਸਾਡੀ ਇਸ ਚੁਣੌਤੀ ਨੂੰ ਕਬੂਲ ਕਰਦਾ ਹੈ, ਭਾਵੇਂ ਉਹ ਇਨਾਮ ਜਿੱਤਣਾ ਚਾਹੁੰਦਾ ਹੈ ਜਾਂ ਨਹੀਂ, ਉਸਨੂੰ ਸਾਡੇ ਕੋਲ ਜਾਂ ਸਾਡੇ ਵੱਲੋਂ ਨਾਮਜ਼ਦ ਕੀਤੇ ਹੋਏ ਆਦਮੀ ਕੋਲ ਪੰਜ ਹਜ਼ਾਰ ਰੁਪਏ ਬਤੌਰ ਜ਼ਮਾਨਤ ਜਮ੍ਹਾਂ ਕਰਵਾਉਣੇ ਪੈਣਗੇ। ਇਹ ਰਕਮ ਜਿੱਤਣ ਦੀ ਹਾਲਤ ਵਿੱਚ ਵਾਪਸ ਕਰ ਦਿੱਤੀ ਜਾਵੇਗੀ; 2. ਕਿਸੇ ਆਦਮੀ ਦੀ ਚੁਣੌਤੀ ਉਸੇ ਹਾਲਾਤ ਵਿੱਚ ਹੀ ਸਵੀਕਾਰ ਕੀਤੀ ਜਾਵੇਗੀ ਜਦੋਂ ਉਹ ਜ਼ਮਾਨਤ ਦੇ ਪੈਸੇ ਜਮ੍ਹਾਂ ਕਰਵਾ ਦੇਵੇਗਾ। ਜੇ ਉਹ ਅਜਿਹਾ ਕਰਨ ਵਿੱਚ ਸਫਲ ਨਹੀਂ ਹੁੰਦਾ, ਉਸ ਨਾਲ ਕਿਸੇ ਕਿਸਮ ਦਾ ਪੱਤਰ ਵਿਹਾਰ ਨਹੀਂ ਕੀਤਾ ਜਾਵੇਗਾ; 3. ਜ਼ਮਾਨਤ ਜਮ੍ਹਾਂ ਕਰਵਾਉਣ ਤੋਂ ਬਾਅਦ ਕਿਸੇ ਵਿਅਕਤੀ ਦੇ ਚਮਤਕਾਰ ਨੂੰ ਪਹਿਲਾਂ ਸਾਡੇ ਵੱਲੋਂ ਨਾਮਜ਼ਦ ਕੀਤਾ ਹੋਇਆ ਵਿਅਕਤੀ ਲੋਕਾਂ ਦੀ ਹਾਜ਼ਰੀ ਵਿੱਚ ਕਿਸੇ ਨਿਸ਼ਚਤ ਦਿਨ ਤੇ ਪਰਖੇਗਾ; 4. ਜੇਕਰ ਚੁਣੌਤੀ ਦੇਣਵਾਲਾ ਆਦਮੀ ਪਰਖ ਦਾ ਸਾਹਮਣਾ ਨਹੀਂ ਕਰ ਸਕਦਾ ਜਾਂ ਮੁੱਢਲੀ ਪਰਖ ਵਿੱਚ ਹੀ ਅਸਫਲ ਹੋ ਜਾਂਦਾ ਹੈ ਤਾਂ ਉਸਦੀ ਜ਼ਮਾਨਤ ਜ਼ਬਤ ਹੋ ਜਾਵੇਗੀ; 5. ਜੇਕਰ ਆਦਮੀ ਮੁੱਢਲੀ ਪਰਖ ਵਿੱਚ ਜਿੱਤ ਜਾਂਦਾ ਹੈ ਤਾਂ ਆਖਰੀ ਪਰਖ ਸੂਬਾ ਕਮੇਟੀ ਦੁਆਰਾ ਲੋਕਾਂ ਦੀ ਹਾਜ਼ਰੀ ਵਿੱਚ ਕੀਤੀ ਜਾਵੇਗੀ, 6. ਜੇਕਰ ਕੋਈ ਆਦਮੀ ਆਖਰੀ ਪਰਖ ਵਿੱਚ ਵੀ ਜਿੱਤ ਜਾਂਦਾ ਹੈ ਤਾਂ ਉਸਨੂੰ ਪੰਜ ਲੱਖ ਰੁਪਏ ਦਾ ਇਨਾਮ, ਸਮੇਤ ਜ਼ਮਾਨਤ ਦੇ ਦਿੱਤਾ ਜਾਵੇਗਾ, 7. ਸਾਰੀਆਂ ਪਰਖਾਂ, ਧੋਖਾ ਨਾ ਹੋਣ ਵਾਲੀਆਂ ਹਾਲਤਾਂ ਵਿੱਚ ਸਾਡੇ ਵੱਲੋਂ ਨਾਮਜ਼ਦ ਜਾਂ ਸਾਡੀ ਸੂਬਾ ਕਮੇਟੀ ਵੱਲੋਂ ਪੂਰਨ ਤਸੱਲੀ ਤੱਕ ਕੀਤੀਆਂ ਜਾਣਗੀਆਂ।

ਮਾਸਟਰ ਭਜਨ ਸਿੰਘ : 403-455-4220, ਪ੍ਰੋ: ਗੋਪਾਲ ਕਾਉਂਕੇ : 403-970-3588

ਫੈਸਲਾਕੁੰਨ ਲੜਾਈ ਦਾ ਪ੍ਰਤੀਕ ਬਣ ਕੇ ਉਭਰਿਆ ਹੈ। ਕੁਝ ਰਿਆਇਤਾਂ ਜਾਂ ਆਰਥਿਕ ਪ੍ਰਾਪਤੀਆਂ ਤੱਕ ਸੀਮਤ ਨਹੀਂ। ਇਹ ਠੀਕ ਕਿ ਸੋਵੀਅਤ ਰੂਸ ਦੇ ਢਹਿ-ਢੇਰੀ ਹੋ ਜਾਣ ਅਤੇ ਚੀਨ 'ਚ ਸਮਾਜਵਾਦੀ ਪ੍ਰਬੰਧ ਦੀ ਪੂੰਜੀ 'ਚ ਕਾਇਆ ਕਲਪ ਹੋ ਜਾਣ ਤੋਂ ਪਿਛੋਂ ਸਾਮਰਾਜੀ ਪੂੰਜੀ ਦੇ ਸਿਧਾਂਤਕਾਰਾਂ ਨੇ ਜਾਂ ਅਰਥ ਵਿਗਿਆਨੀਆਂ ਨੇ ਹੋ ਹੱਲਾ ਮਚਾਇਆ ਕਿ ਕੀ ਸਮਾਜਵਾਦ ਫੇਲ੍ਹ ਹੋ ਗਿਆ ਹੈ ਅਤੇ ਮਜ਼ਦੂਰ ਜਮਾਤ ਕਿਸੇ ਵੀ ਮੁਤਬਾਦਲ ਸਮਾਜਿਕ ਰਾਜਸੀ ਪ੍ਰਬੰਧ ਸਿਰਜਨ ਦੇ ਸਮਰੱਥ ਨਹੀਂ। ਇਕੋ ਇਕ ਪ੍ਰਬੰਧ ਸਰਮਾਏਦਾਰਾ ਪ੍ਰਬੰਧ ਹੀ ਬਿਹਤਰ ਪ੍ਰਬੰਧ ਹੈ ਪਰ ਇਸ ਕੂੜ ਦੇ ਗੁਬਾਰੇ ਦੀ ਫੂਕ ਉਦੋਂ ਨਿਕਲ ਗਈ ਜਦੋਂ 2007-08 ਵਿਚ ਖੁਦ ਅਮਰੀਕਾ ਇਕ ਮਹਾਂਮੰਦੀ ਦੀ ਗ੍ਰਿਫ਼ਤ 'ਚ ਆ ਗਿਆ। ਨਾ ਸਿਰਫ਼ ਅਮਰੀਕਾ ਸਗੋਂ ਇਹਨੇ ਇੰਗਲੈਂਡ ਸਮੇਤ ਪੂਰੇ ਯੂਰਪ ਜਾਂ ਕਹੋ ਵਿਸ਼ਵ ਪੂੰਜੀਵਾਦੀ ਪ੍ਰਬੰਧ ਨੂੰ ਵੀ ਆਪਣੀ ਗ੍ਰਿਫ਼ਤ 'ਚ ਲੈ ਲਿਆ। ਅਮਰੀਕਾ ਕੋਲ ਇਸ ਸੰਕਟ ਦਾ ਸਾਰਾ ਬੋਝ ਦੁਨੀਆ ਦੇ ਬਾਕੀ ਦੇਸ਼ਾਂ ਜਾਂ ਕਹੋ ਦੁਨੀਆ ਭਰ ਦੇ ਮਜ਼ਦੂਰਾਂ ਉਤੇ ਲੱਦਣ ਤੋਂ ਸਿਵਾ ਹੋਰ ਕੋਈ ਰਾਹ ਨਹੀਂ ਸੀ। ਸੋ ਉਹਨੇ ਕੀਤਾ ਅਤੇ ਕਰ ਰਿਹਾ ਹੈ। ਬੇਕਿਰਕ ਤਾਨਾਸ਼ਾਹ ਰਵੱਈਏ ਨਾਲ ਉਹ ਦੂਸਰੇ ਦੇਸ਼ਾਂ ਦੀਆਂ ਮੰਡੀਆਂ ਅਰਥ ਵਿਵਸਥਾਵਾਂ ਅਤੇ ਜਮਹੂਰੀ ਪ੍ਰਬੰਧਾਂ 'ਚ ਸਿੱਧਾ ਦਖ਼ਲ ਦੇ ਕੇ ਅਜਿਹੀਆਂ ਨੀਤੀਆਂ ਲਾਗੂ ਕਰਵਾਉਣ ਲਈ ਉਥੋਂ ਦੀਆਂ ਸਰਕਾਰਾਂ ਨੂੰ ਮਜ਼ਬੂਰ ਕਰਦਾ ਹੈ। ਜਿਸ ਨਾਲ ਮੰਡੀ 'ਚ ਵਿਦੇਸ਼ੀ ਵਿਸ਼ੇਸ਼ ਕਰਕੇ ਅਮਰੀਕੀ ਕਾਰਪੋਰੇਟੀ ਪੂੰਜੀ ਦਾ ਦਬਾ ਦਬਾਅ ਬਣਿਆ ਰਹੇ ਅਤੇ ਮੋਟੇ ਮੁਨਾਫ਼ੇ ਅਰਜਿਤ ਹੁੰਦੇ ਰਹਿਣ। ਇਸੇ ਤਹਿਤ ਦੁਨੀਆ ਭਰ 'ਚ ਸਮੇਤ ਭਾਰਤ ਦੇ ਮਜ਼ਦੂਰਾਂ ਦੀਆਂ ਤਨਖਾਹਾਂ 'ਚ ਜਾਂ ਉਜਰਤਾਂ ਵਿਚ ਵੱਡੀਆਂ ਕਟੌਤੀਆਂ ਸਥਾਈ ਮਜ਼ਦੂਰਾਂ ਦੀ ਥਾਂ ਠੇਕੇ ਉਤੇ ਸਸਤੀ ਮਜ਼ਦੂਰੀ ਨੂੰ ਪਹਿਲ ਦੇਣੀ, ਤਨਖਾਹਾਂ ਨੂੰ ਰੋਕਣਾਂ, ਪੈਨਸ਼ਨਾਂ ਅਤੇ ਹੋਰ ਫੰਡਾਂ 'ਚ ਕਟੌਤੀ, ਸਿਹਤ ਅਤੇ ਹੋਰ ਸਹੂਲਤਾਂ ਖਤਮ ਕਰਨਾ, ਮਜ਼ਦੂਰਾਂ ਦੀਆਂ ਥੋਕ 'ਚ ਛਾਂਟੀਆਂ ਕਰਨ ਤੋਂ ਇਲਾਵਾ ਵਿਦਿਆ ਤੇ ਸਿਹਤ ਵਰਗੇ ਖੇਤਰਾਂ ਨੂੰ ਰਾਜ ਕੋਲੋਂ ਖੋਹ ਕੇ ਮੁਨਾਫ਼ੇ ਦੀ ਮੰਡੀ ਦੇ ਹਵਾਲੇ ਕਰ ਦਿੱਤਾ ਹੈ। ਸਿੱਟੇ ਵਜੋਂ ਵੱਡੀ ਆਬਾਦੀ ਵਿਦਿਆ ਅਤੇ ਸਿਹਤ ਦੀਆਂ ਸਹੂਲਤਾਂ ਤੋਂ ਹੀ ਵਾਂਝੀ ਹੋ ਰਹੀ ਹੈ ਅਤੇ ਗਈ ਹੈ। ਇਥੇ ਹੀ ਬੱਸ ਨਹੀਂ ਪਿਛਲੇਰੇ 15-20 ਸਾਲਾਂ ਤੋਂ ਟੈਕਸਾਂ 'ਚ ਵਾਧਾ, ਦੂਸਰੇ ਪਾਸੇ ਪੂੰਜੀਪਤੀ ਘਰਾਣਿਆਂ ਨੂੰ ਟੈਕਸਾਂ 'ਚ ਰਿਆਇਤਾਂ ਤੋਂ ਇਲਾਵਾ ਅਜਿਹੇ ਕਾਨੂੰਨ ਲਿਆਂਦੇ ਜਾ ਰਹੇ ਹਨ ਜਿਹੜੇ ਪੂੰਜੀਪਤੀ ਘਰਾਣਿਆਂ ਦੇ ਵਧੇਰੇ ਮੁਨਾਫ਼ੇ ਅਰਜਿਤ ਕਰਨ ਲਈ ਰਾਹ ਖੋਲ੍ਹਦੇ ਹਨ ਅਤੇ ਦੂਸਰੇ ਪਾਸੇ ਮਜ਼ਦੂਰਾਂ ਹਿੱਤੂ ਕਿਰਤ ਕਾਨੂੰਨਾਂ ਨੂੰ ਛਾਂਗਿਆ ਜਾ ਰਿਹਾ ਹੈ ਅਤੇ ਉਨ੍ਹਾਂ ਦੇ ਸਦੀਆਂ ਤੋਂ ਹਾਸਲ ਕੀਤੇ ਬੁਨਿਆਦੀ ਹੱਕਾਂ-ਹੜਤਾਲ ਕਰਨ ਵਿਚਾਰ ਪ੍ਰਗਟ ਕਰਨ ਜਾਂ ਕੰਮ ਦੇ ਅਧਿਕਾਰ ਅਤੇ ਹੋਰ ਸੰਘਰਸ਼ਾਂ ਲਈ ਜਥੇਬੰਦ ਹੋਣ ਦਾ ਅਧਿਕਾਰ ਆਦਿ ਨੂੰ ਵੀ ਖੋਹਿਆ ਜਾ ਰਿਹਾ ਹੈ। ਅਮਰੀਕੀ ਸਾਮਰਾਜਵਾਦ ਕੁਦਰਤੀ ਮਾਲ ਦੇ ਸੋਮਿਆਂ ਉਤੇ ਸਿੱਧਾ ਦਖ਼ਲ ਬਣਾਉਣ ਲਈ ਯੁੱਧ ਵਿਚ ਕੁੱਦਣ ਤੋਂ ਗੁਰੇਜ਼ ਨਹੀਂ ਕਰਦਾ ਕਦੇ ਪਰਮਾਣੂੰ ਹਥਿਆਰਾਂ ਨੂੰ ਕੰਟਰੋਲ ਕਰਨ ਕਦੇ ਅੱਤਵਾਦ ਕੰਟਰੋਲ ਕਰਨ ਦੇ ਨਾਂ ਹੇਠ (ਜਿਵੇਂ ਇਰਾਕ ਤੇ ਅਫ਼ਗਾਨਿਸਤਾਨ) ਸਿੱਧੀ ਦਖ਼ਲ-ਅੰਦਾਜ਼ੀ ਕਰਦਾ ਹੈ ਅਤੇ ਕਦੇ ਦੁਨੀਆ ਦੇ ਦਰਜਨ ਤੋਂ ਉਪਰ ਦੇਸ਼ਾਂ ਵਿਚ ਆਪਣੀਆਂ ਪਿੱਠੂ ਸਰਕਾਰਾਂ ਦੇ ਗਠਨ ਲਈ, ਡਰ, ਦਾਬੇ, ਕੱਪਟ, ਧੋਖੇ, ਅਤੇ ਹਰ ਜ਼ਾਹਲਸਾਜ਼ੀ ਨੀਤੀ ਨੂੰ ਵਰਤਦਾ ਰਿਹਾ ਹੈ। ਸਥਾਨਕ ਲੋਕਾਂ ਵਿਸ਼ੇਸ਼ ਕਰਕੇ ਕਿਰਤੀ ਲੋਕਾਂ ਦੇ ਸੰਘਰਸ਼ਾਂ ਨੂੰ ਕੁਚਲਨ ਲਈ ਹਰ ਹਰਬਾ ਵਰਤਦਾ ਆ ਰਿਹਾ ਹੈ। ਇਹੋ ਕਾਰਨ ਕਿ ਦੁਨੀਆ ਭਰ 'ਚ ਇਕਜੁਟ ਨਾ ਹੋਣ ਦੇ ਬਾਵਜੂਦ ਦੁਨੀਆ ਭਰ ਦੀ ਮਜ਼ਦੂਰ ਜਮਾਤ ਅਤੇ ਆਮ ਲੋਕਾਂ ਵਲੋਂ ਇਸ ਦਾ ਜਬਰਦਸਤ ਵਿਰੋਧ ਹੋ ਰਿਹਾ ਹੈ।

ਭਾਰਤੀ ਹਾਕਮ ਜਮਾਤਾਂ ਜਿਹੜੀਆਂ ਸਾਮਰਾਜੀ ਪੂੰਜੀ ਨਾਲ ਗੂੜੀ ਯਾਰੀ ਰੱਖਦੀਆਂ ਹਨ, ਸਾਮਰਾਜੀ ਆਰਥਿਕ ਨੀਤੀਆਂ ਨੂੰ ਲਾਗੂ ਕਰਨ ਲਈ ਸਦਾ ਤਤਪਰ ਰਹੀਆਂ ਹਨ ਅਤੇ ਹਨ। ਪਹਿਲਾਂ ਵਿਸ਼ੇਸ਼ ਆਰਥਿਕ ਜ਼ੋਨ ਅਤੇ ਫਿਰ ਕੁਦਰਤੀ ਮਾਲ ਖਜ਼ਾਨੇ ਵਿਸ਼ੇਸ਼ ਕਰਕੇ ਦੁਦਰਤੀ ਸੋਮੇ (ਲੋਹਾ, ਖਣਿਜ, ਤਾਬਾ ਅਤੇ ਹੋਰ ਧਾਤਾਂ ਨਾਲ ਅਮੀਰ ਧਰਤੀ) ਜਿਹੜੇ ਝਾਰਖੰਡ, ਛਤੀਸ਼ਗੜ੍ਹ ਉੜੀਸਾ ਤੇ ਬਿਹਾਰ ਵਿਚ ਹਨ ਨੂੰ ਲੁੱਟਣ ਅਤੇ ਹੂੰਝਣ ਦੀ ਖੁੱਲ੍ਹੀ ਛੁੱਟੀ ਹੀ ਨਹੀਂ ਦੇ ਦਿੱਤੀ ਸਗੋਂ ਉਸ ਲਈ ਢੁਕਵਾਂ ਮਾਹੌਲ ਬਣਾ ਕੇ ਦੇਣ ਲਈ ਹਰ ਵਿਰੋਧ ਨੂੰ ਤਾਕਤ ਅਤੇ ਬੰਦੂਕ ਨਾਲ ਕੁਚਲਨ ਲਈ ਆਮਦਾ ਰਹਿੰਦੇ ਹਨ। ਦੂਸਰੇ ਪਾਸੇ ਕਿਰਤ ਦੀ ਲੁੱਟ ਤੇਜ਼ ਕਰਨ ਲਈ ਹਰ ਖੇਤਰ ਵਿਚ ਸਥਾਈ ਮਜ਼ਦੂਰੀ ਅਤੇ ਕਰਮਚਾਰੀ ਮੁਲਾਜ਼ਮ ਭਰਤੀ ਕਰਨ ਦਾ ਭੋਗ ਹੀ ਪਾ ਦਿੱਤਾ ਅਤੇ ਸਾਰਾ ਕੁਝ ਮੁੱਠੀ ਭਰ ਠੇਕੇਦਾਰਾਂ ਦੇ ਰਹਿਮੋ ਕਰਮ ਉਤੇ ਛੱਡ ਦਿੱਤਾ ਹੈ। ਹਰ ਖੇਤਰ ਨੂੰ ਇਥੋਂ ਤੱਕ ਬੈਂਕਾਂ, ਬੀਮਾ, ਡਾਕਘਰਾਂ ਨੂੰ ਵੀ ਨਿੱਜੀ ਪੂੰਜੀ ਦੇ ਹਵਾਲੇ ਕਰਨ ਦੀਆਂ ਕੋਸ਼ਿਸ਼ਾਂ ਵਿੱਢ ਦਿੱਤੀਆਂ ਹਨ ਅਤੇ ਕਾਮਿਆਂ ਦੀ ਜਥੇਬੰਦਕ ਤਾਕਤ ਨੂੰ ਵਰਗਾਂ 'ਚ ਵੰਡ ਕੇ ਖਿੰਡਾਉਣ ਦਾ ਸਿਲਸਿਲਾ ਪਿਛਲੇਰੇ 10-15 ਸਾਲਾਂ ਤੋਂ ਹੀ ਚਾਲੂ ਹੈ। ਇਥੇ ਹੀ ਬੱਸ ਨਹੀਂ ਨਵੀਂ ਸਰਕਾਰ ਜਿਹੜੀ ਮੋਦੀ ਦੀ ਅਗਵਾਈ 'ਚ ਆਈ ਹੈ, ਨੇ ਮਜ਼ਦੂਰਾਂ ਪ੍ਰਤੀ ਬਹੁਤ ਕਰੂਖਤ ਅਤੇ ਤਾਨਾਸ਼ਾਹ ਰਵੱਈਆ ਅਪਨਾਇਆ ਹੈ। ਮਜ਼ਦੂਰਾਂ ਦੀਆਂ ਜਥੇਬੰਦਕ ਤਾਕਤਾਂ ਨੂੰ ਖਿੰਡਾਉਣ ਲਈ ਧਰਮ, ਜਾਤ ਕੋਰਾ ਕਾਨੂੰਨ ਅਤੇ ਤਾਕਤ ਦਾ ਹਰ ਹਰਬਾ ਵਰਤਿਆ ਜਾ ਰਿਹਾ ਹੈ ਅਤੇ ਅਜਿਹੇ ਕਾਨੂੰਨ ਲਿਆਂਦੇ ਜਾ ਰਹੇ ਹਨ ਅਤੇ ਕਈ ਰਾਜਾਂ 'ਚ ਲਾਗੂ ਵੀ ਕਰ ਦਿੱਤੇ ਗਏ ਹਨ ਜਿਹੜੇ ਇਕ ਪੂੰਜੀਵਾਦੀ ਤਾਨਾਸ਼ਾਹ ਅਤੇ ਫਾਸ਼ਿਸਟ ਰਾਜ ਵਲ ਵਧਣ ਲਈ ਰਾਹ ਖੋਹਲਦੇ ਹਨ। ਮਿਸਾਲ ਲਈ ਰਾਜਸਥਾਨ ਦੀ ਭਾਜਪਾ ਸਰਕਾਰ ਵਲੋਂ ਮਜ਼ਦੂਰ (ਲੇਬਰ) ਕਾਨੂੰਨਾਂ ਵਿਚ ਸੋਧਾਂ ਜਿਹਨੂੰ ਦੇਸ਼ ਵਿਆਪੀ ਪੈਮਾਨੇ ਉਤੇ ਲਾਗੂ ਕਰਨ ਦੀ ਯੋਜਨਾ ਹੈ। ਜਿਸ 'ਚ ਯੂਨੀਅਨ ਬਣਾਉਣ ਅਤੇ ਹੜਤਾਲ ਕਰਨ ਦੇ ਮੌਲਿਕ ਅਧਿਕਾਰਾਂ ਨੂੰ ਹੀ ਛਾਂਗਿਆ ਅਤੇ ਖੋਹ ਲਿਆ ਗਿਆ ਹੈ ਅਤੇ ਕੰਮ ਦੇ 8 ਘੰਟੇ ਦੀ ਥਾਂ 12 ਘੰਟੇ ਕਰਨ ਦੀ ਤਜਵੀਜ਼ ਸੁਝਾਈ ਹੈ। ਭਾਵ ਪੂੰਜੀਪਤੀਆਂ ਦੇ ਮੁਨਾਫ਼ੇ, ਲੁੱਟ ਅਤੇ ਰਹਿਮੋ ਕਰਮ ਉਤੇ ਕਿਰਤੀ ਲੋਕਾਂ ਨੂੰ ਛੱਡ ਦਿੱਤਾ ਇਵੇਂ ਹੀ ਗੁਜਰਾਤ ਵਿਚ ਰਾਜਧ੍ਰੋਹ ਦਾ ਨਵਾਂ ਕਾਨੂੰਨ, ਪੰਜਾਬ ਵਿਚ ਸਰਕਾਰੀ ਤੇ ਨਿੱਜੀ ਸੁਰੱਖਿਆ ਕਾਨੂੰਨ 2014 ਜੋ ਹਾਲ ਦੀ ਘੜੀ ਰਾਸ਼ਟਰਪਤੀ ਨੇ ਸੋਧਣ ਦੀ ਸਿਫਾਰਸ਼ ਕੀਤੀ ਹੈ, ਇਸ ਤੋਂ ਪਹਿਲਾਂ ਵੀ ਗੈਰ ਕਾਨੂੰਨੀ ਸਰਗਰਮੀਆਂ ਰੋਕਣ ਵਾਲਾ ਕਾਨੂੰਨ, ਕੌਮੀ ਜਾਂਚ ਏਜੰਸੀ ਅਤੇ ਅੱਤਵਾਦੀ ਰੋਕੂ ਰਾਸ਼ਟਰੀ ਕੇਂਦਰ ਬਣਾਉਣ ਦੀਆਂ ਤਜਵੀਜ਼ਾਂ, ਆਰਮਡ ਫੋਰਸ ਸਪੈਸ਼ਲ ਪਾਵਰ ਐਕਟ ਆਦਿ ਮਹਾਰਾਸ਼ਟਰ ਅਤੇ ਬੰਗਾਲ ਸਰਕਾਰਾਂ ਵਲੋਂ ਵੀ ਅਜਿਹੇ ਕਈ ਕਾਨੂੰਨ ਜੋ ਕਿਰਤੀ ਵਰਗ ਦੇ ਸੰਘਰਸ਼ਾਂ ਨੂੰ ਕੁਚਲਣ ਲਈ ਲੋੜੀਂਦੇ ਹਨ ਲਿਆਂਦੇ ਜਾ ਰਹੇ ਹਨ। ਕਿਸਾਨਾਂ ਦੀ ਜ਼ਮੀਨ ਜਬਰੀ ਹਾਸਲ ਕਰਕੇ ਪੂੰਜੀ ਅਤੇ ਵਿਦੇਸ਼ੀ ਦੇਸੀ ਕਾਰਪੋਰੇਟ ਘਰਾਣਿਆਂ ਨੂੰ ਦੇਣ ਲਈ ਜ਼ਮੀਨ ਪ੍ਰਾਪਤੀ ਆਰਡੀਨੈਂਸ 2014 ਜੋ ਲਿਆਂਦਾ ਗਿਆ ਹੈ, ਉਹਨੂੰ ਪੂੰਜੀ ਦੇ ਤਾਨਾਸ਼ਾਹ ਚਰਿੱਤਰ ਨੂੰ ਹੋਰ ਬੇਪੜਦ ਕਰ ਦਿੱਤਾ ਹੈ।

ਦੇਸ਼ ਦੀ ਵੱਡੀ ਆਬਾਦੀ ਕੰਗਾਲੀ ਦੀ ਹਾਲਤ ਵਿਚ ਜਿਉਂ ਰਹੀ ਹੈ। ਦੁਨੀਆ ਦੀ ਮਹਾਂਸ਼ਕਤੀ ਬਣਨ ਵਾਲੇ ਭਾਰਤ ਵਿਚ 19 ਕਰੋੜ ਲੋਕਾਂ ਨੂੰ ਮਹਿਜ ਇਕ ਡੰਗ ਰੋਟੀ ਨਸੀਬ ਹੁੰਦੀ ਹੈ। ਵੈਸੇ ਦੇਸ਼ ਵਿਚ 32 ਕਰੋੜ ਲੋਕ ਕੰਗਾਲੀ ਦੀ ਹਾਲਤ ਵਿਚ ਹਨ। ਦੇਸ਼ ਦਾ ਹਰ ਚੌਥਾ ਬੰਦਾ ਕੁਪੋਸ਼ਨ ਦਾ ਸ਼ਿਕਾਰ ਹੈ। ਇਕ ਪਾਸੇ ਦੇਸ਼ ਦੀ ਆਬਾਦੀ ਦਾ 75.6 ਫੀਸਦੀ 20 ਰੁਪਏ ਤੋਂ ਘੱਟ ਆਮਦਨ ਉਤੇ ਗੁਜ਼ਾਰਾ ਕਰਦਾ ਹੈ ਦੂਸਰੇ ਪਾਸੇ ਕਾਰਪੋਰੇਟਾਂ ਦੇ ਮੁਖੀ ਲਗਭਗ 10 ਲੱਖ ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ ਤਨਖਾਹ ਲੈ ਰਹੇ ਹਨ। ਮਿਸਾਲ ਲਈ 2011-12 'ਚ ਨਵੀਨ ਜਿੰਦਲ ਨੇ ਸਾਲ 'ਚ 74.43 ਕਰੋੜ ਤਨਖਾਹ ਲਈ; ਕਾਲਾਨਿਧੀ ਕੰਪਨੀ ਦੇ ਮਾਲਕ ਨੇ 57.1 ਕਰੋੜ ਅਤੇ ਜਾਵੇਲੀ ਕਲਾਨਿਧੀ ਕੰਪਨੀ ਦੇ ਮੁਖੀ ਨੇ 57.1 ਕਰੋੜ ਸਾਲਾਨਾ ਤਨਖਾਹ ਲਈ ਹੀਰੋ ਮੋਟਰ ਦੇ ਮੰਜਾਲ ਬੇਥਾਹ ਤਨਖਾਹ ਹਾਸਲ ਕੀਤੀ। ਇਹ ਪਾੜਾ ਹੈ ਜਿਹੜਾ ਦੇਸ਼ ਦੀ ਆਬਾਦੀ ਵਿਚ ਇਹੋ ਉਹ ਗੈਰ ਬਰਾਬਰੀ ਹੈ ਜਿਹੜੀ ਕਿਰਤ ਅਤੇ ਪੂੰਜੀ ਦੀ ਵਿਰੋਧਤਾਈ ਨੂੰ ਤਿੱਖਿਆਂ ਕਰ ਰਹੀ ਹੈ ਇਹੋ ਕਾਰਨ ਹੈ ਕਿ ਨਵੀਂ ਤਕਨੀਕ ਦੀ ਵਰਤੋਂ ਨਾਲ ਜਿਥੇ ਮਜ਼ਦੂਰਾਂ ਦੀ ਗਿਣਤੀ ਘਟ ਕੇ ਪੂੰਜੀਪਤੀਆਂ ਨੇ ਆਪਣਾ ਮੁਨਾਫ਼ਾ ਵਧਾਇਆ ਉਥੇ ਠੇਕੇਦਾਰੀ ਅਤੇ ਕੰਮ ਦੇ ਘੰਟੇ ਵਧਾ ਕੇ ਮਜ਼ਦੂਰ ਦੀ ਦੋਹਰੀ ਲੁੱਟ ਕੀਤੀ ਅਤੇ ਬੇਮੂੰਹਾਂ ਧਨ ਅਰਜਿਤ ਕੀਤਾ ਅਤੇ ਕਰ ਰਹੇ ਹਨ। ਦੇਸ਼ ਦੇ ਹਰ ਰਾਜ ਹਰ ਸ਼ਹਿਰ ਹਰ ਖੇਤਰ ਵਿਚ ਇਹਦੀ ਤਸਵੀਰ ਭਿਆਨਕ ਹੈ। ਦੋ ਘਟਨਾਵਾਂ ਜੋ ਮਜ਼ਦੂਰਾਂ ਨਾਲ ਸਬੰਧਤ ਹਨ ਦਾ ਜ਼ਿਕਰ ਇਸ ਕਰਕੇ ਜ਼ਰੂਰੀ ਹੈ ਕਿ ਆਉਣ ਵਾਲੇ ਮਜ਼ਦੂਰ ਸੰਘਰਸ਼ ਲਈ ਕਿਹੋ ਜਿਹੇ ਕਠਿਨ ਸਮੇਂ 'ਚੋਂ ਗੁਜ਼ਰਨਾ ਪਵੇਗਾ। ਪਹਿਲੀ ਹੈ ਦਿੱਲੀ ਨੇੜੇ ਗੁੜਗਾਵਾਂ 'ਚ ਜਾਪਾਨੀ ਕੰਪਨੀ ਹੋਂਡਾ ਵਿਚ ਮਜ਼ਦੂਰਾਂ ਦੀ ਜਥੇਬੰਦੀ ਨੂੰ ਅਤੇ ਹੜਤਾਲ ਨੂੰ ਜਿਸ ਬੇਰਹਿਮੀ ਨਾਲ ਤੋੜਿਆ ਗਿਆ ਅਤੇ ਇਕ ਮਜ਼ਦੂਰ ਦੀ ਹੱਤਿਆ ਕਰ ਦਿੱਤੀ ਗਈ ਸੀ। ਉਵੇਂ ਹੀ ਮਾਰੂਤੀ ਸ਼ਾਜ਼ੂਕੀ ਦੇ ਮਜ਼ਦੂਰਾਂ ਦੀ ਯੂਨੀਅਨ ਨੂੰ ਕੁਚਲਨ ਲਈ ਵੀ ਅਜਿਹਾ ਹੀ ਕੱਪਟੀ ਢੰਗ ਵਰਤਿਆ ਗਿਆ। ਮਜ਼ਦੂਰਾਂ ਦੀ ਹੜਤਾਲ ਦਰਮਿਆਨ ਜਾਤੀ ਸੂਚਕ ਗਾਲਾਂ ਅਤੇ ਫਿਰ ਭਾੜੇ ਦੇ ਗੁੰਡਿਆਂ ਨਾਂਲ ਹਮਲਾ ਅਤੇ ਹਿੰਸਕ ਝੜਪਾਂ ਜਿਸ ਦਰਮਿਆਨ ਇਕ ਇਕ ਅਧਿਕਾਰੀ ਦੀ ਮੌਤ ਹੋ ਗਈ ਅਤੇ ਫਿਰ ਮਜ਼ਦੂਰਾਂ ਨੂੰ ਕੁਚਲਣ ਲਈ ਜਿਥੇ ਮਨਘੜਤ ਕਤਲ ਕੇਸ ਵਿਚ ਲਗਭਗ 100 ਤੋਂ ਵੱਧ ਮਜ਼ਦੂਰਾਂ ਨੂੰ ਲੰਮਾ ਸਮਾਂ ਜੇਲ੍ਹ 'ਚ ਡੱਕ ਦਿੱਤਾ ਗਿਆ ਇਸ ਕੰਮ ਵਿਚ ਪੁਲਿਸ ਪ੍ਰਸਾਸਨ ਤੋਂ ਇਲਾਵਾ ਗੁੜਗਾਵਾਂ ਦੇ ਖੇਤਰ ਦੀਆਂ ਖਾਪ ਪੰਚਾਇਤਾਂ ਅਤੇ ਖੇਤੀ ਪੂੰਜੀਪਤੀ ਲਠਮਾਰਾਂ ਦੀ ਵਰਤੋਂ ਵੀ ਕੀਤੀ ਗਈ। ਇਸੇ ਤਰ੍ਹਾਂ ਦੀ ਘਟਨਾ ਕੋਇੰਬਟੂਰ ਵਿਚ ਵੀ 2007 ਵਿਚ ਵਾਪਰੀ ਸੀ ਜਿਥੇ ਇਕ ਅਧਿਕਾਰੀ ਦੇ ਕਤਲ ਕੇਸ ਵਿਚ 100 ਮਜ਼ਦੂਰਾਂ ਨੂੰ ਗ੍ਰਿਫ਼ਤਾਰ ਕਰਕੇ ਕੇਸ ਮੜ੍ਹ ਦਿੱਤਾ ਸੀ। ਔਰਤਾਂ ਸਮੇਤ 100 ਤੋਂ ਵੱਧ ਮਜ਼ਦੂਰ ਕਤਲ ਕੇਸ ਦਾ ਸਾਹਮਣਾ ਕਰਨ ਲਈ ਅੱਜ ਵੀ ਚਟਾਨ ਵਾਂਗੂੰ ਖੜ੍ਹੇ ਹਨ। ਮਾਰੂਤੀ ਸਾਜ਼ੂਕੀ ਕੰਪਨੀ ਦੇ ਮਜ਼ਦੂਰਾਂ ਨਾਲ ਕੋਰਟ ਜਿਹਨੂੰ ਨਿਆਂ ਦਾ ਮੰਦਿਰ ਕਿਹਾ ਜਾਂਦਾ ਹੈ ਇਨਸਾਫ਼ ਨਹੀਂ ਕੀਤਾ। ਦੋ ਸਾਲ ਪਿਛੋਂ ਵੀ ਜ਼ਮਾਨਤ ਦੇਣ ਲਈ ਐਡੀ ਵੱਡੀ ਰਾਸ਼ੀ ਦੀ ਮੰਗ ਕੀਤੀ ਕਿ ਮਜ਼ਦੂਰ ਜਾਂ ਮਜ਼ਦੂਰਾਂ ਦੇ ਜ਼ਮਾਨਤੀਏ ਦੇਣ ਤੋਂ ਅਸਮਰਥ ਹਨ।

ਭਾਰਤ ਸਮੇਤ ਦੁਨੀਆ ਦੇ ਮਜ਼ਦੂਰ ਜਦੋਂ ਹੁਣ ਮਈ ਦਿਵਸ ਮਨਾਉਣ ਜਾ ਰਹੇ ਹਨ ਤਾਂ ਉਨ੍ਹਾਂ ਸਾਹਮਣੇ ਸਮੇਂ ਦੀਆਂ ਚੁਣੌਤੀਆਂ ਖੜ੍ਹੀਆਂ ਹਨ। ਪਹਿਲੀ ਇਹ ਕਿ ਅਛੋਪਣੇ ਜਿਹੇ ਜਿਸ 8 ਘੰਟੇ ਦੀ ਮੰਗ ਨੂੰ ਲੈ ਕੇ ਲੜਾਈ ਲੜੀ ਤੇ ਜਿੱਤੀ ਸੀ ਅੱਜ 130 ਸਾਲ ਪਿਛੋਂ ਫੇਰ 12-14 ਘੰਟੇ ਹੋ ਗਈ ਹੈ। ਹਾਲਾਂਕਿ ਮਸ਼ੀਨਰੀ ਦੇ ਆਧੁਨਿਕੀਕਰਨ ਨਾਲ ਇਹ ਕੰਮ ਘੰਟੇ ਘੱਟ ਹੋਣੇ ਚਾਹੀਦੇ ਸਨ। ਪੂੰਜੀਪਤੀ ਜਮਾਤ ਨਹੀਂ ਚਾਹੁੰਦੀ ਸੀ ਕਿ ਮਜ਼ਦੂਰ ਨੂੰ ਇਨਸਾਨੀ ਸਰੋਕਾਰਾਂ ਨੂੰ ਜਿੰਦਾ ਰੱਖਣ ਲਈ ਕੁਝ ਆਰਾਮ ਮਿਲੇ। ਸੋਚਣ ਸਮਝਣ ਸਮਾਜਿਕ ਸਭਿਆਚਾਰਕ ਬੌਧਿਕ ਸਰੋਕਾਰਾਂ ਨੂੰ ਹਾਸਲ ਕਰਨ ਦਾ ਮੌਕਾ ਮਿਲੇ। ਹਕੂਮਤੀ ਜਮਾਤਾਂ ਨੂੰ ਮਜ਼ਦੂਰਾਂ ਦੇ ਘੰਟੇ ਹੀ ਨਹੀਂ ਵਧਾਏ ਗੈਰ ਜਥੇਬੰਦ ਕਰਨ ਅਤੇ ਵੰਡਣ ਦੀਆਂ ਜਿਹੜੀਆਂ ਨੀਤੀਆਂ ਅਪਨਾਈਆਂ ਹਨ ਵਿਰੁੱਧ ਲੜਾਈ ਨੂੰ ਟਰੇਡ ਯੂਨੀਅਨ ਘੇਰੇ 'ਚੋਂ ਬਾਹਰ ਕੱਢਣਾ ਪਵੇਗਾ। ਇਹ ਸਪਸ਼ਟ ਹੈ ਕਿ ਦੇਸ਼ਾਂ ਦੀ ਸੰਪਤੀ ਜਦੋਂ ਕੁਝ ਹੱਥਾਂ 'ਚ ਕੇਂਦਰਤ ਹੋ ਰਹੀ ਹੈ ਅਤੇ ਦੁਨੀਆਂ ਭਰ ਵਿਚ ਕੰਗਾਲਾਂ ਤੇ ਬੇਰੁਜ਼ਗਾਰਾਂ ਤੇ ਮਾਲਕੀ ਵਿਹੂਣੇ ਲੋਕਾਂ ਦੀ ਗਿਣਤੀ ਵਧ ਰਹੀ ਹੈ ਤਾਂ ਜਮਾਤੀ ਸੰਘਰਸ਼ ਬੜੇ ਤਿੱਖੇ ਹੋਣ ਦੀ ਕਰਾਰ ਉਤੇ ਹਨ। ਬੇਸ਼ੱਕ ਇਨ੍ਹਾਂ ਨੂੰ ਦਿਸ਼ਾ ਨਿਰਦੇਸ਼ ਦੇਣ ਵਾਲੀ ਬੌਧਿਕ ਸ਼ਕਤੀ ਕਮਜ਼ੋਰ ਹੈ ਅਤੇ ਕਈ ਗੁੱਟਾਂ ਵਿਚ ਖਿੰਡੀ ਹੋਈ ਹੈ। ਪਰ ਇਨ੍ਹਾਂ ਔਖੀਆਂ ਤੇ ਪੀੜਾ ਦਾਇਕ ਹਾਲਤਾਂ 'ਚੋਂ ਲੜਨ ਤੋਂ ਸਿਵਾ ਹੋਰ ਰਾਹ ਵੀ ਕਿਹੜਾ ਹੈ? ਗਰੀਬ ਅਤੇ ਕਿਰਤੀ ਵਰਗ ਕੋਲ। ਅਮੀਰ ਪੂੰਜੀਪਤੀ ਇਸੇ ਹੱਕਾਂ ਦੀ ਲੜਾਈ ਨੂੰ ਯੁੱਧ ਦਾ ਜਾਂ ਰਾਜ ਧ੍ਰੋਹ ਦਾ ਨਾਂ ਦਿੰਦੇ ਹਨ। ਉਹ ਇਹੋ ਸਮਝਦੇ ਹਨ ਕਿ ਰੂਸ ਤੇ ਚੀਨ 'ਚ ਢਹਿ-ਢੇਰੀ ਹੋਣ ਪਿਛੋਂ ਅਤੇ ਕਮਿਊਨਿਸਟ ਲਹਿਰ ਦਾ ਇਕ ਵਿਸ਼ਵ ਵਿਆਪੀ ਜਾਂ ਦੇਸ਼ ਵਿਆਪੀ ਸੈਂਟਰ ਦੀ ਅਣਹੋਂਦ ਕਾਰਨ ਮਜ਼ਦੂਰ ਜਮਾਤ ਲੜਦੀ ਭਟਕਦੀ ਹੰਭ ਜਾਵੇਗੀ ਤੇਦਿਸ਼ਾ ਹੀਣ ਹੋ ਜਾਵੇਗੀ ਪਰ ਮਜ਼ਦੂਰ ਜਮਾਤ ਦੇ ਸਿਧਾਂਤ ਦੀ ਬੁਨਿਆਦ ਜਿਸ ਯਥਾਰਥ ਉਤੇ ਟਿਕੀ ਹੈ ਉਹ ਧਰਾਤਲ ਖੁਦ ਪੂੰਜੀਪਤੀ ਜਮਾਤ ਹੀ ਤਾਂ ਪੈਦਾ ਕਰ ਰਹੀ ਅਤੇ ਮਜ਼ਬੂਤ ਕਰ ਰਹੀ ਹੈ। ਗੈਰ ਬਰਾਬਰੀ, ਅਣਛਾਂਵਾਂਪਣ ਹਨ ਇਕ ਫੀਸਦੀ ਕੋਲ 90 ਫੀਸਦੀ ਮਾਲਕੀ ਦੇ ਸਰੋਤ ਅਤੇ ਦੂਸਰੇ ਪਾਸੇ 90 ਫੀਸਦੀ ਸੰਘਰਸ਼ਸ਼ੀਲ ਲੋਕ। ਭਾਰਤ ਸਮੇਤ ਦੁਨੀਆ ਭਰ ਵਿਚ ਇਹ ਜਬਰਦਸਤ ਪਾੜਾ ਮਜ਼ਦੂਰ ਜਮਾਤ ਦੇ ਤਿੱਖੇ ਵਰਗ ਸੰਘਰਸ਼ਾਂ ਦਾ ਆਧਾਰ ਬਣ ਕੇ ਸਾਹਮਣੇ ਆ ਰਿਹਾ ਹੈ। ਖੁਦ ਅਮਰੀਕਾ ਵੀ ਇਸ ਤੋਂ ਬਚਿਆ ਨਹੀਂ ਖੁਦ ਅਮਰੀਕੀ ਪੂੰਜੀਪਤੀ ਵਿਚਾਰਕ ਡੈਵਿਡ ਮਡਲੈਡ ਕਹਿੰਦਾ ਹੈ, "ਅਰਥ ਵਿਵਸਥਾ ਦੇ ਸਬੰਧ ਵਿਚ ਸੋਚਣ ਦੇ ਤਰੀਕੇ ਵਿਚ ਬੁਨਿਆਦੀ ਤਬਦੀਲੀ ਹੋ ਰਹੀ ਹੈ, "ਮੈਂ ਵੇਖ ਰਿਹਾ ਹਾਂ ਕਿ ਭਾਰੀ ਤਬਦੀਲੀ ਵਾਪਰ ਰਹੀ ਹੈ।" ਫਰਾਂਸ ਸਮੇਤ ਪੂੰਜੀਪਤੀ ਦੇਸ਼ ਇਸ ਦੀ ਗ੍ਰਿਫ਼ਤ 'ਚ ਹਨ। ਪੁਰਾਣੇ ਅਖੌਤੀ ਸਮਾਜਵਾਦੀ ਦੇਸ਼ ਰੂਸ ਅਤੇ ਚੀਨ ਵਿਚ ਵੀ ਮਜ਼ਦੂਰ ਸੰਗਠਨ ਆਪਣੇ ਨਵੇਂ ਢੰਗ ਅਤੇ ਨਵੇਂ ਅੰਦਾਜ਼ 'ਚ ਸਾਹਮਣੇ ਆ ਰਹੇ ਹਨ ਕਿਰਤ ਤੇ ਪੂੰਜੀ ਦੀ ਵਿਰੋਧਤਾਈ ਪਹਿਲਾਂ ਨਾਲੋਂ ਤਿੱਖੀ ਹੋ ਰਹੀ ਹੈ। ਆਧੁਨਿਕ ਤਕਨੀਕ ਵੀ ਮਜ਼ਦੂਰਾਂ ਨੂੰ ਸੂਚਨਾਵਾਂ ਮੁਹੱਈਆ ਕਰਾਉਣ ਵਿਚ ਭੂਮਿਕਾ ਨਿਭਾ ਰਹੀ ਹੈ। ਇਹ ਸਾਫ਼ ਹੈ ਕਿ ਅਜੋਕੇਦੌਰ ਵਿਚ ਸਿਰਫ਼ ਮਜ਼ਦੂਰ ਜਮਾਤ ਹੀ ਲੋਕਾਂ ਨੂੰ ਚੰਗੇਰੀ ਜ਼ਿੰਦਗੀਦੇਣ ਦੇ ਸਮਰਥ ਹੈ। ਪੂੰਜੀ ਦਾ ਨਿਜ਼ਾਮ ਨਹੀਂ।

ਮਾਰਕਸ ਨੇਇਕ ਅਜਿਹੇ ਹੀ ਸਮੇਂ ਦੀ ਭਵਿੱਖਬਾਣੀ ਕੀਤੀ ਸੀ ਜਦੋਂ ਕਿਰਤੀ ਲੋਕ ਆਪਣੇ ਸਾਂਝੇ ਵਰਗ ਹਿੱਤਾਂ ਦੇ ਪ੍ਰਤੀ ਜਾਗ੍ਰਿਤ ਹੋਣਗੇ ਅਤੇ ਅਨਿਆਂ ਪੂਰਨ ਪ੍ਰਬੰਧ ਨੂੰ ਉਖਾੜ ਸੁੱਟਣਗੇ ਅਤੇ ਉਹਦੀ ਥਾਂ ਉਤੇ ਇਕ ਨਵੇਂ ਨਿਆਂਸ਼ੀਲ ਪ੍ਰਬੰਧ ਦੀ ਸਿਰਜਨਾ ਕਰਨਗੇ। ਇਹ ਸੰਕੇਤ ਵੀ ਵੇਖੇ ਜਾ ਰਹੇ ਹਨ ਕਿ ਦੁਨੀਆਂ ਭਰ ਵਿਚ ਕਮਿਊਨਿਸਟ ਪਾਰਟੀਆਂ ਕਮਜ਼ੋਰ ਹਾਲਾਤਾਂ ਪ੍ਰਤੀ ਚਿੰਤਤ ਹੋ ਰਹੇ ਹਨ। ਅਜੋਕੇ ਸੰਘਰਸ਼ ਦੇ ਕਈ ਚਿਹਰੇ ਸਾਹਮਣੇ ਆ ਰਹੇ ਹਨ। ਕੁਝ ਇਸੇ ਪੂੰਜੀਵਾਦੀ ਪ੍ਰਬੰਧ 'ਚ ਸੁਧਾਰ ਚਾਹੁੰਦੇ ਹਨ ਕੁਝ ਤਬਦੀਲੀਆਂ ਚਾਹੁੰਦੇ ਹਨ। ਕੁਝ ਬੁਨਿਆਦੀ ਤੌਰ 'ਤੇ ਬਦਲਣਾ ਚਾਹੁੰਦੇ ਹਨ। ਅਜੋਕੇ ਵਰਗ ਸੰਘਰਸ਼ਾਂ ਦੇ ਇਕ ਸਵਰੂਪ ਜਿਸ 'ਚ ਮੌਜੂਦਾ ਆਰਥਿਕ ਸਮਾਜਿਕ ਪ੍ਰਬੰਧਾਂ ਨੂੰ ਉਖਾੜ ਸੁੱਟਣ ਅਤੇ ਇਕ ਨਵੇਂ ਸਮਾਜ ਦੇ ਨਿਰਮਾਣ ਦਾ ਤੱਤ ਬੁਨਿਆਦੀ ਹੋਵੇ ਪ੍ਰਤੀ ਕੇਂਦਰਤ ਹੋਣਾ ਪਵੇਗਾ।


ਅੱਜ ਮਜ਼ਦੂਰ ਜਮਾਤ ਦੇ ਹਰ ਹਿਤੈਸ਼ੀ ਲਈ ਆਪਣੇ ਸਿਧਾਂਤ ਵਿਚਾਰਧਾਰਕ ਵਖਰੇਵਿਆਂ ਪ੍ਰਤੀ ਦੋਸਤਾਨਾ ਸਿਖਾਂਦਰੂ ਪਹੁੰਚ ਅਪਨਾਉਂਦਿਆਂ ਮਜ਼ਦੂਰ ਜਮਾਤ ਦੇ ਵਿਸ਼ਾਲ ਹਿੱਤਾਂ ਨੂੰ ਧਿਆਨ 'ਚ ਰੱਖਦਿਆਂ, ਹਰ ਪੱਧਰ ਉਤੇ ਸਾਡੇ ਸੰਘਰਸ਼ ਲਈ ਜ਼ਮੀਨ ਤਿਆਰ ਕਰਨ ਲਈ ਪਹਿਲਕਦਮੀ ਅਤੇ ਸਰਗਰਮ ਭੂਮਿਕਾ ਤਿਆਰ ਕਰਨੀ ਪਵੇਗੀ। ਅਜੋਕਾ ਸਮਾਂ ਜੇ ਕਿਰਤ ਨਿਚੋੜਨ ਪ੍ਰਤੀ ਬੇਕਿਰਕ ਹੈ ਤਾਂ ਕਿਰਤ ਦੀ ਰਾਖੀ ਅਤੇ ਕਿਰਤ ਦੀ ਸਰਦਾਰੀ ਸਥਾਪਤ ਕਰਨ ਲਈ ਵੀ ਪੂੰਜੀ ਪ੍ਰਤੀ ਬੇਕਿਰਕ ਰਵੱਈਆ ਅਪਨਾਉਣਾ ਪਵੇਗਾ। ਮਈ ਦਿਨ ਦਾ ਇਹੋ ਸੰਦੇਸ਼ ਹੈ ਇਹੋ ਹੋਕਾ ਹੈ। ਮਈ ਦਿਵਸ ਦੇ ਮਾਰਚ, ਪੂੰਜੀ ਤੋਂ ਆਜ਼ਾਦ ਲੜੀ ਆਪਣੇ ਕੰਮ ਦੇ ਅਤੇ ਚੰਗੇਰੀ ਜ਼ਿੰਦਗੀ ਦੇ ਅਧਿਕਾਰਾਂ ਦੀ ਰਾਖੀ ਲਈ ਹਰ ਰੰਗ, ਭੇਦ, ਧਰਮ ਨਸਲ ਤੇ ਜਾਤ ਦੇ ਵਖਰੇਵੇਂ ਤੋਂ ਮੁਕਤ ਹੋਣ ਅਤੇ ਦੁਨੀਆ ਦੇ ਹਰ ਨਾਗਰਿਕ ਲਈ ਆਰਥਿਕ ਸੁਰੱਖਿਆ ਅਤੇ ਬਰਾਬਰ ਵਿਕਾਸ ਦੇ ਮੌਕਿਆਂ ਸਮੇਤ ਪੈਦਾਵਾਰੀ ਸਾਧਨਾਂ ਉਤੇ ਸਾਂਝੀ ਮਾਲਕੀ ਦੇ ਨਾਹਰੇ ਗੂੰਜਾਉਂਦੇ ਨਿਕਲਦੇ ਚਾਹੀਦੇ ਹਨ।



93544-30211

## ਜਨਮ ਦਿਨ ਤੇ ਵਿਸ਼ੇਸ਼

# ਯੁੱਗ ਪੁਰਸ਼ ਕਾਰਲ ਮਾਰਕਸ



ਮਾਸਟਰ ਭਜਨ ਸਿੰਘ



(5 ਮਈ 1818–14 ਮਾਰਚ 1883)

ਕਾਰਲ ਮਾਰਕਸ ਸਿਰੜੀ ਇਨਕਲਾਬੀ, ਮਹਾਨ ਖੋਜੀ ਅਤੇ ਨਿਡਰ ਵਿਦਵਾਨ ਸੀ। ਮਾਰਕਸ ਦਾ ਸਮੁੱਚਾ ਜੀਵਨ ਅਧਿਐਨ, ਲੇਖ, ਬਹਿਸਾਂ, ਆਲੋਚਨਾਵਾਂ, ਖੋਜ ਕਾਰਜ ਕਰਨ, ਜਲਾਵਤਨੀਆਂ ਅਤੇ ਪਰਿਵਾਰਕ ਮੁਸ਼ਕਲਾਂ ਨਾਲ ਜੂਝਦੇ ਹੋਏ ਲੰਘਿਆ। ਕਿਰਤੀ ਲੋਕਾਂ ਦੀ ਮੁਕਤੀ ਲਈ ਜੀਵਨ ਭਰ ਸੰਘਰਸ਼ ਦੇ ਗੁਰ ਲੱਭਣ ਲਈ ਆਪਣੀ ਸਾਰੀ ਤਾਕਤ ਉਨ੍ਹਾਂ ਦੇ ਲੇਖੇ ਲਾ ਦਿੱਤੀ। ਚੜ੍ਹਦੀ ਉਮਰ 'ਚ ਕੋਈ ਵਿਅਕਤੀ ਐਨੀ ਸਮਰੱਥਾ ਰੱਖਣ ਵਾਲਾ ਹੋ ਸਕਦਾ ਹੈ, ਦੁਨੀਆ ਹੈਰਾਨ ਹੋ ਗਈ। ਬੀ. ਬੀ. ਸੀ. ਵਲੋਂ ਥੋੜ੍ਹੀ ਦੇਰ ਪਹਿਲਾਂ ਕਰਵਾਏ ਇਕ ਸਰਵੇਖਣ ਅਨੁਸਾਰ ਕਾਰਲ ਮਾਰਕਸ ਨੂੰ "ਥਿੰਕਰ ਆਫ਼ ਦਾ ਮਿਲੇਨੀਅਮ" (ਇਕ ਹਜ਼ਾਰ ਸਾਲ ਦਾ ਸਭ ਤੋਂ ਵੱਡਾ ਵਿਦਵਾਨ) ਦਾ ਦਿੱਤਾ ਖਿਤਾਬ ਉਸਦੀ ਪ੍ਰਤਿਭਾ ਦਾ ਤਾਜ਼ਾ ਸਬੂਤ ਹੈ।

ਯੁੱਗ ਪੁਰਸ਼ ਕਾਰਲ ਮਾਰਕਸ ਦਾ ਜਨਮ 5 ਮਈ 1818 ਟਰੀਅਰ (ਰ੍ਹਾਈਨ ਕੰਢੇ ਦੇ ਪਰੂਸ਼ੀਆ) ਵਿਖੇ ਹੋਇਆ। ਉਸਦੇ ਪਿਤਾ ਪ੍ਰੋਟੈਸਟੈਂਟ ਈਸਾਈ ਮੱਤ ਦੇ ਧਾਰਨੀ ਇਕ ਵਕੀਲ ਸਨ। ਬਰਲਿਨ ਯੂਨੀਵਰਸਿਟੀ 'ਚ ਕਾਨੂੰਨ ਦੀ ਪੜ੍ਹਾਈ ਕਰਨ ਵਾਲੇ ਮਾਰਕਸ ਦੇ ਮਨਪਸੰਦ ਵਿਸ਼ੇ ਇਤਿਹਾਸ ਅਤੇ ਦਰਸ਼ਨ ਸਨ। ਮਾਨਸਕ ਤੌਰ 'ਤੇ ਮਾਰਕਸ ਸ਼ੁਰੂ ਤੋਂ ਹੀ ਆਮ ਪੱਧਰ ਤੋਂ ਕਾਫ਼ੀ ਵੱਧ ਯੋਗਤਾ ਰੱਖਣ ਵਾਲਾ ਮਨੁੱਖ ਸੀ। ਬਰਲਿਨ ਯੂਨੀਵਰਸਿਟੀ ਉਨ੍ਹਾਂ ਚਿੰਤਕ ਵਿਦਿਆਰਥੀਆਂ ਦਾ ਕਲੱਬ ਬਣਾ ਕੇ ਵੱਖ-ਵੱਖ ਵਿਸ਼ਿਆਂ ਤੇ ਗਰਮਾ-ਗਰਮ ਬਹਿਸਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਵਿਦਿਆਰਥੀ ਜੀਵਨ ਸਮੇਂ ਤੋਂ ਮਾਰਕਸ ਅਤੇ ਜੈਨੀ ਇਕ ਦੂਜੇ ਦੇ ਸੰਪਰਕ 'ਚ ਆਏ। 1836 'ਚ ਪ੍ਰੇਮੀ ਜੋੜੀ ਨੇ ਚੋਰੀ ਛੁਪੇ ਮੰਗਣੀ ਰਚਾ ਲਈ। ਜੈਨੀ ਬੇਹੱਦ ਸੁੰਦਰ ਸੀ। 1843ਵਿਚ ਮਾਰਕਸ ਨੇ ਜੈਨੀ ਫਾਰ ਵੈਸਟਫਾਲਨ ਨਾਲ ਵਿਆਹ ਕਰਵਾ ਲਿਆ। ਜੈਨੀ ਪਰੂਸ਼ੀਆਈ ਰਾਠਸ਼ਾਹੀ ਪਰਿਵਾਰ ਨਾਲ ਸਬੰਧਤ ਹੁੰਦੀ ਹੋਈ ਵੀ ਮਾਰਕਸ ਦੇ ਚੰਗੇ ਸਮਾਜ ਸਿਰਜਣ ਦੇ ਔਖੇ ਕਾਰਜਾਂ ਅਤੇ ਮੁਸ਼ਕਿਲਾਂ ਭਰੇ ਰਸਤੇ 'ਤੇ ਚੱਲਦੀ ਰਹੀ। ਪਰਿਵਾਰ ਨੂੰ ਪਾਲਣ ਲਈ ਮਾਰਕਸ ਰੁਜ਼ਗਾਰ ਦੀ ਭਾਲ 'ਚ ਪੱਤਰਕਾਰ ਬਣ ਗਿਆ। ਤਜਰਬੇ ਨੇ ਉਸ ਨੂੰ ਜਰਨਲਿਸਟ ਬਣਾ ਦਿੱਤਾ। ਉਸਨੇ ਇਨਕਲਾਬੀ ਸਾਹਿਤ ਦਾ ਡੂੰਘਾ ਅਧਿਐਨ ਕਰਨਾ ਸ਼ੁਰੂ ਕਰ ਦਿੱਤਾ। ਮਾਰਕਸ ਨੇ ਫਰਾਂਸੀਸੀ ਭਾਸ਼ਾ ਸਿੱਖ ਕੇ ਪ੍ਰਸਿੱਧ ਲੇਖਕ ਫੁਰੀਏ, ਪੂਡੋ ਤੇਜ਼ਾਮੀ, ਕੋਬੇ ਅਤੇ ਲੌਰੂ ਦੀਆਂ ਕਿਰਤਾਂ ਨੂੰ ਪੂਰੀ ਨੀਝ ਨਾਲ ਪੜ੍ਹਿਆ। ਹਕੂਮਤ ਪੱਖੀ ਵਿਦਵਾਨਾਂ ਨੂੰ ਮਾਰਕਸ ਦੇ ਯਥਾਰਥਕ ਵਿਚਾਰ ਬਹੁਤ ਬੁਰੇ ਲੱਗਣ ਲੱਗੇ। ਗਲਤ ਵਿਚਾਰਾਂ ਖਿਲਾਫ਼ ਦਲੇਰੀ ਨਾਲ ਸੰਘਰਸ਼ ਕਰਨ ਵਾਲੇਮਾਰਕਸ ਨੂੰ 'ਲਾਲ ਦਹਿਸ਼ਤ ਪਸੰਦ ਡਾਕਟਰ' ਆਖਿਆ ਜਾਂਦਾ ਹੈ। ਉਸਨੂੰ ਜਰਮਨ, ਨਵ-ਲਾਤੀਨੀ, ਰੂਸੀ, ਸਰਬੀਅਨ, ਫਰਾਂਸੀਸੀ ਆਦਿ ਜੁਬਾਨਾਂ ਦਾ ਗਿਆਨ ਸੀ। ਮਾਰਕਸ ਜਿਥੇਦਰਸ਼ਨ ਦੇ ਔਖੇ ਖੇਤਰ 'ਚੋਂ ਸਿਰਕੱਢ ਸੀ ਉਥੇ ਸਾਹਿਤ ਤੇ ਕਲਾ ਬਾਰੇ ਵੀ ਕਾਫ਼ੀ ਗਿਆਨ ਰੱਖਦਾ ਸੀ। ਉਸ ਨੂੰ ਨਾਵਲ ਪੜ੍ਹਨ ਦਾ ਵੀ ਬਹੁਤ ਸ਼ੌਕ ਸੀ। ਡਿਊਮਾ, ਸੇਰਵਾਟਿਸ, ਫੀਲ ਡੰਗ ਅਤੇ ਵਾਲਟਰ ਸਕਾਟ ਆਦਿ ਦੇ ਕਿਰਤ ਨਾਵਲ ਉਸਨੂੰ ਬਹੁਤ ਅੱਛੇ ਲੱਗਦੇ ਸਨ। ਗਣਿਤ ਵਿਚ ਵੀ ਰੁਚੀ ਸੀ।

1844 ਵਿਚ ਮਾਰਕਸ ਨੂੰ ਪੈਰਿਸ ਵਿਚ ਪਹਿਲੀ ਵਾਰ ਏਂਗਲਜ ਮਿਲਿਆ। ਏਂਗਲਜ ਕੋਲ ਆਰਥਿਕ ਤੱਥਾਂ ਦਾ ਭੰਡਾਰ ਸੀ। ਮਾਰਕਸ ਇਤਿਹਾਸਕ ਪੱਖੋਂ ਕਾਫ਼ੀ ਸੂਝਵਾਨ ਸੀ ਜਿਸ ਕਾਰਨ ਦੋਹਾਂ ਦੀ ਸਾਂਝ ਪੱਕੀ ਹੋ ਗਈ। ਉਹ ਦੋਵੇਂ ਲੰਮਾ ਸਮਾਂ ਕਮਿਊਨਿਸਟ ਲਹਿਰ ਦੀ ਸਿਰਜਣਾ ਵਿਚ ਲੱਗੇ ਰਹੇ। ਇਸ ਨਿਰਸੁਆਰਥ ਦੋਸਤੀ ਕਾਰਨ ਹੀ ਏਂਗਲਜ ਨੇ ਆਰਥਕ ਤੌਰ 'ਤੇ ਬੁਰੀ ਤਰ੍ਹਾਂ ਟੁੱਟ ਚੁੱਕੇ ਮਾਰਕਸ ਨੂੰ ਜੀਵਤ ਰੱਖਿਆ। ਇਸ ਕਾਰਨ ਮਾਰਕਸ ਯੁੱਗ ਪਲਟਾਊ ਕਿਰਤਾਂ ਰਚਨ ਦੇ ਕਾਰਜ ਨੂੰ ਪੂਰਾ ਕਰ ਸਕਿਆ। ਪੂਰੇ ਵਿਸ਼ਵ ਵਿਚ ਮਾਰਕਸ ਅਤੇ ਏਂਗਲਜ ਦੀ ਮਿੱਤਰਤਾ ਦੀ ਅੱਜ ਵੀ ਮਿਸਾਲ ਦਿੱਤੀ ਜਾਂਦੀ ਹੈ। ਮਾਰਕਸ ਨੂੰ ਆਪਣੇ ਜੀਵਨ ਵਿਚ ਜਲਾਵਤਨੀ ਦਾ ਸੰਤਾਪ ਵੀ ਮਿਲਿਆ। ਫਰਾਂਸ ਦੀ ਗੀਜੋ ਸਰਕਾਰ ਨੇ ਵੋਟਵਰਟਸ (ਪ੍ਰਗਤੀਸ਼ੀਲ) ਪੱਤਰ ਨਾਲ ਸਬੰਧਤ ਚਾਰ ਛਾਪਕ ਮਾਰਕਸ, ਬਰਨੇ, ਰੂਗੇ, ਅਤੇ ਬੁਰਨਸਟਾਇਨ ਨੂੰ ਜਰਮਨ ਬਾਦਸ਼ਾਹ ਦੇ ਵਿਰੁੱਧ ਅੱਗ ਭੜਕਾਊ ਲਿਖਤਾਂ, ਲਿਖਣ ਦੇ ਦੋਸ਼ੀ ਕਰਾਰ ਦੇ ਕੇ ਇਕੱਲੇ ਮਾਰਕਸ ਨੂੰ ਖਤਰਨਾਕ ਇਨਕਲਾਬੀ ਵਜੋਂ ਫਰਾਂਸ ਤੋਂ ਬਾਹਰ ਕੱਢ ਦਿੱਤਾ। ਮਾਰਕਸ ਬਰੈਸਲਜ ਚਲਾ ਗਿਆ ਅਤੇ ਉਥੇ 'ਕਮਿਊਨਿਸਟ ਲੀਗ' ਨਾਂ ਦੀ ਗੁਪਤ ਪ੍ਰਚਾਰ ਸਭਾ 'ਚ ਸ਼ਾਮਲ ਹੋ ਕੇ 'ਕਮਿਊਨਿਸਟ ਮੈਨੀਫੈਸਟੋ' ਲਿਖਣ 'ਚ ਰੁਝ ਗਿਆ।

1848 'ਚ ਮਾਰਕਸ ਤੇ ਏਂਗਲਜ ਵਲੋਂ 'ਕਮਿਊਨਿਸਟ ਮੈਨੀਫੈਸਟੋ' ਦੇ ਰੂਪ ਵਿਚ ਕ੍ਰਾਂਤੀ ਦੀ ਜੁਬਾਨ 'ਚ ਇਕ ਨਵਾਂ ਸੰਸਾਰ ਸੰਕਲਪ ਕਲਮਬੱਧ ਕੀਤਾ ਗਿਆ। ਇਸ ਵਿਚ ਉਸਨੇ ਵਿਕਾਸ ਦੀ ਸਭ ਤੋਂ ਅਗਾਂਹਵਧੂ ਵਿਚਾਰਧਾਰਾ ਵਜੋਂ ਦਵੰਦਵਾਦ, ਸ਼੍ਰੇਣੀ ਘੋਲ ਦਾ ਸਿਧਾਂਤ ਤੇ ਪ੍ਰੋਲੇਤਾਰੀ ਅਤੇ ਨਵੇਂ ਕਮਿਊਨਿਸਟ ਸਮਾਜ ਦਾ ਖਾਕਾ ਪੇਸ਼ ਕੀਤਾ। ਦੁਨੀਆ ਭਰ ਦੇ ਮਿਹਨਤਕਸ਼ਾਂ ਲਈ ਮੁਕਤੀ ਦਾ ਇਹ ਇਕ ਮਜ਼ਬੂਤ ਦਸਤਾਵੇਜ਼ ਹੈ। ਇਸ ਦੇ ਮੁਢਲੇ ਲਫ਼ਜ਼ ਹਨ "ਯੂਰਪ ਨੂੰ ਇਕ ਭੂਤ ਡਰਾ ਰਿਹਾ ਹੈ"-ਉਹ ਹੈ ਕਮਿਊਨਿਜਮ ਦਾ ਪ੍ਰੇਤ। ਇਸ ਪ੍ਰੇਤ ਨੂੰ ਭਜਾਉਣ ਲਈ ਪੋਪ ਅਤੇ ਜ਼ਾਰ, ਮੈਟਰਨਿਖ ਅਤੇ ਗੀਜ਼ੋ, ਫਰਾਂਸੀਸੀ ਅੱਤਵਾਦੀ ਅਤੇ ਜਰਮਨ ਖੁਫ਼ੀਆ ਪੁਲਿਸ ਅਤੇ ਬੁੱਢੇ ਯੂਰਪ ਦੀਆਂ ਸਾਰੀਆਂ ਤਾਕਤਾਂ ਨੇ "ਪਵਿੱਤਰ ਗਠਜੋੜ ਬਣਾ ਲਿਆ ਹੈ।" ਅਖੀਰ ਵਿਚ ਮੈਨੀਫੈਸਟੋ ਇਨ੍ਹਾਂ ਸ਼ਬਦਾਂ ਵਿਚ ਮਜ਼ਦੂਰ ਇਨਕਲਾਬ ਦਾ ਖੁੱਲ੍ਹਾ ਸਦਾ ਹੈ: "ਕਮਿਊਨਿਸਟ ਇਨਕਲਾਬ ਦੇ ਡਰ ਨਾਲ ਹਾਕਮ ਜਮਾਤਾਂ ਨੂੰ ਕੰਬਣ ਦਿਉ। ਮਜ਼ਦੂਰ ਕੋਲ ਗਵਾਉਣ ਲਈ ਆਪਣੀਆਂ ਜੰਜੀਰਾਂ ਤੋਂ ਬਿਨਾਂ ਕੁਝ ਹੈ। ਜਿੱਤਣ ਲਈ ਉਨ੍ਹਾਂਸਾਹਮਣੇ ਸਾਰਾ ਸੰਸਾਰ ਹੈ। ਸੰਸਾਰ ਭਰ ਦੇ ਮਜ਼ਦੂਰੋ ਇਕ ਹੋ ਜਾਉ।" ਦੁਨੀਆ 'ਚ ਉਥਲ-ਪੁਥਲ ਲਿਆਉਣ ਵਾਸਤੇ ਅੱਜ ਤੱਕ 'ਕਮਿਊਨਿਸਟ ਮੈਨੀਫੈਸਟੋ' ਤੋਂ ਪ੍ਰਭਾਵਸ਼ਾਲੀ ਹੋਰਕੋਈ ਦਸਤਾਵੇਜ਼ ਨਹੀਂ ਲਿਖਿਆ ਗਿਆ। ਮੈਨੀਫੈਸਟੋ ਛਪਦਿਆਂ ਹੀ ਮਾਰਕਸ ਨੂੰ 24 ਘੰਟੇ ਦੇ ਅੰਦਰ ਬਰਸੱਲਜ ਛੱਡ ਜਾਣ ਵਾਸਤੇ ਸਰਕਾਰੀ ਹੁਕਮ ਜਾਰੀ ਕਰ ਦਿੱਤਾ। ਮਾਰਕਸ ਪੈਰਿਸ ਤੋਂ ਹੁੰਦਾ ਕਲੋਨ ਚਲਾ ਗਿਆ ਅਤੇ ਉਥੋਂ ਦੇ ਇਨਕਲਾਬੀਆਂ ਨਾਲ ਸੰਪਰਕ ਕਰਕੇ ਅਗਲੇ ਇਤਿਹਾਸਕ ਮਿਸ਼ਨ ਵਿਚ ਰੁਝ ਗਿਆ।

ਇਹ ਸਮਾਂ ਮਾਰਕਸ ਲਈ ਬਹੁਤ ਗਰੀਬੀ ਅਤੇ ਕੰਗਾਲੀ ਵਾਲਾ ਰਿਹਾ। ਉਸਦੀ ਦੀ ਰਿਹਾਇਸ਼ ਲੰਡਨ ਦੀ ਸਭ ਤੋਂ ਗੰਦੀ ਅਤੇ ਸਸਤੀ ਬਸਤੀ 'ਚ ਸੀ। ਤੰਗੀ ਕਾਰਨ ਉਸ ਨੂੰ ਘਰ ਦਾ ਸਮਾਨ ਅਤੇ ਲਾਇਬ੍ਰੇਰੀ ਤੱਕ ਵੇਚਣੀ ਪਈ। ਘਰ ਦੇ ਮਾਲਕ ਵਲੋਂ ਬੱਚਿਆਂ ਦੇ ਖਿਡੌਣੇ ਅਤੇ ਸਾਰਾ ਸਮਾਨ ਜਬਤ ਕਰ ਲਿਆ ਗਿਆ। ਇਕ ਥਾਂ ਮਾਰਕਸ ਦੀ ਪਤਨੀ ਜੈਨੀ ਲਿਖਦੀ ਹੈ ਕਿ ਖਾਣਾ ਨਾ ਮਿਲਣ ਕਾਰਨ ਉਸਦੀਆਂ ਛਾਤੀਆਂ 'ਚੋਂ ਦੁੱਧ ਮੁੱਕ ਗਿਆ। ਬੱਚੇ ਦੁਆਰਾ ਤੰਗ ਕਰਨ ਤੇ ਸੁੱਕੀਆਂ ਛਾਤੀਆਂ ਵਿਚੋਂ ਅਕਸਰ ਖੂਨ ਦੀਆਂ ਬੂੰਦਾਂ ਦੁੱਧ ਚੁੰਘਣ ਵੇਲੇ ਉਸਦੇ ਮੂੰਹ ਵਿਚ ਚਲੀਆਂ ਜਾਂਦੀਆਂ। ਇਸ ਅੱਤ ਦੀ ਗਰੀਬੀ ਨੇ ਮਾਰਕਸ ਦੇ ਤਿੰਨ ਬੱਚਿਆਂ ਦੀ ਜਾਨ ਲੈ ਲਈ। ਇਸ ਹਾਲਤ 'ਚ ਮਾਰਕਸ ਦੀ ਪਤਨੀ ਜੈਨੀ ਅਤੇ ਅਜ਼ੀਜ ਦੋਸਤ ਏਂਗਲਜ ਦਾ ਹਰ ਪੱਖੋਂ ਸਹਿਯੋਗ ਮਿਸਾਲੀ ਅਤੇ ਨਾ ਭੁਲਾਉਣਯੋਗ ਸੀ। ਮਾਰਕਸ ਉਸ ਸਮੇਂ ਏਂਗਲਜ ਨੂੰ ਇਕ ਚਿੱਠੀ ਰਾਹੀਂ ਆਪਣੀ ਮਾੜੀ ਮਾਇਕ ਹਾਲਤ ਬਾਰੇ ਲਿਖਦਾ ਹੈ ਕਿ "ਮੇਰਾ ਖਿਆਲ ਹੈ, ਕਿਸੇ ਨੇ 'ਮੁਦਰਾ' ਬਾਰੇ ਲਿਖਿਆ ਹੋਵੇ ਤੇ ਖੁਦ ਜੇਬ ਤੋਂ ਖਾਲੀ ਹੋਵੇ।

ਦਾਸ ਕੈਪੀਟਲ ਮਾਰਕਸ ਦੀ ਸਭ ਤੋਂ ਉਤਮ ਰਚਨਾ ਹੈ। ਇਸ ਦੀ ਰਚਨਾ ਉਦੋਂ ਹੋਈ ਜਦੋਂ ਮਾਰਕਸ ਅੱਤ ਦੀ ਗਰੀਬੀ, ਸਰੀਰਕ ਬੀਮਾਰੀਆਂ, ਘਰੇਲੂ ਪ੍ਰੇਸ਼ਾਨੀਆਂ ਅਤੇ ਬੱਚਿਆਂ ਦੇ ਵਿਛੋੜੇ ਦੇ ਅੱਲੇ ਜ਼ਖ਼ਮਾਂ ਦਾ ਦਿਨ ਰਾਤ ਸਾਹਮਣਾ ਕਰ ਰਿਹਾ ਸੀ। ਜ਼ਿਆਦਾ ਮਿਹਨਤ, ਮਾੜੀ ਅਤੇ ਘੱਟ ਖ਼ੁਰਾਕ ਕਾਰਨ ਉਹ ਪਹਿਲਾਂ 1863 ਤੇ ਫਿਰ 1955 ਵਿਚ ਬਿਮਾਰ ਪੈਗਿਆ। 'ਸਰਮਾਇਆ' ਜਿਹੜੀ 1851 ਵਿਚ ਮੁਕੰਮਲ ਹੋ ਜਾਣੀ ਚਾਹੀਦੀ ਸੀ। ਉਸ ਦੀ ਪਹਿਲੀ ਜਿਲਦ ਜਰਮਨ ਭਾਸ਼ਾ 'ਚ 1867 ਵਿਚ ਪੂਰੀ ਹੋਈ। ਇਸ ਕਿਤਾਬ ਨੂੰ 'ਮਜ਼ਦੂਰ ਜਮਾਤ ਦੀ ਬਾਈਬਲ' ਕਿਹਾ ਜਾਂਦਾ ਹੈ। ਸਰਮਾਇਆ ਰਾਜਨੀਤਕ ਆਰਥਿਕਤਾ ਵਿਚ ਇਕ ਇਨਕਲਾਬੀ ਪੁਸਤਕ ਹੈ। ਇਸ ਪੁਸਤਕ ਦੀ ਤਿਆਰੀ ਲਈ ਵੀਹ ਸਾਲ ਦਾ ਸਮਾਂ ਲੱਗਿਆ। ਇਸ ਰਚਨਾ ਤੋਂ ਪਹਿਲਾਂ ਮਾਰਕਸ ਨੇ ਬਹੁਤ ਸਾਰੇ ਉਘੇ ਲੇਖਕਾਂ ਦਾ ਬਹੁਤ ਬਾਰੀਕੀ 'ਚ ਅਧਿਐਨ ਕੀਤਾ ਜਿਨ੍ਹਾਂ 'ਚ ਹੀਗਲ, ਫਿਊਰਬਾਖ਼, ਟਾਮਸਨ, ਐਡਮ ਸਮਿੱਥ, ਰਿਕਾਰਡੋ, ਮਿੱਲ, ਓਵਨ, ਕੁਐਜਨੇ ਆਦਿ ਵਿਦਵਾਨ ਸ਼ਾਮਲ ਸਨ। ਮਾਰਕਸ ਨੇ ਪੈਰਿਸ, ਲੰਡਨ, ਬਰੈਸਲਜ, ਕਲੋਨ ਤੇ ਮਾਨਚੈਸਟਰ ਦੀਆਂ ਜਲਾਵਤਨੀਆਂ ਦੌਰਾਨ ਵੀ ਅਧਿਐਨ ਦਾ ਪੱਲਾ ਘੁਟਕੇ ਫੜੀ ਰੱਖਿਆ।

ਮਾਰਕਸ ਦੀ ਕਿਤਾਬ 'ਸਰਮਾਇਆ' ਨੂੰ ਸਰਮਾਏਦਾਰ ਜਮਾਤ ਦੇ ਸਿਰ ਵਿਚ ਠੋਕਿਆ ਗਿਆ ਹੈ ਸਭ ਤੋਂ ਖਤਰਨਾਕ ਅਸਤਰ ਆਖਿਆ ਗਿਆ। ਇਹ ਇਕ ਵਿਗਿਆਨਕ ਪੁਸਤਕ ਦੇ ਨਾਲ-ਨਾਲ ਇਨਕਲਾਬ ਜਨਤਕ ਮਜ਼ਦੂਰ ਜਮਾਤ ਦਾ ਸਿਧਾਂਤਕ ਹਥਿਆਰ ਤੇ ਕਲਾਤਮਿਕ ਕਿਰਤ ਵੀ ਹੈ। ਏਂਗਲਜ ਅਨੁਸਾਰ, "ਜਦ ਤੋਂ ਧਰਤੀ ਉਪਰ ਸਰਮਾਏਦਾਰ ਤੇ ਮਜ਼ਦੂਰ ਚੱਲੇ ਆਏ ਹਨ, ਕੋਈ ਵੀ ਹੋਰ ਪੁਸਤਕ ਨਹੀਂ ਛਪੀ ਜੋ ਮਜ਼ਦੂਰਾਂ ਲਈ ਇਸ ਪੁਸਤਕ ਤੋਂ ਵਧੇਰੇ ਮਹੱਤਵ ਰੱਖਦੀ ਹੋਵੇ" ਮਾਰਕਸ ਨੇ ਸਿੱਧ ਕੀਤਾ ਕਿ ਮਨੁੱਖੀ ਇਤਿਹਾਸ ਸ਼੍ਰੇਣੀ ਘੋਲ ਦਾ ਇਤਿਹਾਸ ਹੈ। ਇਕ ਜਮਾਤ ਦੀ ਜਿੱਤ ਦੂਜੀ ਦੀ ਹਾਰ ਤੇ ਟਿਕੀ ਹੋਈ ਹੈ। ਪ੍ਰੋਲੇਤਾਰੀ ਤੇ ਪੂੰਜੀਵਾਦੀ ਦੀ ਜਮਾਤ ਵਿਚਕਾਰ ਯੁੱਧ ਤੇ ਪ੍ਰੋਲੇਤਾਰੀ ਦੀ ਜਿੱਤ ਨਿਸ਼ਚਿਤ ਹੈ। ਭਵਿੱਖ ਦੀ ਇਤਿਹਾਸਕ ਜਮਾਤ ਪ੍ਰੋਲੇਤਾਰੀ ਹੈ। ਸਹੀ ਲੀਹ, ਪਾਰਟੀ, ਹੌਸਲੇ ਅਤੇ ਕੁਰਬਾਨੀ ਨਾਲ ਸਫ਼ਲਤਾ ਦੇ ਦਿਨ ਨੇੜੇ ਆ ਸਕਦੇ ਹਨ।

ਉਮਰ ਦੇ ਆਖਰੀ ਦਿਨਾਂ 'ਚ ਮਾਰਕਸ ਨੂੰ ਆਪਣੀ ਪਿਆਰੀ ਪਤਨੀ ਤੇ ਬੱਚਿਆਂ ਦੀ ਮੌਤ ਦਾ ਬਹੁਤ ਸਦਮਾ ਸੀ। 14 ਮਾਰਚ 1993 ਨੂੰ ਦੁਨੀਆ ਦਾ ਮਹਾਨ ਦਾਰਸਨਿਕ ਅਰਾਮ ਕੁਰਸੀ ਤੇ ਸਦਾ ਦੀ ਨੀਂਦ ਸੌਂ ਗਿਆ। ਉਸ ਨੂੰ ਆਪਣੀ ਪਤਨੀ ਦੀ ਕਬਰ ਦੇ ਨੇੜੇ ਲੰਦਨ ਦੀ ਹਾਈਗੇਟ ਕਬਰਸਤਾਨ ਵਿਚ ਦਫ਼ਨਾ ਦਿੱਤਾ ਗਿਆ। ਮਾਰਕਸ ਦੇ ਪਿਆਰੇ ਮਿੱਤਰ ਏਂਗਲਜ ਨੇ ਮਾਰਕਸ ਦੀ ਕਬਰ ਕੰਢੇ ਤਕਰੀਰ ਕੀਤੀ "14 ਮਾਰਚ ਦੀ ਸ਼ਾਮ ਨੂੰ ਪੌਣੇ ਤਿੰਨ ਵਜੇ ਉਸ ਮਹਾਨ ਚਿੰਤਕ ਦੀ ਸੋਚਣ ਸ਼ਕਤੀ ਬੰਦ ਹੋ ਗਈ ਉਸ ਨੂੰ ਅਸੀਂ ਦੋ ਮਿੰਟ ਤੋਂ ਵੀ ਘੱਟ ਸਮੇਂ ਲਈ ਛੱਡ ਕੇ ਗਏ ਸਾਂ ਤਾਂ ਜਦੋਂ ਵਾਪਸ ਆਏ, ਉਹ ਆਪਣੀ ਕੁਰਸੀ ਤੇ ਸ਼ਾਂਤੀ ਦੀ ਨੀਂਦ ਸੁੱਤਾ ਹੋਇਆ ਸੀ, ਹਮੇਸ਼ਾ ਲਈ। ਯੂਰਪ ਅਤੇ ਅਮਰੀਕਾ ਦੀ ਕਿਰਤੀ ਜਮਾਤ ਨੂੰ ਅਤੇ ਇਤਿਹਾਸਕ ਵਿਗਿਆਨ ਨੂੰ ਜਿੰਨਾਂ ਉਸਦੇ ਜਾਣ ਨਾਲ ਨੁਕਸਾਨ ਹੋਇਆ ਹੈ ਉਸਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ। ਮੈਂ ਇਸ ਗੱਲ ਨੂੰ ਜ਼ੋਰਦਾਰ ਲਹਿਜੇ ਵਿਚ ਕਹਿਣਾ ਚਾਹੁੰਦਾ ਹਾਂ ਕਿ ਉਸਦੇ ਵਿਰੋਧੀ ਕਈ ਸਨ ਪਰਉਸਦਾ ਜਾਤੀ ਦੁਸ਼ਮਣ ਸ਼ਾਇਦ ਹੀ ਕੋਈ ਸੀ। ਉਸਦਾ ਨਾਂ ਸਦੀਆਂ ਤਾਈਂ ਜਿੰਦਾ ਰਹੇਗਾ, ਨਾਲੇ ਉਸਦਾ ਕੀਤਾ ਕੰਮ।"

ACCOUNTANT
Corporate & Personal Business
Attends: CRA Audits and Appeals
SUKHDEV SINGH CPA, CGA
TEL: (905) 793-0909 FAX: (905)-450-2165
10-2084 STEELES AVE EAST, BRAMPTON, L6T 5A6
EMAIL: sukhdevcga@gmail.com



# ਸ਼ਹੀਦ-ਏ-ਆਜ਼ਮ ਕਰਤਾਰ ਸਿੰਘ ਸਰਾਭਾ

ਬਾਬਾ ਸੋਹਣ ਸਿੰਘ ਭਕਨਾ

ਕਰਤਾਰ ਸਿੰਘ ਸਰਾਭਾ ਅਜੇ ਮਸਾਂ ਉੱਨੀ ਸਾਲ ਦਾ ਹੀ ਸੀ ਜਦ ਕਿ ਅਮਰੀਕਾ ਵਿੱਚ ਰਹਿਣ ਵਾਲੇ ਭਾਰਤੀਆਂ ਵਿੱਚ ਅੰਗਰੇਜ਼ਾਂ ਦੀ ਗੁਲਾਮੀ ਵਿਰੁੱਧ ਸ਼ਕਤੀਸ਼ਾਲੀ ਚੇਤਨਾ ਵਿਕਸਿਤ ਹੋਈ। ਆਜ਼ਾਦੀ ਦੀ ਭਾਵਨਾ ਨੂੰ ਜੱਥੇਬੰਦ ਕਰਕੇ ਗਦਰ ਪਾਰਟੀ ਨੇ ਅੰਗਰੇਜ਼ਾਂ ਵਿਰੁੱਧ ਨਾ ਮੁੱਕਣ ਵਾਲੀ ਲੜਾਈ ਦਾ ਮੁੱਢ ਬੰਨ੍ਹਿਆ।

ਦੇਸ਼ ਛੱਡਣ ਤੋਂ ਪਹਿਲਾਂ ਕਰਤਾਰ ਸਿੰਘ ਦਸਵੀਂ ਜਮਾਤ ਦਾ ਇਮਤਿਹਾਨ ਪਾਸ ਕਰ ਚੁੱਕਾ ਸੀ। ਬਚਪਨ ਤੋਂ ਉਸ ਦਾ ਸੁਭਾਅ ਕ੍ਰਾਂਤੀਕਾਰੀਆਂ ਵਰਗਾ ਸੀ। ਉਸਦੇ ਸਕੂਲ ਸਮੇਂ ਦਾ ਅਧਿਐਨ ਦਰਸਾਉਂਦਾ ਹੈ ਕਿ ਉਹ ਆਪਣੇ ਸਕੂਲ-ਸਾਥੀਆਂ ਨਾਲੋਂ ਵੱਖਰੀ ਕਿਸਮ ਦੀ ਸੋਚ ਵਾਲਾ ਵਿਦਿਆਰਥੀ ਸੀ। ਖੇਡਾਂ ਵਿੱਚ ਉਹ ਬਾਕੀ ਵਿਦਿਆਰਥੀਆਂ ਦੀ ਅਗਵਾਈ ਕਰਦਾ ਸੀ। ਅਧਿਆਪਕਾਂ ਦੇ ਗਲਤ ਕੰਮਾਂ ਵਿਰੁੱਧ ਉਹ ਵਿਦਿਆਰਥੀਆਂ ਨੂੰ ਜੱਥੇਬੰਦ ਕਰਦਾ ਸੀ। 1912 ਵਿੱਚ ਉਹ ਕੈਲੇਫੋਰਨੀਆ ਦੀ ਸਾਨਫਰਾਂਸਿਸਕੋ ਬੰਦਰਗਾਹ ਤੇ ਉਤਰਿਆ ਅਤੇ ਬਹੁਤ ਸਾਰੇ ਭਾਰਤੀਆਂ ਵਾਂਗ ਕੈਲੇਫੋਰਨੀਆਂ ਦੇ ਖੇਤਾਂ ਵਿੱਚ ਮਜ਼ਦੂਰੀ ਕਰਨ ਲੱਗ ਪਿਆ। ਉੱਥੇ ਉਸਨੂੰ ਅਮਰੀਕਨ ਕਿਸਾਨਾਂ ਵੱਲੋਂ ਕੀਤੇ ਜਾ ਰਹੇ ਸੋਸ਼ਣ ਅਤੇ ਭਾਰਤੀ ਕਾਮਿਆਂ ਲਈ ਨਫਰਤ ਭਰੇ ਵਤੀਰੇ ਦਾ ਸਾਹਮਣਾ ਕਰਨਾ ਪਿਆ। ਉਸਨੂੰ ਬੜੀ ਛੇਤੀ ਅਹਿਸਾਸ ਹੋ ਗਿਆ ਕਿ ਭਾਰਤੀ ਕੌਮ ਵਾਸਤੇ ਗੁਲਾਮੀ ਸਭ ਤੋਂ ਵੱਡੀ ਲਾਹਨਤ ਹੈ। ਉਸਨੇ ਆਪਣੇ ਦੇਸ਼ ਦੇ ਲੋਕਾਂ ਨਾਲ ਇਸ ਸੰਬੰਧੀ ਵਿਚਾਰ ਵਟਾਂਦਰਾ ਕੀਤਾ। ਅਮਰੀਕਨਾਂ ਦੇ ਨਫਰਤ ਭਰੇ ਵਤੀਰੇ ਤੋਂ ਸਾਰੇ ਭਾਰਤੀ ਕਾਮੇ ਦੁਖੀ ਸਨ ਅਤੇ ਹੁਣ ਉਹ ਉਨ੍ਹਾਂ ਦੇ ਤ੍ਰਿਸਕਾਰ ਭਰੇ ਵਿਅੰਗਮਈ ਵਿਸ਼ੇਸ਼ਣ ਬਹੁਤਾ ਚਿਰ ਬਰਦਾਸ਼ਤ ਕਰਨ ਲਈ ਤਿਆਰ ਨਹੀਂ ਸਨ। ਕਰਤਾਰ ਸਿੰਘ ਹੋਰ ਬਹੁਤ ਸਾਰੇ ਭਾਰਤੀਆਂ ਨੂੰ ਮਿਲਿਆ ਜਿੰਨ੍ਹਾਂ ਦੇ ਵਿਚਾਰ ਉਸ ਨਾਲ ਮਿਲਦੇ ਸਨ। ਉਸਨੇ ਉਨ੍ਹਾਂ ਸਾਰਿਆਂ ਨੂੰ ਇਕੱਠੇ ਕਰਕੇ ਇੱਕ ਮੀਟਿੰਗ ਬੁਲਾਈ ਜਿਸ ਵਿੱਚ ਲਾਲਾ ਹਰਦਿਆਲ, ਪੰਡਤ ਜਗਤ ਰਾਮ ਰਿਹਾਨਾ, ਭਾਈ ਜਵਾਲਾ ਸਿੰਘ ਅਤੇ ਬਹੁਤ ਸਾਰੇ ਭਾਰਤੀ ਕਾਮਿਆਂ ਨੇ ਹਿੱਸਾ ਲਿਆ। ਉਨ੍ਹਾਂ ਨੇ ਭਾਰਤ ਦੀ ਲੰਬੀ ਗੁਲਾਮੀ ਦੇ ਕਾਰਨਾਂ ਉੱਪਰ ਸੋਚ ਵਿਚਾਰ ਕੀਤੀ ਅਤੇ ਮਹਿਸੂਸ ਕੀਤਾ ਕਿ ਆਜ਼ਾਦੀ ਦੀ ਲੜਾਈ ਨੂੰ ਜਾਰੀ ਰੱਖਣ ਵਾਸਤੇ ਇਸ ਦੀ ਅਗਵਾਈ ਲਈ ਇੱਕ ਸ਼ਕਤੀਸ਼ਾਲੀ ਜੱਥੇਬੰਦੀ ਦੀ ਲੋੜ ਹੈ। ਇਸ ਮੀਟਿੰਗ ਵਿੱਚ ਇੱਕ ਜੱਥੇਬੰਦੀ (ਪਾਰਟੀ) ਬਣਾਉਣ ਦਾ ਮੁੱਢ ਬੰਨ੍ਹਿਆ ਗਿਆ ਪਰ ਆਪਣੇ ਆਪ ਇਹ ਕਿਸੇ ਏਜੰਡੇ ਉੱਪਰ ਵਿਚਾਰ ਨਾ ਕਰ ਸਕੀ।

ਇਸੇ ਸਮੇਂ ਦੌਰਾਨ ਉਰੀਗੋਨ ਅਤੇ ਵਸ਼ਿੰਗਟਨ ਦੀਆਂ ਫੈਕਟਰੀਆਂ ਵਿੱਚ ਕੰਮ ਕਰਨ ਵਾਲੇ ਭਾਰਤੀ ਕਾਮਿਆਂ ਵਿੱਚ ਏਨੀ ਚੇਤਨਾ ਪੈਦਾ ਹੋ ਗਈ ਜਿਸਨੇ ਇੱਕ ਜੱਥੇਬੰਦੀ ਦੀਆਂ ਨੀਹਾਂ ਰੱਖ ਦਿੱਤੀਆਂ, ਜਿਸਦੇ ਫਲਸਰੂਪ ਵਸ਼ਿੰਗਟਨ ਸਟੇਟ ਦੇ ਸ਼ਹਿਰ ਅਸਟਰੀਆ ਵਿਖੇ ਮਾਰਚ 1913 ਵਿੱਚ ਗਦਰ ਪਾਰਟੀ ਹੋਂਦ ਵਿੱਚ ਆਈ। ਪਾਰਟੀ ਬਣਨ ਦੀ ਖਬਰ ਸੁਣਕੇ ਕਰਤਾਰ ਸਿੰਘ ਦੀ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ ਅਤੇ ਉਹ ਫੌਰਨ ਪਾਰਟੀ ਦਾ ਮੈਂਬਰ ਬਣ ਗਿਆ।

ਇੱਕ ਨਵੰਬਰ, 1913 ਨੂੰ 'ਗਦਰ' ਅਖ਼ਬਾਰ ਦੀ ਪ੍ਰਕਾਸ਼ਨਾ ਕਰਤਾਰ ਸਿੰਘ ਦੀਆਂ ਬਹੁਤ ਸਾਰਿਆਂ ਕੋਸ਼ਿਸ਼ਾਂ ਦਾ ਹੀ ਸਿੱਟਾ ਸੀ। ਇਹ ਅਖ਼ਬਾਰ ਹੱਥ ਨਾਲ ਚੱਲਣ ਵਾਲੀ ਮਸ਼ੀਨ ਉੱਪਰ ਛਾਪਿਆ ਜਾਂਦਾ ਸੀ ਅਤੇ ਮਸ਼ੀਨ ਨੂੰ ਚਲਾਉਣ ਦੇ ਨਾਲ-ਨਾਲ ਕਰਤਾਰ ਸਿੰਘ ਇਸ ਅਖ਼ਬਾਰ ਦੇ ਪੰਜਾਬੀ ਭਾਗ ਲਈ ਲੇਖ ਅਤੇ ਕਵਿਤਾਵਾਂ ਵੀ ਲਿਖਿਆ ਕਰਦਾ ਸੀ। ਅਖ਼ਬਾਰ ਦਾ ਕੰਮ ਵਧਣ ਨਾਲ ਹੋਰ ਕਈ ਸਾਥੀ ਉਸ ਕੋਲ ਆ ਗਏ ਅਤੇ ਕਰਤਾਰ ਸਿੰਘ ਕੰਮ ਵਿੱਚ ਉਨ੍ਹਾਂ ਸਾਰਿਆਂ ਦੀ ਸਹਾਇਤਾ ਕਰਦਾ ਸੀ। ਉਹ ਸਾਰਿਆਂ ਨੂੰ ਖੁਸ਼ ਰੱਖਦਾ ਸੀ। ਇੱਕ ਸੱਚੇ ਕ੍ਰਾਂਤੀਕਾਰੀ ਵਾਂਗ ਉਸਨੇ ਆਪਣੀ ਹਉਮੈਂ ਉੱਪਰ ਕਾਬੂ ਪਾਕੇ ਆਪਣੀ ਜ਼ਿੰਦਗੀ ਦੇਸ਼ ਦੀ ਸੇਵਾ ਲਈ ਅਰਪਣ ਕਰ ਦਿੱਤੀ ਸੀ।

ਸ਼ੁਰੂ-ਸ਼ੁਰੂ ਵਿੱਚ ਗਦਰ ਪਾਰਟੀ ਦੀ ਸਥਾਪਨਾ ਓਰੀਗੋਨ ਅਤੇ ਵਸ਼ਿੰਗਟਨ ਦੇ ਕਾਮਿਆਂ ਨੇ ਹੀ ਕੀਤੀ ਸੀ। ਕੈਲੇਫੋਰਨੀਆ ਵਾਲੇ ਸਾਥੀ ਪਿੱਛੋਂ ਇਸ ਦੇ ਮੈਂਬਰ ਬਣੇ ਸਨ। ਕੈਲੇਫੋਰਨੀਆ ਵਾਲੇ ਸਾਥੀਆਂ ਨੂੰ ਪਾਰਟੀ ਵਿੱਚ ਲਿਆਉਣ ਲਈ ਕਰਤਾਰ ਸਿੰਘ ਸਰਾਭਾ ਨੇ ਬਹੁਤ ਵੱਡਾ ਯੋਗਦਾਨ ਪਾਇਆ ਸੀ। ਫਰਵਰੀ, 1914 ਵਿੱਚ ਕੈਲੇਫੋਰਨੀਆ ਦੇ ਸ਼ਹਿਰ ਸਟਾਕਟਨ ਵਿਖੇ ਓਰੀਗੋਨ, ਵਸ਼ਿੰਗਟਨ ਅਤੇ ਕੈਲੇਫੋਰਨੀਆ ਦੇ ਪ੍ਰਤੀਨਿਧਾਂ ਦੀ ਇੱਕ ਕਾਨਫਰੰਸ ਰੱਖੀ ਗਈ ਜਿਸ ਵਿੱਚ ਕੈਲੇਫੋਰਨੀਆ ਦੇ ਪ੍ਰਤੀਨਿਧਾਂ ਨੂੰ ਰਸਮੀ ਤੌਰ 'ਤੇ ਗਦਰ ਪਾਰਟੀ ਵਿੱਚ ਸ਼ਾਮਲ ਕੀਤਾ ਗਿਆ। ਇਸ ਨਾਲ ਗਦਰ ਲਹਿਰ ਨਵੀਂ ਸ਼ਕਤੀਸ਼ਾਲੀ ਪਾਰਟੀ, ਇੱਕ ਸ਼ਕਤੀਸ਼ਾਲੀ ਜੱਥੇਬੰਦੀ ਬਣ ਗਈ।

ਜਿਉਂ ਹੀ ਪਹਿਲੀ ਸੰਸਾਰ ਜੰਗ ਸ਼ੁਰੂ ਹੋਈ ਭਾਰਤੀਆਂ ਨੇ ਅੰਗਰੇਜ਼ਾਂ ਵਿਰੁੱਧ ਬਗਾਵਤ ਦਾ ਝੰਡਾ ਚੁੱਕਣ ਲਈ ਸੈਕਰੈਮੈਂਟਾ (ਕੈਲੇਫੋਰਨੀਆ) ਵਿਖੇ ਜੰਗੀ ਸਲਾਹਕਾਰ ਕਮੇਟੀ ਦਾ ਗਠਨ ਕੀਤਾ। ਇਸ ਵਿੱਚ ਕਰਤਾਰ ਸਿੰਘ ਨੇ ਪ੍ਰਮੁੱਖ ਭੂਮਿਕਾ ਨਿਭਾਈ ਅਤੇ ਜਦੋਂ ਪਾਰਟੀ ਨੇ ਹਵਾਈ ਜਹਾਜ਼ ਉਡਾਉਣ ਲਈ ਸਿਖਲਾਈ ਪ੍ਰਾਪਤ ਕਰਨ ਵਾਲੇ ਵਲੰਟੀਅਰਾਂ ਦੇ ਨਾਂ ਮੰਗੇ ਤਾਂ ਕਰਤਾਰ ਸਿੰਘ ਇਸ ਕੰਮ ਲਈ ਆਪਣਾ ਨਾਂ ਲਿਖਵਾਉਣ ਵਾਲਾ ਸਭ ਤੋਂ ਪਹਿਲਾਂ ਵਲੰਟੀਅਰ ਸੀ ਅਤੇ ਉਸਨੂੰ ਇਸ ਕੰਮ ਲਈ ਚੁਣ ਵੀ ਲਿਆ ਗਿਆ ਸੀ।

ਜਦ ਪਾਰਟੀ ਨੇ ਇਨਕਲਾਬ ਲਈ ਕੰਮ ਕਰਨ ਵਾਸਤੇ ਮੈਂਬਰਾਂ ਨੂੰ ਭਾਰਤ ਭੇਜਣ ਦਾ ਫੈਸਲਾ ਕੀਤਾ ਤਾਂ ਕਰਤਾਰ ਸਿੰਘ ਪਹਿਲੇ ਬੈਚ ਵਿੱਚ ਹੀ ਭਾਰਤ ਜਾਣ ਵਾਲੇ ਲੋਕਾਂ ਵਿੱਚ ਸਭ ਤੋਂ ਪਹਿਲਾ ਵਿਅਕਤੀ ਸੀ। ਉਹ ਭਾਰਤ ਇਕੱਲਾ ਨਹੀਂ ਆਇਆ ਸਗੋਂ ਆਪਣੇ ਨਾਲ ਤਿੰਨ ਅਮਰੀਕਨ ਕ੍ਰਾਂਤੀਕਾਰੀਆਂ ਨੂੰ ਵੀ ਲੈ ਕੇ ਆਇਆ ਜਿੰਨ੍ਹਾਂ ਵਿੱਚ ਦੋ ਪੁਰਸ਼ ਅਤੇ ਇੱਕ ਇਸਤਰੀ ਸੀ।

ਉਹ ਭੇਸ ਬਦਲਣ ਵਿੱਚ ਮਾਹਰ ਸੀ ਤੇ ਉਹ ਭੇਸ ਬਦਲ ਕੇ ਪੁਲੀਸ ਦੀਆਂ ਅੱਖਾਂ ਵਿੱਚ ਘੱਟਾ ਪਾ ਕੇ ਭਾਰਤ ਵਿੱਚ ਦਾਖਲ ਹੋਇਆ ਅਤੇ ਇੱਥੇ ਆਉਣ ਸਾਰ ਕ੍ਰਾਂਤੀਕਾਰੀ ਕੰਮਾਂ ਵਿੱਚ ਵਿਆਸਥ (ਰੁੱਝ ਗਿਆ) ਹੋ ਗਿਆ।

ਉਹ ਪਿੰਗਲੇ ਰਾਹੀਂ ਸਚਿੰਦਰ ਨਾਥ ਸਾਨਿਆਲ ਅਤੇ ਰਾਸ ਬਿਹਾਰੀ ਬੋਸ ਨੂੰ ਮਿਲਿਆ। ਉਹ ਪਿੰਗਲੇ ਅਤੇ ਸਾਨਿਆਲ ਨਾਲ ਪੰਜਾਬ ਤੋਂ ਬਾਹਰ ਬੜੀ ਆਜ਼ਾਦੀ ਨਾਲ ਆਉਂਦਾ ਜਾਂਦਾ ਸੀ। ਉਹ ਕਦੇ ਬਗਾਵਤ ਦਾ ਪ੍ਰਚਾਰ ਕਰਨ ਲਈ ਫੌਜੀ ਛਾਉਣੀਆਂ ਅਤੇ ਹੋਰ ਫੌਜੀ ਸੰਸਥਾਵਾਂ ਵਿੱਚ ਵੀ ਜਾਂਦਾ ਸੀ। ਉਹ ਕਿਲ੍ਹਾ ਫਿਰੋਜ਼ਪੁਰ ਦੇ ਸਿਪਾਹੀਆਂ ਨੂੰ ਅਸਲਾਖਾਨਾ ਲੁੱਟਣ ਲਈ ਤਿਆਰ ਕਰਨ ਵਿੱਚ ਸਫਲ ਹੋ ਗਿਆ।

ਉਹ ਰਾਸ ਬਿਹਾਰੀ ਬੋਸ ਦੀ ਸਲਾਹ ਮੰਨ ਕੇ ਅਤੇ ਨਵਾਬ ਖਾਨ ਦੀ ਹੱਲਾਸ਼ੇਰੀ ਕਾਰਨ ਡਕੈਤੀਆਂ ਕਰਨ ਲਈ ਤਿਆਰ ਹੋ ਗਿਆ। ਇਸ ਪਿੱਛੋਂ ਅਜਿਹੀ ਕੋਈ ਡਕੈਤੀ ਨਹੀਂ ਸੀ ਜਿਸ ਵਿੱਚ ਉਸਨੇ ਭਾਗ ਨਾ ਲਿਆ ਹੋਵੇ। ਡਕੈਤੀਆਂ ਮਾਰਨ ਸਮੇਂ ਵੀ ਆਪਣੇ ਮਿਸ਼ਨ ਬਾਰੇ ਲੋਕਾਂ ਨੂੰ ਦੱਸਣਾ ਨਹੀਂ ਭੁੱਲਦਾ ਸੀ। ਡਾਕਾ ਪੈਣ ਵਾਲੇ ਘਰ ਦੇ ਬੰਦਿਆਂ ਨੂੰ ਦੱਸਦਾ ਸੀ ਕਿ ਕਿਉਂਕਿ ਅੰਗਰੇਜ਼ਾਂ ਨੂੰ ਕੱਢਣ ਵਾਸਤੇ ਪੈਸੇ ਦੀ ਸਖ਼ਤ ਲੋੜ ਸੀ। ਇਸ ਲਈ ਡਾਕੇ ਮਾਰਨ ਤੋਂ ਬਿਨਾਂ



ਉਨ੍ਹਾਂ ਕੋਲ ਆਮਦਨ ਦਾ ਹੋਰ ਕੋਈ ਸਾਧਨ ਨਹੀਂ ਸੀ ਅਤੇ ਲੋਕਾਂ ਨਾਲ ਵਾਅਦਾ ਕਰਦਾ ਸੀ ਕਿ ਆਜ਼ਾਦੀ ਪ੍ਰਾਪਤ ਕਰਨ ਪਿੱਛੋਂ ਉਨ੍ਹਾਂ ਸਾਰਿਆਂ ਦਾ ਪੈਸਾ ਸਣੇ ਵਿਆਜ ਵਾਪਸ ਮੋੜ ਦੇਵੇਗਾ। ਉਹ ਬੜੇ ਉੱਚੇ ਸਦਾਚਾਰਕ ਚਾਲ-ਚਲਣ ਦਾ ਮਾਲਕ ਸੀ। ਸਾਹਨੇਵਾਲ ਦੀ ਡਕੈਤੀ ਸਮੇਂ ਉਸ ਘਰ ਦੀ ਸੁੰਦਰ ਕੁੜੀ ਉੱਪਰ ਉਸਦੇ ਇੱਕ ਸਾਥੀ ਦੀ ਨੀਤ ਖਰਾਬ ਹੋ ਗਈ ਅਤੇ ਉਸਨੇ ਕੁੜੀ ਦੀ ਬਾਂਹ ਫੜ ਲਈ। ਸਰਾਭੇ ਨੇ ਫੌਰਨ ਸਾਥੀ ਦੀ ਛਾਤੀ ਉੱਪਰ ਪਿਸਤੌਲ ਰੱਖਿਆ ਅਤੇ ਉਸਨੂੰ ਆਪਣੇ ਗੰਦੇ ਵਿਵਹਾਰ ਲਈ ਕੁੜੀ ਤੋਂ ਮੁਆਫੀ ਮੰਗਣ ਲਈ ਮਜ਼ਬੂਰ ਕਰ ਦਿੱਤਾ। ਕਈ ਵਾਰ ਉਹ ਪੁਲੀਸ ਦੇ ਘੇਰੇ ਵਿੱਚੋਂ ਬਚਕੇ ਨਿਕਲਿਆ ਸੀ। ਇੱਕ ਵਾਰ ਸਾਈਕਲ ਉੱਤੇ ਚੜ੍ਹਕੇ ਆਪਣੇ ਕਿਸੇ ਦੋਸਤ ਨੂੰ ਮਿਲਣ ਗਿਆ। ਉਸਨੇ ਦੇਖਿਆ ਕਿ ਪੁਲੀਸ ਦੋਸਤ ਦੇ ਘਰ ਦੀ ਤਲਾਸ਼ੀ ਲੈ ਰਹੀ ਸੀ। ਕਰਤਾਰ ਸਿੰਘ ਨੇ ਜੈਂਟਲਮੈਨਾਂ ਵਾਂਗ ਕੋਟ ਪੈਂਟ ਪਾਈ ਸੀ। ਉਸਨੇ ਪੁਲੀਸ ਨੂੰ ਆਖਿਆ ਕਿ ਉਨ੍ਹਾਂ ਨੂੰ ਬੜੀ ਈਮਾਨਦਾਰੀ ਨਾਲ ਆਪਣਾ ਫ਼ਰਜ਼ ਨਿਭਾਉਣਾ ਚਾਹੀਦੈ ਅਤੇ ਸਰਕਾਰ-ਵਿਰੋਧੀ ਅਨਸਰਾਂ ਨਾਲ ਸਖ਼ਤੀ ਨਾਲ ਨਿਪਟਣਾ ਚਾਹੀਦੈ। ਪੁਲੀਸ ਵਾਲਿਆਂ ਨੇ ਉਸਨੂੰ ਕੋਈ ਸਰਕਾਰੀ ਮੁਲਾਜ਼ਮ ਸਮਝਿਆ। ਉਸਨੇ ਉਨ੍ਹਾਂ ਨਾਲ ਦਸ ਪੰਦਰਾਂ ਮਿੰਟ ਗੱਲਾਂ ਕੀਤੀਆਂ ਅਤੇ ਉੱਥੋਂ ਚਲਾ ਗਿਆ। ਜਦ ਪੁਲੀਸ ਵਾਲਿਆਂ ਨੇ ਉਸ ਨੂੰ ਕਚਹਿਰੀ ਵਿੱਚ ਦੇਖਿਆ ਤਾਂ ਉਨ੍ਹਾਂ ਨੂੰ ਬੜੀ ਸ਼ਰਮ ਆਈ। ਜਦ ਉੱਥੇ ਮੌਜੂਦ ਲੋਕਾਂ ਅਤੇ ਜੱਜ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਸੁਣ ਕੇ ਉਹ ਖੂਬ ਹੱਸੇ।

ਕ੍ਰਾਂਤੀਕਾਰੀ ਲਹਿਰ ਦੇ ਅਸਫਲ ਹੋ ਜਾਣ ਪਿੱਛੋਂ, ਪਾਰਟੀ ਦੇ ਕੁੱਝ ਮੈਂਬਰਾਂ ਨੇ ਭਾਰਤ ਵਿੱਚੋਂ ਬਚ ਕੇ ਨਿਕਲ ਜਾਣ ਦਾ ਫੈਸਲਾ ਕੀਤਾ। ਕਰਤਾਰ ਸਿੰਘ, ਹਰਨਾਮ ਸਿੰਘ ਟੁੰਡੀਲਾਟ ਅਤੇ ਜਗਤ ਸਿੰਘ ਆਦਿ ਨੂੰ ਅਫ਼ਗਾਨਿਸਤਾਨ ਜਾਣ ਲਈ ਆਖਿਆ ਗਿਆ ਅਤੇ ਉਹ ਉੱਥੇ ਪਹੁੰਚ ਵੀ ਗਏ। ਜਿਸ ਸਮੇਂ ਕਰਤਾਰ ਸਿੰਘ ਦੇ ਸਾਥੀ ਭਾਰਤ ਵਿੱਚ ਗ੍ਰਿਫਤਾਰ ਕੀਤੇ ਜਾ ਚੁੱਕੇ ਸਨ ਤਾਂ ਉਸਦੀ ਜ਼ਮੀਰ ਨੇ ਉਸ ਨੂੰ ਇਸ ਤਰ੍ਹਾਂ ਭੱਜ ਜਾਣ ਦੀ ਆਗਿਆ ਨਹੀਂ ਦਿੱਤੀ। ਉਹ ਆਪਣੇ ਦੋ ਮਿੱਤਰਾਂ ਨਾਲ ਵਾਪਸ ਆ ਕੇ ਸਰਗੋਧਾ ਦੇ ਚੱਕ ਨੰ: 5 ਵਿੱਚ ਪਹੁੰਚ ਗਿਆ, ਜਿੱਥੇ ਫੌਜੀਆਂ ਦਾ ਘੋੜਿਆਂ ਦਾ ਫਾਰਮ ਸੀ ਅਤੇ ਉਸ ਨੇ ਫੌਜੀਆਂ ਵਿੱਚ ਬਗਾਵਤ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਇੱਕ ਰਸਾਲਦਾਰ ਨੇ ਉਸ ਨੂੰ ਪਛਾਣ ਲਿਆ ਅਤੇ ਉਸਦੇ ਮਿੱਤਰਾਂ ਸਮੇਤ ਉਸ ਨੂੰ ਗ੍ਰਿਫਤਾਰ ਕਰਵਾ ਦਿੱਤਾ।

ਮਿਸਟਰ ਟੋਮਕਿਨ ਵਰਗੇ ਸੀ.ਆਈ.ਡੀ. ਅਫਸਰ ਉਸਦੀ ਪੁੱਛ ਗਿੱਛ ਕਰਨ ਤੋਂ ਡਰਦੇ ਸਨ ਕਿਉਂਕਿ ਉਹ ਹਾਰ ਨਾ ਮੰਨਣ ਵਾਲਾ, ਆਜ਼ਾਦੀ ਦੇ ਕਾਜ ਨੂੰ ਅਰਪਣ, ਗੁਲਾਮੀ ਦਾ ਕੱਟੜ ਦੁਸ਼ਮਣ, ਨਿਧੜਕ ਨੌਜਵਾਨ ਸੀ।

ਜਦ ਲਾਹੌਰ ਦੀ ਸੈਂਟਰਲ ਜੇਲ੍ਹ ਵਿੱਚ ਉਹ ਨਜ਼ਰਬੰਦ ਸੀ ਤਾਂ ਉਸ ਨੇ ਜੇਲ੍ਹ ਤੋੜ ਕੇ ਭੱਜਣ ਦੀ ਅਸਫਲ ਕੋਸ਼ਿਸ਼ ਕੀਤੀ। ਉਹ ਆਰੀ ਅਤੇ ਕੱਟਣ ਵਾਲੇ ਹੋਰ ਸੰਦਾਂ ਅਤੇ ਬੰਬ ਬਣਾਉਣ ਵਾਲੀ ਸਮੱਗਰੀ ਸਮੇਤ ਫੜਿਆ ਗਿਆ। ਪਰ ਉਸ ਦੇ ਅੰਦਰ ਪਹਿਲਾਂ ਵਰਗਾ ਹੀ ਆਤਮ-ਵਿਸ਼ਵਾਸ ਕਾਇਮ ਸੀ। ਉਹ ਪਹਿਲਾਂ ਦੀ ਤਰ੍ਹਾਂ ਹੀ ਹਸਦਾ ਰਿਹਾ ਅਤੇ ਆਪਣੇ ਸਾਥੀਆਂ ਨੂੰ ਹਸਾਉਂਦਾ ਰਿਹਾ। ਉਹ ਆਪਣੀਆਂ ਹੱਥਕੜੀਆਂ ਨੂੰ ਸਾਜ਼ਾਂ ਵਜੋਂ ਵਰਤਕੇ ਦੇਸ਼ ਭਗਤੀ ਦੇ ਗੀਤ ਗਾਇਆ ਕਰਦਾ ਸੀ। ਜਦ ਉਸਦੇ ਮੁਕੱਦਮੇ ਦੀ ਸੁਣਵਾਈ ਸ਼ੁਰੂ ਹੋਈ ਤਾਂ ਆਪਣੇ ਜਾਣੇ ਇੱਕੋ ਸਮੇਂ ਦੋ ਕਚਹਿਰੀਆਂ ਵਿੱਚ ਪੇਸ਼ ਹੋਇਆ ਮਹਿਸੂਸ ਕਰਦਾ ਸੀ। ਜੱਜ ਆਪਣੀ ਕਚਹਿਰੀ ਲਗਾਉਂਦੇ ਸਨ ਅਤੇ ਸਰਾਭਾ ਆਪਣੇ ਮਿੱਤਰਾਂ ਨਾਲ ਲਤੀਫ਼ਿਆਂ ਅਤੇ ਹਾਸੇ ਮਖੌਲ ਦੀ ਕਚਹਿਰੀ ਲਗਾਉਂਦਾ ਸੀ। ਜੇਲ੍ਹ ਕੋਠੜੀਆਂ ਦੀਆਂ ਛਛੂੰਦਰਾਂ ਅਤੇ ਕ੍ਰਾਂਤੀਕਾਰੀਆਂ ਦੇ ਵਿਰੁੱਧ ਭੁਗਤਣ ਵਾਲੇ ਗਵਾਹ ਉਸਦੇ ਵਿਅੰਗ ਦਾ ਨਿਸ਼ਾਨਾ ਹੁੰਦੇ ਸਨ। ਜੱਜ ਵਾਰ-ਵਾਰ ਘੰਟੀਆਂ ਵਜਾਉਂਦੇ ਸਨ ਪਰ ਉਹ ਉਨ੍ਹਾਂ ਦੀ ਕੋਈ ਪ੍ਰਵਾਹ ਨਹੀਂ ਸੀ ਕਰਦਾ।

ਗਵਾਹਾਂ ਦੀਆਂ ਗਵਾਹੀਆਂ ਸੁਣਨ ਤੋਂ ਪਿੱਛੋਂ ਜੱਜ ਨੇ ਕਰਤਾਰ ਸਿੰਘ ਨੂੰ ਆਪਣੀ ਸਫ਼ਾਈ ਪੇਸ਼ ਕਰਨ ਲਈ ਆਖਿਆ। ਉਸਨੇ ਕ੍ਰਾਂਤੀਕਾਰੀ ਲਹਿਰ ਵਿੱਚ ਆਪਣੇ ਵੱਲੋਂ ਪਾਇਆ ਗਿਆ ਯੋਗਦਾਨ ਸਵਿਕਾਰ ਕੀਤਾ ਅਤੇ ਬੜੇ ਫ਼ਖ਼ਰ ਨਾਲ ਐਲਾਨ ਕੀਤਾ ਕਿ ਜੋ ਕੁੱਝ ਉਸਨੇ ਕੀਤਾ ਸੀ ਆਪਣੀ ਜਿੰਮੇਵਾਰੀ ਦੇ ਅਹਿਸਾਸ ਨਾਲ ਕੀਤਾ ਸੀ। ਅੰਗਰੇਜ਼ਾਂ ਦੀ ਗੁਲਾਮੀ ਵਿਰੁੱਧ ਲੋਕਾਂ ਨੂੰ ਲਾਮਬੰਦ ਕਰਨਾ ਉਹ ਆਪਣਾ ਫਰਜ਼ ਸਮਝਦਾ ਸੀ। ਉਸਦਾ ਫੌਜ ਨੂੰ ਬਗਾਵਤ ਕਰਨ ਲਈ ਤਿਆਰ ਕਰਨਾ, ਕੌਮੀ ਝੰਡੇ ਤਿਆਰ ਕਰਨਾ ਅਤੇ ਹੋਰ ਕ੍ਰਾਂਤੀਕਾਰੀ ਕਾਰਜ ਕਰਨਾ ਭਾਰਤ ਨੂੰ ਆਜ਼ਾਦ ਕਰਵਾਉਣ ਲਈ ਉਸਦੇ ਅਬਦਲ ਪੈਦਾਇਸ਼ੀ ਅਧਿਕਾਰ ਦੀ ਪੂਰਤੀ ਸੀ। ਉਸਦਾ ਬਿਆਨ ਲਿਖਣ ਪਿੱਛੋਂ ਜੱਜਾਂ ਨੇ ਉਸਨੂੰ ਪੁੱਛਿਆ, ਕਰਤਾਰ ਸਿੰਘ, ਤੈਨੂੰ ਪਤਾ ਹੈ ਤੇਰਾ ਇਹ ਬਿਆਨ ਤੈਨੂੰ ਕਿੱਥੇ ਪਹੁੰਚਾ ਦੇਵੇਗਾ? ਕਰਤਾਰ ਸਿੰਘ ਨੇ ਜਵਾਬ ਦਿੱਤਾ ਕਿ ਮੈਨੂੰ ਆਪਣੀ ਹੋਣੀ ਦਾ ਪਤਾ ਹੈ। ਮੈਨੂੰ ਜਾਂ ਤਾਂ ਦੇਸ਼ ਨਿਕਾਲਾ ਮਿਲੇਗਾ ਜਾਂ ਫਾਂਸੀ ਉੱਤੇ ਲਟਕਾ ਦਿੱਤਾ ਜਾਵੇਗਾ। ਜੱਜ ਨੇ ਆਖਿਆ, ਮੈਂ ਤੈਨੂੰ ਇੱਕ ਰਾਤ ਹੋਰ ਸੋਚਣ ਲਈ ਦਿੰਦਾ ਹਾਂ। ਪਰ ਅਗਲੇ ਦਿਨ ਵੀ ਕਰਤਾਰ ਸਿੰਘ ਆਪਣੇ ਪਹਿਲੇ ਬਿਆਨਾਂ ਤੇ ਕਾਇਮ ਰਿਹਾ ਅਤੇ ਜੱਜ ਨੂੰ ਕਿਹਾ ਕਿ ਜਿਹੜਾ ਬਿਆਨ ਉਸਨੇ ਪਹਿਲਾਂ ਦਿੱਤਾ ਸੀ, ਉਸਦਾ ਇੱਕ ਇੱਕ ਸ਼ਬਦ ਉਸਨੇ ਪੂਰੀ ਜ਼ਿੰਮੇਵਾਰੀ ਨਾਲ ਆਖਿਆ ਸੀ ਅਤੇ ਉਹ ਕਿਸੇ ਵੀ ਸ਼ਬਦ ਤੋਂ ਮੁਕਰਨ ਲਈ ਤਿਆਰ ਨਹੀਂ।

ਜਦ ਉਸ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਤਾਂ ਉਹ ਬੜੇ ਜ਼ੋਰ ਨਾਲ ਉੱਚੀ-ਉੱਚੀ ਹੱਸਿਆ ਅਤੇ ਜੱਜ ਦਾ ਧੰਨਵਾਦ ਕੀਤਾ। ਮੌਤ ਦੀ ਸਜ਼ਾ ਸੁਣਾਏ ਜਾਣ ਪਿੱਛੋਂ ਕਰਤਾਰ ਸਿੰਘ ਅਤੇ ਉਸਦੇ ਸਾਥੀਆਂ ਨੂੰ ਫਾਂਸੀ ਵਾਲੇ ਮੁਜ਼ਰਮਾਂ ਵਾਲੇ ਕੱਪੜੇ ਪੁਆਕੇ ਅਜਿਹੇ ਮੁਜ਼ਰਮਾਂ ਲਈ ਬਣੀਆਂ ਖਾਸ ਕੋਠੜੀਆਂ ਵਿੱਚ ਬੰਦ ਕਰ ਦਿੱਤਾ ਗਿਆ। ਜੇਲ੍ਹ ਸੁਪਰਡੰਟ ਕਾਨੂੰਨੀ ਕਾਰਵਾਈ ਪੂਰੀ ਕਰਨ ਲਈ ਕਰਤਾਰ ਸਿੰਘ ਕੋਲ ਗਿਆ ਅਤੇ ਉਸਨੂੰ ਪੁੱਛਿਆ ਕਿ ਕੀ ਉਹ ਰਹਿਮ ਦੀ ਅਪੀਲ ਕਰਨਾ ਚਾਹੁੰਦਾ ਸੀ? ਕਰਤਾਰ ਸਿੰਘ ਨੇ ਜਵਾਬ ਦਿੱਤਾ, ਮੈਨੂੰ ਰਹਿਮ ਦੀ ਅਪੀਲ ਵਿੱਚ ਕੋਈ ਦਿਲਚਸਪੀ ਨਹੀਂ। ਮੈਂ ਬੇਨਤੀ ਕਰਦਾ ਹਾਂ ਕਿ ਮੈਨੂੰ ਛੇਤੀ ਤੋਂ ਛੇਤੀ ਫਾਂਸੀ ਦਿੱਤੀ ਜਾਵੇ ਤਾਂਕਿ ਮੈਂ ਦੁਬਾਰਾ ਜਨਮ ਲੈ ਕੇ ਮੁੜ ਗੁਲਾਮੀ ਵਿਰੁੱਧ ਲੜ ਸਕਾਂ।

16 ਨਵੰਬਰ, 1915 ਨੂੰ ਸਰਕਾਰ ਨੇ ਇੱਕ ਫੈਸਲੇ ਰਾਹੀਂ 17 ਗਦਰੀ ਕ੍ਰਾਂਤੀਕਾਰੀਆਂ ਦੀ ਮੌਤ ਸਜ਼ਾ ਘਟਾ ਕੇ ਉਸਨੂੰ ਦੇਸ਼ ਨਿਕਾਲੇ ਵਿੱਚ ਬਦਲ ਦਿੱਤਾ, ਪਰ ਕਰਤਾਰ ਸਿੰਘ ਅਤੇ ਉਸਦੇ ਛੇ ਸਾਥੀਆਂ ਦੀ ਮੌਤ ਦੀ ਸਜ਼ਾ ਬਰਕਰਾਰ ਰੱਖੀ। ਉਸ ਨੂੰ ਇੱਕ ਵਾਰ ਫੇਰ ਰਹਿਮ ਦੀ ਅਪੀਲ ਕਰਨ ਬਾਰੇ ਪੁੱਛਿਆ ਗਿਆ ਤਾਂ ਉਸਦਾ ਉਹੀ ਜਵਾਬ ਸੀ, ਮੈਨੂੰ ਛੇਤੀ ਤੋਂ ਛੇਤੀ ਫਾਂਸੀ ਦਿਓ।

ਕਰਤਾਰ ਸਿੰਘ ਦੇ ਮਾਤਾ-ਪਿਤਾ ਉਸਦੇ ਬਚਪਨ ਸਮੇਂ ਹੀ ਸੁਰਗਵਾਸ ਹੋ ਗਏ ਸਨ। ਉਸਦੇ ਬਿਰਧ ਦਾਦੇ ਨੇ ਉਸ ਨੂੰ ਪਾਲਿਆ ਸੀ। ਜਦ ਉਹ ਪਹਿਲੀ ਵਾਰ ਕਰਤਾਰ ਸਿੰਘ ਨਾਲ ਮੁਲਾਕਾਤ ਕਰਨ ਲਈ ਜੇਲ੍ਹ ਵਿੱਚ ਆਇਆ ਤਾਂ ਉਹ ਰੋਣ ਲੱਗ ਪਿਆ। ਕਰਤਾਰ ਸਿੰਘ ਨੇ ਉਸਨੂੰ ਆਖਿਆ ਦਾਦਾ ਜੀ, ਤੁਸੀਂ ਕਿਉਂ ਰੋਂਦੇ ਹੋ, ਮੈਂ ਪਰਿਵਾਰ ਲਈ ਕੋਈ ਬਦਨਾਮੀ ਖੱਟ ਕੇ ਨਹੀਂ ਜਾ ਰਿਹਾ। ਮੈਨੂੰ ਤੀਹ ਕ੍ਰੋੜ ਗੁਲਾਮ ਦੱਬੇ ਕੁਚਲੇ ਲੋਕਾਂ ਵਾਸਤੇ ਆਜ਼ਾਦੀ ਖਾਤਰ ਕੰਮ ਕਰਨ ਦੇ ਜ਼ੁਰਮ ਵਿੱਚ ਫਾਂਸੀ ਦਿੱਤੀ ਜਾ ਰਹੀ ਹੈ। ਤੁਹਾਨੂੰ ਅਜਿਹੀ ਸ਼ਾਨਦਾਰ ਮੌਤ ਉੱਪਰ ਰੋਣ ਦੀ ਬਜਾਇ ਖੁਸ਼ ਹੋਣਾ ਚਾਹੀਦੈ। ਕਰਤਾਰ ਸਿੰਘ ਦੇ ਮੂੰਹੋਂ ਅਜਿਹੇ ਦਲੇਰੀ ਭਰੇ ਸ਼ਬਦ ਸੁਣਕੇ ਦਾਦਾ ਖੁਸ਼ ਹੋ ਗਿਆ ਅਤੇ ਉਸਨੇ ਕਰਤਾਰ ਸਿੰਘ ਨੂੰ ਅੰਤਿਮ ਅਸ਼ੀਰਵਾਦ ਦਿੱਤੀ।

17 ਨਵੰਬਰ, 1915 ਵਾਲੇ ਦਿਨ ਕਰਤਾਰ ਸਿੰਘ ਅਤੇ ਉਸਦੇ ਛੇ ਸਾਥੀਆਂ ਨੂੰ ਲਾਹੌਰ ਦੀ ਸੈਂਟਰਲ ਜੇਲ੍ਹ ਵਿੱਚ ਫਾਂਸੀ ਦੇ ਦਿੱਤੀ ਗਈ। ਉਸਦੀ ਸ਼ਹਾਦਤ ਬਾਰੇ ਬਹੁਤ ਕੁਝ ਲਿਖਿਆ ਗਿਆ ਹੈ। ਕਰਤਾਰ ਸਿੰਘ ਨੇ ਖੁਦ ਆਪਣੇ ਗਲ ਵਿੱਚ ਫਾਂਸੀ ਵਾਲਾ ਫੰਧਾ ਪਾਇਆ। ਮੌਤ ਦਾ ਮਖੌਲ ਉਡਾਉਂਦਾ ਹੋਇਆ ਅਮਰ ਹੋ ਗਿਆ। ਆਪਣੀ ਜ਼ਿੰਦਗੀ ਦੇ ਬਹੁਤ ਥੋੜ੍ਹੇ ਸਮੇਂ ਵਿੱਚ ਆਪਣੀ ਜਵਾਨੀ ਅਤੇ ਨਾ ਤਜ਼ਰਬਾਕਾਰੀ ਦੇ ਬਾਵਜੂਦ ਉਹ ਸਮੁੱਚੀ ਮਨੁੱਖਤਾ ਅਤੇ ਖਾਸ ਕਰ ਆਪਣੇ ਦੇਸ਼ ਵਾਸੀਆਂ ਦੀ ਸੁਤੰਤਰਤਾ ਦੇ ਕਾਰਜ ਲਈ ਆਪਣੀ ਜ਼ਿੰਦਗੀ ਕੁਰਬਾਨ ਕਰ ਗਿਆ। ਦੁਨੀਆਂ ਦੇ ਇਤਿਹਾਸ ਵਿੱਚ ਬਹੁਤ ਘੱਟ ਲੋਕ ਉਸਦੇ ਸਾਨੀ ਹਨ।

**(ਅੰਗਰੇਜ਼ੀ ਵਿੱਚੋਂ ਪੰਜਾਬੀ ਅਨੁਵਾਦ, ਇੰਦਰ ਸਿੰਘ ਖਾਮੋਸ਼)**

# ਧਰਮ ਦੀ ਸਾਇੰਸ

ਕਮਲ ਵਿਨੀਪੈਗ



ਧਰਮ ਅਤੇ ਸਾਇੰਸ ਦੇ ਮੁਦੇ ਨੂੰ ਲੈ ਕੇ ਬਹੁਤੇ ਲੋਕ ਐਵੇਂ ਹੀ ਸਿੰਗ ਫਸਾਈ ਰੱਖਦੇ ਹਨ। ਰੱਬ ਤੇ ਵਿਸ਼ਵਾਸ ਕਰਨ ਵਾਲੇ ਧਰਮ ਦੀ ਪੂਛ ਨੀ ਛਡਦੇ ਤੇ ਨਾਸਤਿਕ ਲੋਕ ਸਾਇੰਸ ਦੀਆਂ ਦੇਣਾਂ ਗਿਣਵਾਉਂਦੇ ਨੀ ਥੱਕਦੇ। ਕੁਝ ਲੋਕ ਧਰਮ ਤੇ ਸਾਇੰਸ ਨੂੰ ਦੋ ਵਖਰੇ ਵਿਸ਼ੇ ਬਣਾ ਕੇ ਉਹਨਾਂ ਦਾ ਸੁਮੇਲ ਕਰਨ ਦਾ ਜਤਨ ਕਰਦੇ ਹਨ। ਤੇ ਕਈ ਧਰਮ ਦਾ ਸਾਇੰਸੀਕਰਨ ਜਾਂ ਸਾਇੰਸ ਦਾ ਧਰਮੀਕਰਨ ਕਰਨ ਲਈ ਹਰ ਤਰਕ/ਅਤਰਕ ਵਰਤ ਕੇ ਇਸ ਨੂੰ ਜ਼ਿੰਦਗੀ ਦਾ ਮਨੋਰਥ ਹੀ ਬਣਾ ਛਡਦੇ ਹਨ। ਇਸਤੋਂ ਅਗੇ ਇਹ ਵੀ ਕਿਹਾ ਜਾਂਦਾ ਹੈ ਕਿ ਦੋਵੇਂ ਵਿਸ਼ੇ ਮਨੁੱਖਤਾ ਦਾ ਭਲਾ ਚਾਹੁੰਦੇ ਹਨ। ਪਰ ਇਹ ਮਨੁੱਖਤਾ ਹੈ ਕੀ ? ਤੇ ਇਸ ਦਾ ਭਲਾ ਕਿਵੇਂ ਹੋ ਸਕਦਾ ਹੈ। ਇਸ ਬਾਰੇ ਕੋਈ ਵਿਚਾਰ ਜਾਂ ਬਹਿਸ ਘਟ ਹੀ ਹੁੰਦੀ ਹੈ। ਕਿਸੇ ਦਾ ਮਾੜਾ ਨਾ ਕਰੋ , ਸਭ ਨੂੰ ਪਿਆਰ ਕਰੋ, ਕਿਸੇ ਦਾ ਹਕ ਨਾ ਮਾਰੋ, ਇਤਆਦ ਨੂੰ ਮਾਨਵਤਾ ਕਹਿ ਦਿੱਤਾਜਾਂਦਾ ਹੈ। ਕਿਉਂਕਿ ਕੋਈ ਵੀ ਮਨੁੱਖ ਇਹ ਨਹੀਂ ਚਾਹੁੰਦਾ ਕਿ ਉਸ ਨੂੰ ਮਨੁੱਖ ਨਾ ਕਹਿ ਕੇ ਕਿਸੇ ਹੋਰ ਨਾਂ ਨਾਲ ਜਾਣਿਆ ਜਾਵੇ। ਗੁਰੂ ਨਾਨਕ ਦੇ ਇਸ ਵਾਕ ਨੂੰ ਮਾਨਸ ਕੀ ਜਾਤ ਸਭੈ ਇਕ ਹੀ ਪਹਿਚਾਨਬੋ ਨੂੰ ਪੜਦਿਆਂ ਸਾਨੂੰ 500 ਸਾਲ ਤੋਂ ਉਪਰ ਹੋ ਗਏ ਹਨ। ਸ਼ਾਇਦ 5 ਕੁ ਬੰਦੇ ਹੀ ਹੋਣ ਜਿਹੜੇ ਇਸ ਨੂੰ ਅਮਲ ਚ ਵੀ ਲਿਆਉਂਦੇ ਹੋਣਗੇ। ਇਹ ਹਾਲ ਹੈ ਸਾਡੇ ਧਰਮ ਦਾ। ਕਿਹੜੀ ਮਨੁੱਖਤਾ ਬਣਾਓਗੇ। ਅਸੀਂ ਭੁੱਲ ਜਾਂਦੇ ਹਾਂ ਕਿ ਇਹਨਾਂ ਖੁਸ਼ਫਿਹਮੀਆਂ ਦੀਆਂ ਮੁਰਾਦਾਂ ਤੇ ਬਾਹਰ ਮੁਖੀ ਹਾਲਾਤਾਂ ਕਿਵੇਂ ਅਸਰ ਪਾਉਂਦੀਆਂ ਹਨ। ਅਤੇ ਕੁਝ ਦਾਨਸ਼ਮੰਦ ਇਹ ਵੀ ਕਹਿੰਦੇ ਹਨ ਕਿ ਸਾਇੰਸ ਜਿਥੇ ਦਿਸਦੇ ਮੈਟਰ ਦੀ ਖੋਜ ਕਰਦੀ ਹੈ ਉਥੇ ਧਰਮ ਉਸ ਮਾਦੇ ਵਿਚਲੀ ਚੇਤਨਤਾ ਦੀ ਖੋਜ ਕਰਦਾ ਹੈ। ਮਨੁੱਖ ਮਾਦਾ ਹੈ, ਮਨੁੱਖ ਚੇਤਨ ਹੈ, ਮਨੁੱਖ ਖੋਜ ਕਰਦਾ ਹੈ, ਮਨੁੱਖ ਧਾਤ (ਲੋਹਾ) ਲੱਭਦਾ ਹੈ। ਹੁਣ ਦੁਨਿਆਂ ਦਾ ਕਿਹੜਾ ਧਰਮ ਹੈ ਜੋ ਲੋਹੇ ਵਿਚੋਂ ਚੇਤਨਤਾ ਨੂੰ ਲੱਭੇਗਾ। ਧਰਮ ਦਾ ਖੋਜ ਨਾਲ ਉੱਕਾ ਹੀ ਕੋਈ ਤਾਅਲੁਕ ਨਹੀ। ਇਸ ਤੋਂ ਪਹਿਲਾਂ ਆਪਾ ਵਾਧੂ ਦਾ ਕੋਈ ਹੋਰ ਪਲਾਂਜਾ ਪਾ ਲਈਏ , ਸਾਨੂੰ ਧਰਮ ਅਤੇ ਸਾਇੰਸ ਦੀ ਪਰੀਭਾਸ਼ਾ ਦੀ ਵਿਆਖਿਆ ਕਰਨੀ ਪਵੇਗੀ।

**ਧਰਮ** : ਬਹੁਤੇ ਲੋਕ ਸ਼ਾਇਦ ਇਸ ਵਿਚਾਰ ਨਾਲ ਸਹਿਮਤ ਹੋ ਜਾਣ, ਕਿ ਕਿਸੇ ਸਮੂਹ ਦੇ ਆਪਸੀ ਮਨੁੱਖੀ ਸਬੰਧਾਂ ਚ ਬਣੇ ਖ਼ਾਸ ਕਾਇਦੇ/ਕਾਨੂੰਨ, ਸਭਿਆਚਾਰ ਅਤੇ ਵਿਸ਼ਵਾਸਾਂ ਨਾਲ ਜ਼ਿੰਦਗੀ ਨੂੰ ਕੋਈ ਅਰਥ ਦੇਣ ਦਾ ਨਾਂ ਹੀ ਧਰਮ ਹੈ। ਦੁਨਿਆਂ ਦੇ ਵਖੋ ਵਖਰੇ ਖਿਤਿਆਂ ਚ ਰਹਿੰਦੇ ਜਨ ਸਮੂਹਾਂ ਦੇ ਇਹ ਧਰਮ ਇਸੇ ਲਈ ਅਲਗ ਅਲਗ ਹਨ। ਵੱਡੇ ਜਨਸਮੂਹਾਂ ਦੇ ਧਰਮਾਂ ਵਿਚੋਂ ਕਈ ਵਾਰ ਉਪ-ਧਰਮ ਵੀ ਬਣ ਜਾਂਦੇ ਹਨ। ਜਾਂ ਫੇਰ ਕੋਈ ਵਖਰਾ ਧਰਮ ਵੀ ਹੋਂਦ ਵਿਚ ਆ ਜਾਂਦਾ ਹੈ। ਜਿਥੋਂ ਤਕ ਕਾਇਦੇ/ਕਾਨੂੰਨ, ਆਪਸੀ ਮਨੁੱਖੀ ਸਬੰਧ ਅਤੇ ਸਭਿਆਚਾਰਦਾ ਤਾਅਲੁਕ ਹੈ ਤਾਂ ਇਹ ਸਮੇਂ ਮੁਤਾਬਿਕ ਕਿਸੇ ਵੀ ਭੂਗੋਲਿਕ ਖੇਤਰ ਦੇ ਰੋਟੀ ਮੁਹੱਈਆ ਕਰਨ ਦੇ ਸਾਧਨਾਂ ਤੇ ਉਪਜ ਦੀ ਲੈਣ-ਦੇਣ ਦੀ ਵਿਵਸਥਾ ਨਾਲ ਬਦਲ ਜਾਂਦੇ ਹਨ। ਪਰ ਵਿਸ਼ਵਾਸਾਂ ਦਾ, ਮਨੁੱਖੀ ਹੋਂਦ ਨੂੰ ਬਰਕਰਾਰ ਰੱਖਣ ਵਾਸਤੇ, ਰੋਟੀ ਲਈ ਕੀਤੀ ਗਈ ਜਦੋ-ਜਹਿਦ ਨਾਲ ਕੋਈ ਵੀ ਸਿਧਾ ਤਾਅਾਲੁਕ ਨਹੀਂ। ਕਿਸੇ ਵੀ ਸਮੇਂ ਦੀਆਂ ਭੌਤਿਕ ਵਿਰੋਧਤਾਈਆਂ ਨੂੰ ਅਸਲੀਅਤ ਦੀ ਕਸਵੱਟੀ ਤੇ ਪਰਖ ਕੇ ਕੀਤੀ ਗਈ ਕੋਸ਼ਿਸ਼ ਹੀ ਮਨੁੱਖ ਨੂੰ ਇਨ੍ਹਾਂ ਵਿਸ਼ਵਾਸਾਂ ਨੂੰ ਬਦਲਣ ਲਈ ਮਜਬੂਰ ਕਰ ਸਕਦੀ ਹੈ।

ਇਨ੍ਹਾਂ ਸਾਰੇ ਧਰਮਾਂ ਵਿਚ ਜਿਸ ਮੁਢਲੀ ਚੀਜ਼ ਦੀ ਸਮਾਨਤਾ ਹੈ , ਉਹ ਹੈ ਕਿਸੇ ਅਗਿਆਤ ਸ਼ਕਤੀ (ਰਬ) ਨੂੰ ਸਾਰੀ ਕਾਇਨਾਤ ਦੇ ਚਾਲਕ ਹੋਣ ਦਾ ਵਿਸ਼ਵਾਸ। ਇਸ ਧਰਤੀ ਦੇ ਸਾਰੇ ਲੋਕਾਂ ਦੀ ਸਮਾਨਤਾ ਵਿਚ ਰੰਗ ਜਾਂ ਦਿੱਖ ਨੂੰ ਛੱਡ ਕੇ ਕੋਈ ਫਰਕ ਨਹੀਂ। ਸਾਰੇ ਲੋਕਾਂ ਦੇ ਲਹੂ ਦਾ ਰੰਗ ਲਾਲ ਹੈ। ਸਾਰੇ ਲੋਕ ਮੂੰਹ ਨਾਲ ਖਾਂਦੇ ਹਨ ਤੇ ਫੋਕਟ ਵੀ ਇਕੋ ਜਗਾਂ ਤੋਂ ਕੱਢਦੇ ਹਨ। ਭਗਤ ਕਬੀਰ ਦਾ ਸ਼ਲੋਕ ਜੇ ਤੈਂ ਬਾਹਮਣ ਬਾਹਮਣੀ ਜਾਇਆ, ਔਰ ਬਾਟ ਕਾਹੇ ਨਹੀਂ ਆਇਆ। ਸਾਰੇ ਲੋਕਾਂ ਦੀ ਪੈਦਾ ਹੋਣ ਦੀ ਵਿਧੀ ਵੀ ਇਕੋ ਜਿਹੀ ਹੈ। ਇਹਨਾਂ ਦਾ ਵਿਸ਼ਵਾਸ ਵੀ ਇਕੋ ਹੀ ਬਣਾਉਣ ਵਾਲੇ (ਰਬ) ਵਿਚ ਹੈ। ਤੇ ਇਹ ਸਾਰੇ ਹੀ ਮੰਨਦੇ ਹਨ ਕਿ ਉਹ (ਰਬ) ਦਿਆਲੂ ਹੈ, ਸਰਬ ਸ਼ਕਤੀਮਾਨ ਹੈ, ਪਿਆਰ ਦਾ ਸੋਮਾ ਹੈ, ਉਹ ਜਾਣੀ ਜਾਨਹੈ, ਜੋ ਹੁੰਦਾ ਹੈ ਉਸਦੀ ਰਜ਼ਾ ਨਾਲ ਹੁੰਦਾ ਹੈ (ਮਾੜਾ ਤੇ ਚੰਗਾ), ਉਸਦੀ ਇੱਛਾ ਤੋਂ ਬਗੈਰ ਪੱਤਾ ਵੀ ਨੀ ਹਿਲ ਸਕਦਾ, ਉਹ ਸਭ ਦਾ ਰਖਵਾਲਾ ਹੈ, ਪਾਲਣਹਾਰ ਹੈ। ਫਿਰ ਇਹ ਕਿਵੇਂ ਸੰਭਵ ਹੈ ਕਿ ਉਸਦੇ ਬਣਾਏ ਇਹ 99% ਇਨਸਾਨ ਆਪਣੇ ਜੀਵਨ ਦਾ ਵੱਡਾ ਹਿੱਸਾ ਡਰ ਵਿਚ ਰਹਿ ਕੇ ਹੀ ਬਤੀਤ ਕਰਦੇ ਹਨ ਤੇ ਉਹ ਵੀ ਦੂਜੇ ਇਨਸਾਨਾਂ ਦਾ ਡਰ। ਤੇ ਜੇ ਕਰ ਕੋਈ ਬੰਦਾ ਆਪਣੇ ਧਰਮ ਜਾਂ ਦੂਜੇ ਧਰਮ ਤੇ ਕੋਈ ਕਿੰਤੂ ਵੀ ਕਰ ਦੇਵੇ ਤਾਂ ਉਸ ਰਬ ਦੇ ਬਣਾਏ (ਅਤੇ ਰਬ ਵੱਲੋਂ ਹੀ ਕਿੰਤੂ ਕਰਵਾਏ) ਇਨਸਾਨ ਦੇ ਨਾਲ ਨਾਲ ਉਸਦੇ ਧਰਮ/ਪਰਿਵਾਰ/ਕੁਨਬੇ ਦਾ ਖ਼ੁਰਾਖ਼ੋਜ ਮਿਟਾਉਣਾ ਤਕ ਜਾਂਦੇ ਹਨ। ਹੋਰ ਤਾਂ ਹੋਰ, ਆਪਣੇ ਹੀ ਜਨ ਸਮੂਹ ਵਿਚ ਆਪਣੇ ਹੀ ਲੋਕਾਂ ਦਾ ਘਾਣ ਕਰਨ ਤੋਂ ਉਕਾ ਹੀ ਨਹੀਂ ਸੰਗਦੇ। ਇਹ ਕਿਹੋ ਜਿਹਾ ਰਬ ਹੈ ਜਿਸਨੇ 99% ਮਨੁੱਖ ਡਿਫੈਕਟਿਵ ਹੀ ਬਣਾਏ ਹਨ ਜਿਹੜੇ ਇਕ ਦੂਜੇ ਤੋਂ ਡਰੇ ਹੋਏ,ਦੂਸਰੇ ਇਨਸਾਨਾਂ ਨੂੰ ਮਾਰਨ, ਬੇ-ਪਤ ਕਰਨ, ਇਕ ਦੂਜੇ ਦਾ ਸ਼ੋਸ਼ਣ ਕਰਕੇ ਵੱਧ ਤੋਂ ਵੱਧ ਧਨ ਦੌਲਤ ਇਕੱਠੀ ਕਰਨ ਚ ਹੀ ਸਾਰਾ ਜੀਵਨ ਲਾ ਦਿੰਦੇ ਹਨ।

ਕਿਸੇ ਵੀ ਫੈਕਟਰੀ ਵਿਚ ਜੇ 40% ਤੋਂ ਵੀ ਜਿਆਦਾ ਚੀਜ਼ਾਂ ਨੁਕਸ ਵਾਲੀਆਂ ਬਣਨ ਤਾਂ ਫੈਕਟਰੀ ਦਾ ਦਵਾਲਾ ਨਿਕਲ ਜਾਂਦਾ ਹੈ ਤੇ ਕਈ ਵਾਰ ਮਾਲਕ ਖ਼ੁਦਕੁਸ਼ੀ ਕਰ ਬਹਿੰਦਾ ਹੈ। ਸ਼ਾਇਦ ਰੱਬ ਨੂੰ ਇਸ ਦਾ ਅਹਿਸਾਸ ਹੀ ਨਹੀਂ ਜਾਂ ਉਸ ਕੋਲ ਏਨੀ ਵਿਹਲ ਹੀ ਨਹੀਂ ਇਹ ਜਾਣਨ ਦੀ ਕਿ ਇਕ ਰੇਤ ਦੇ ਕਣ ਤੋਂ ਵੀ ਛੋਟੀ ਇਸ ਧਰਤੀ ਨੁਮਾਂ ਫੈਕਟਰੀ ਚ ਰੱਬ ਦੇ ਨਾਂ ਹੇਠ ਕਿਹੜੇ ਪਾਪੜ ਕਿਵੇਂ ਵੇਲੇ ਜਾਂਦੇ ਹਨ। ਤੇ ਇਸ ਧਰਤੀ ਦੇ ਬਾਸ਼ਿੰਦੇ ਆਪਣੇ ਆਪ ਦੇ ਘੜੇ ਵਿਸ਼ਵਾਸਾਂ (ਧਰਮਾਂ) ਨਾਲ ਫੈਕਟਰੀ ਦੇ ਮਾਲਕ (ਰੱਬ) ਨੂੰ ਟਲੀਆਂ ਖੜਕਾ ਕੇ ਜਗਾਉਂਦੇ, ਸਜਦੇ ਕਰਦੇ, ਲੱਭਦੇ, ਸਦੀਆਂ ਤੋਂ ਆਪਣੇ ਵਰਗੇ ਇਨਸਾਨਾਂ ਦਾ ਨਾਸ ਕਰਦੇ ਫਿਰ ਰਹੇ ਹਨ। ਇਸ ਲਈ ਸ਼ਾਇਦ ਧਰਮਾਂ ਦਾ ਰੱਬ ਨਾਲ ਉੱਕਾ ਹੀ ਕੋਈ ਵਾਸਤਾ ਨਹੀਂ। ਸ਼ਾਇਦ ਧਰਮਾਂ ਦਾ ਸਿੱਧਾ ਤਾਅਲੁਕ ਆਪਣੇ ਆਪਣੇ ਖ਼ਿੱਤੇ ਦੇ ਮਨੁੱਖ ਦੇ ਆਪਸੀ ਲੈਣ ਦੇਣ ਤੇ ਉਪਜ ਚੋਂ ਪੈਦਾ ਹੋਈਆਂ ਵਾਧੂ ਵਸਤਾਂ ਨੂੰ ਜਮਾਂ ਕਰਕੇ ਬਹੁਗਿਣਤੀ ਮੇਹਨਤਕਸ਼ ਜਨਤਾ ਦੀ ਗਰੀਬੀ, ਭੁਖਮਰੀ, ਅਨਿਆਂ, ਅਤੇ ਅੱਤਿਆਚਾਰ ਦੀਆਂ ਅਣਮਨੁੱਖੀ ਹਾਲਾਤਾਂ ਨੂੰ ਬਰਕਰਾਰ ਰੱਖਣਾਹੀ ਹੈ। ਤੇ ਇਸ ਕੁਤਖਾਨੀ ਨੂੰ ਜਾਇਜ਼ ਠਹਿਰਾਉਣ ਲਈ ਵਿਸ਼ਵਾਸਾਂ ਦੇ ਹਵਾਈ ਕਿਲੇ ਉਸਾਰ ਕੇ ਉਸ ਵਿਚ ਕਿਸੇ ਵੀ ਅਗਿਆਤ ਸ਼ਕਤੀ (ਰੱਬ) ਨੂੰ ਬਿਠਾ ਕੇ ਉਸਦੇ ਕਾਇਦੇ ਕਾਨੂੰਨ ਵੀ ਆਪੇ ਘੜ ਲੈਣੇ। ਧਰਤੀ ਦੀ ਦੌਲਤ ਤੇ ਮੁਠੀਭਰ ਲੋਕਾਂ ਨੇ ਕਬਜ਼ਾ ਕੀਤਾ ਹੋਇਆ ਹੈ। ਅਖੌਤੀ ਰੱਬ ਦੇ ਆਪ ਹੀ ਬਣੇ ਇਹ ਨੁਮਾਇੰਦੇ, ਅਣਮਨੁੱਖੀ ਕਾਇਦੇ ਕਾਨੂੰਨ ਘੜ ਕੇਹੁੰਦੀ ਇਸ ਅੰਨੀ ਲੁੱਟ ਵਿਚ, ਅਖੌਤੀ ਧਰਮਾਂ ਦੇ ਨਾਂ ਹੇਠ ਹੁੰਦੀ ਕਤਲੋਗਾਰਤ ਚ ਪੂਰਾ ਹਿਸਾ ਪਾਈ ਬੈਠੇ ਹਨ। ਮੇਹਨਤਕਸ਼ ਮਨੁੱਖ ਤਾਂ ਸਾਰਾ ਸਮਾਂ ਆਪਣਾ ਵਜੂਦ ਕਾਇਮ ਰੱਖਣ ਚ ਲਾਈ ਰੱਖਦਾ ਹੈ। ਵਿੱਦਿਆ ਤੋਂ ਵੈਸੇ ਹੀ ਵਾਂਝਾ ਹੋਣ ਕਰਕੇ ਉਹ ਇਹਨਾਂ ਘੁੰਣਤਰਬਾਜ਼ੀਆਂ ਦੀ ਪੋਲ ਖੋਲਣ ਤੋਂ ਅਸਮਰੱਥ ਹੈ। ਮੱਧਵਰਗੀ ਅਖੌਤੀ ਬੌਧਿਕ ਲਾਣਾ ਸੋਫੇ/ਕੁਰਸੀਆਂ ਤੇ ਬੈਠੇ ਕੇ ਚਾਹ/ਦਾਰੂ ਦੀਆਂ ਚੁਸਕੀਆਂ ਲੈਂਦੇ ਧਰਮ ਤੇ ਸਾਇੰਸ ਦੀ ਕੁਸ਼ਤੀ ਚ ਮਨੁੱਖਤਾ ਦੇ ਭਲੇ ਦੀਆਂ ਕਾਢਾਂ ਕੱਢਦੇ ਰਹਿੰਦੇ ਹਨ। ਧਰਮ ਦੇ ਇਹਨਾਂ ਅਖੌਤੀ ਵਿਸ਼ਵਾਸਾਂ ਦੀ ਟੇਕ ਤੇ ਬੈਠੇ 90% ਲੋਕ ਆਸਾਂ ਲਾਈ ਬੈਠੇ ਹਨ ਕਿ ਕਿਸੇ ਰੱਬ ਦੀ ਕਿਸੇ ਦਿਨ ਕੋਈ ਮੇਹਰ ਤਾਂ ਹੋਵੇਗੀ। ਪਰ ਸਦੀਆਂ ਹੀ ਲੰਘ ਚੁੱਕੀਆਂ ਹਨ, ਕਿਸੇ ਰਬ ਨੇ ਕਿਸੇ ਵੀ ਭਾਈ ਲਾਲੋ ਦੀ ਕੋਈ ਵੀ ਮੱਕੀ ਨਹੀਂ ਗੁੱਡੀ, ਨਾ ਹੀ ਕਿਸੇ ਆਸਤਕ ਨੂੰ ਕੋਈ ਚਾਹ ਦਾ ਕੱਪ ਬਣਾ ਕੇ ਦਿੱਤਾ ਹੈ। ਤੁਹਾਨੂੰ ਤਾਂ ਆਪਣੀ ਰੋਟੀ ਦੀਆਂ ਨਿਗੂਣੀਆਂ ਜਿਹੀਆਂ ਦੋ ਬੁਰਕੀਆਂ ਵੀ ਆਪਣੇ ਹੀ ਹੱਥਾਂ ਨਾਲ ਚੁੱਕ ਕੇ ਆਪਣੇ ਹੀ ਮੂੰਹ ਵਿਚ ਸੁੱਟਣੀਆਂ ਪੈਂਦੀਆਂ ਹਨ। ਧਰਮ ਦੇ ਵਿਸ਼ਵਾਸਾਂ ਦੀ ਇਸ ਆੜ ਵਿਚ ਤਾਂ ਸਿਰਫ ਮਲਕ ਭਾਗੋ ਹੋਰਾਂ ਦੇ ਮਖ਼ਮਲੀ ਬਿਸਤਰੇ ਹੀ ਨਿੱਘੇ ਹੁੰਦੇ ਹਨ, ਜਿਥੇ ਪੈ ਕੇ ਉਹ ਵਿਸ਼ਵਾਸਾਂ ਦੀਆਂ ਨਵੀਆਂ ਚਾਲਾਂ ਬਾਰੇ ਸੋਚਦੇ ਹਨ। ਕੌਣ ਚਾਹੇਗਾ ਰੇਸ਼ਮੀਂ ਬਿਸਤਰਿਆਂ ਨੂੰ ਕਿਸੇ ਹੋਰ ਨਾਲ ਸਾਂਝਾ ਕਰਨਾ। ਸੋ ਵਿਸ਼ਵਾਸਾਂ ਦੀ ਡੁਗਡੁਗੀ ਵਜਾਉਂਦੇ ਸਾਰੇ ਹੀ ਧਰਮ ਵੰਡੀਆਂ ਪਾਉਂਦੇ ਹਨ, ਇਨਸਾਨ ਨੂੰ ਇਕ ਦੂਜੇ ਤੋਂ ਵੱਖਰਾ ਕਰ ਕੇ ਰੱਖਦੇ ਹਨ। ਵਖਰੇਵੇਂ ਤੋਂ ਹੀ ਲੜਾਈ ਝਗੜਾ, ਕਤਲੋਗਾਰਤ ਹੁੰਦੀ ਹੈ। ਧਰਮ, ਇਨਸਾਨ ਦੀ ਇਕ ਦੂਜੇ ਨਾਲ ਸਾਂਝ ਦੇ ਖਿਲਾਫ਼ ਹੋ ਨਿਬੜਦੇ ਹਨ, ਅਤੇ ਆਜ਼ਾਦ ਇਨਸਾਨੀ ਸੋਚ ਵਿਚ ਰੁਕਾਵਟ ਹਨ। ਢੇਰ ਸਮਾਂ ਪਹਿਲਾਂ ਜਦੋਂ ਇਨਸਾਨੀ ਸਮੂਹ ਬਹੁਤ ਛੋਟੇ ਤੇ ਸੀਮਿਤ ਦਾਇਰੇ ਚ ਵਿਚਰਦੇ ਸਨ ਤਾਂ ਧਰਮ ਦਾ ਰੋਲ ਉਸ ਸੀਮਿਤ ਸਮੂਹ ਵਾਸਤੇ ਸ਼ਾਇਦ ਕੁਝ ਫਾਇਦੇ ਵਾਲਾ ਰਿਹਾ ਹੋਵੇ। ਹੁਣ, ਜਦੋਂ ਮਨੁੱਖੀ ਪਰਵਾਸ, ਪਿੰਡਾਂ ਤੋਂ ਸ਼ਹਿਰਾਂ, ਸੂਬਿਆਂ ਤੋਂ ਹੁੰਦਾ ਗਲੋਬਲ ਬਣ ਚੁੱਕਿਆ ਹੈ ਤਾਂ ਸਾਨੂੰ ਨਵੀਆਂ ਥਾਂਵਾਂ ਦੀਆਂ ਨਵੀਆਂ ਕਦਰਾਂ ਕੀਮਤਾਂ ਅਤੇ ਸਭਿਆਚਾਰ ਅਨੁਸਾਰ ਨਵੇਂ ਵਿਚਾਰ ਅਪਣਾਉਣੇ ਪੈਣੇ ਹਨ ਜਿਨ੍ਹਾਂ ਦੀਆਂ ਨੀਹਾਂ ਵਿਸ਼ਵਾਸਾਂ/ਅੰਧਵਿਸ਼ਵਾਸਾਂ ਦੀਆਂ ਦਲਦਲਾਂ ਤੇ ਟਿਕੀਆਂ ਹੋਣ ਦੀ ਬਜਾਏ ਉਹਨਾਂ ਹਾਲਾਤਾਂ ਤੇ ਅਧਾਰਿਤ ਹੋਣ ਜਿੰਨਾਂ ਸਦਕਾ ਸਾਨੂੰ ਆਪਣਾ ਘਰ ਛੱਡ ਕੇ ਦੂਰ ਦੁਰਾਡੀਆਂ, ਠੰਡੀਆਂ/ਗਰਮ ਵਾਦੀਆਂ ਵਿਚ ਆਪਣਾ ਰੈਣ ਬਸੇਰਾ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ। ਅਤੇ ਇਹਨਾਂ ਨਵੇਂ ਇਨਸਾਨੀ ਸਮੂਹਾਂ ਵਿਚ ਟੋਪੀਆਂ/ਬੋਦੀਆਂ/ਪਗਾਂ ਸਿਰਫ ਵਿਅਕਤੀਗਤ ਪਹਿਰਾਵਾ ਹੋ ਨਿਬੜੇ ਨਾ ਕਿ ਕਿਸੇ ਜਾਤ/ਧਰਮ/ਫ਼ਿਰਕੇ ਦਾ ਪਾਸਪੋਰਟ। ਕਈ ਅਖੌਤੀ ਬੁੱਧੀਜੀਵੀ ਕਹਿੰਦੇ ਹਨ ਕਿ ਧਰਮ ਹਰ ਇਨਸਾਨ ਦਾ ਜਾਤੀ ਮਸਲਾ ਹੈ। ਕਾਫੀ ਹਾਸੋਹੀਣੀ ਗਲ ਹੈ ਕਿਉਂਕਿ ਧਰਮ ਹਮੇਸ਼ਾ ਸਮੂਹਾਂ ਦੇ ਹੁੰਦੇ ਹਨ, ਇਕੱਲੇ ਬੰਦੇ ਦੇ ਨਹੀਂ। ਰੱਬ ਜਾਂ ਕਿਸੇ ਹੋਰ ਦਿੱਖ/ਅਦਿੱਖ ਚੀਜ਼ ਚ ਵਿਸ਼ਵਾਸ ਕਰਨਾ ਮਨੁੱਖ ਦੀ ਤਰਜੀਹ/ਪਸੰਦ ਹੋ ਸਕਦੀ ਹੈ। ਧਰਮਾਂ ਤੋਂ ਮਨੁੱਖਤਾ ਦੀ ਆਸ ਰੱਖਣੀ ਉਵੇਂ ਹੀ ਹੈ ਜਿਵੇਂ ਝੋਟਿਆਂ ਤੋਂ ਦੁੱਧ ਦੀ।

**ਸਾਇੰਸ** : ਸਾਇੰਸ ਦਾ ਮਤਲਬ ਕੀ ਹੈ। ਇਹ ਲਾਤੀਨੀ ਸ਼ਬਦ ਹੈ ਜਿਸਦਾ ਮਤਲਬ ਹੈ ਗਿਆਨ। ਗਿਆਨ, ਜਿਹੜਾ ਮਾਦੇ ਦੀ ਬਣਤਰ ਦੀ ਅਤੇ ਇਕ ਦੂਜੇ ਨਾਲ ਕਸ਼ਮਕਸ਼/ਦਖਲ ਤੋਂ ਪੈਦਾ ਹੁੰਦਾ ਹੈ। ਕੁਝ ਲੋਕਾਂ ਦਾ ਵਿਚਾਰ ਹੈ ਸਾਇੰਸ ਦਿਸਦੇ ਮੈਟਰ ਦੀ ਖੋਜ ਕਰਦੀ ਹੈ। ਕੁਝ ਲੋਕਾਂ ਦਾ ਵਿਚਾਰ ਹੈ ਕਿ ਸਾਇੰਸ ਭੌਤਿਕ ਦੁਨੀਆਂ ਦੀ ਅਸਲੀਅਤ ਵਿਚ ਹੀ ਵਿਚਰਦੀ ਹੈ। ਬਹੁਤੇ ਲੋਕ ਇਸ ਗਲ ਨਾਲ ਸਹਿਮਤ ਹਨ ਕਿ ਕਿਸੇ ਵੀ ਵਿਚਾਰ ਨੂੰ ਭੌਤਿਕ ਹਾਲਤਾਂ ਵਿੱਚੋਂ ਲੰਘਾ ਕੇ ਕੱਢਿਆ ਨਤੀਜਾ ਹੀ ਸਾਇੰਸ ਹੈ। ਜਿਹੜਾ ਜੁਬਾਨੀ, ਲਿਖ ਕੇ ਜਾਂ ਤਜਰਬੇ ਵਿਚ ਦੁਹਰਾਇਆ ਜਾ ਸਕਦਾ ਹੈ, ਸਾਂਝਾ ਕੀਤਾ ਜਾ ਸਕਦਾ ਹੈ। ਸਾਇੰਸ ਦੀ ਉਤਪਤੀ ਜੀਵਨ ਦੇ ਨਾਲ ਹੀ ਸ਼ੁਰੂ ਹੋ ਜਾਂਦੀ ਹੈ। ਬੱਚਾ ਜੰਮਦਾ ਹੈ। ਭੁੱਖ ਕਾਰਨ ਚੀਕ ਚਿਹਾੜਾ ਪਾਉਂਦਾ ਹੈ। ਦੁੱਧ ਪੀ ਕੇ ਸੌਂ ਜਾਂਦਾ ਹੈ। ਕੁਝ ਚਿਰ ਦੂਸਰਿਆਂ ਤੇ ਨਿਰਭਰ ਰਹਿੰਦਾ ਹੈ। ਪਹਿਲਾ ਕਦਮ ਪੁੱਟਦਾ ਹੈ। ਗਿਰਦਾ ਹੈ, ਫੇਰ ਉਠਦਾ ਹੈ, ਤੇ ਫੇਰ ਟੁਰਨਾ ਸਿੱਖ ਲੈਂਦਾ ਹੈ। ਅੱਗ ਨੂੰ ਹੱਥ ਲਾਉਣ ਤੇ ਪੀੜ ਮਹਿਸੂਸ ਕਰਦਾ ਹੈ। ਨਤੀਜਾ ਕੱਢਦਾ ਹੈ ਕਿ ਅਗੇ ਵਾਸਤੇ ਅੱਗ ਤੋਂ ਦੂਰ ਹੀ ਰਹਿਣਾ ਚੰਗਾ ਹੈ। ਸਦੀਆਂ ਤੋਂ ਕੱਠੇ ਕੀਤੇ ਸਮੂਹ ਦੇ ਗਿਆਨ ਤੋਂ ਹੌਲੀ ਹੌਲੀ ਜਾਣੂ ਹੁੰਦਾ ਹੈ। ਬੋਲਣਾ ਸਿੱਖਦਾ ਹੈ। ਪੜ੍ਹਨਾ ਸਿੱਖਦਾ ਹੈ। ਊੜਾ ਐੜਾ ਪੜ੍ਹ ਕੇ ਅੱਖਰਾਂ ਨੂੰ ਪਛਾਣ ਕੇ ਸ਼ਬਦ ਬਣਾ ਕੇ ਲਿਖਣਾ ਸਿੱਖਦਾ ਹੈ। ਮਤਲਬ ਕੱਢਦਾ ਹੈ। ਊੜੇ ਆੜੇ ਦਾ ਕਾਇਦਾ ਛਡ ਕੇ ਕਿਤਾਬਾਂ ਪੜ੍ਹਦਾ ਹੈ। ਸਮੂਹ ਦੇ ਬਣਾਏ ਕਾਇਦੇ ਕਾਨੂੰਨਾਂ ਤੋਂ ਡਰਦਾ ਵਿਸ਼ਵਾਸਾਂ ਦੀ ਸੁਪਨ ਦੁਨੀਆਂ ਵਿਚ ਭੌਂਦਾ ਗ੍ਰੰਥਾਂ ਨੂੰ ਵਾਰ ਵਾਰ ਪੜਦਾ ਹੈ। ਸ਼ਾਇਦ ਗ੍ਰੰਥਾਂ ਚ ਲਿਖੇ ਦਾ ਮਤਲਬ ਕੱਢਣ ਤੋਂ ਅਸਮਰੱਥ ਹੋ ਕੇ ਸਾਰੀ ਉਮਰ ਹੀ ਪੜਦਾ ਰਹਿੰਦਾ ਹੈ। ਜਦੋਂ ਵੀ ਕਿੰਤੂ ਕਰਦਾ ਹੈ ਅਧਰਮੀ/ਨਾਸਤਿਕ ਆਖ ਕੇ ਚੁੱਪ ਕਰਾ ਦਿੱਤਾ ਜਾਂਦਾ ਹੈ। ਕੋਈ ਤਾਂ ਇਸ ਕਾਇਨਾਤ ਨੂੰ ਚਲਾ ਰਿਹਾ ਹੈ ਦਾ ਵਾਕ ਸ਼ੰਕਾ ਵਿਚ ਪਾ ਦਿੰਦਾ ਹੈ। ਜ਼ਿੰਦਗੀ ਦੀਆਂ ਭੌਤਿਕ ਅਸਲੀਅਤ ਨਾਲ ਹੋਈਆਂ ਰੋਜ਼ਮਰਾ ਦੀਆਂ ਝੜਪਾਂ ਨਵੇਂ ਕਿੰਤੂ ਖੜੇ ਕਰ ਦਿੰਦੀਆਂ ਹਨ। ਸੁਖਾਵੀਂ ਜ਼ਿੰਦਗੀ ਦੀ ਭਾਲ ਚ ਨਵੀਆਂ ਕਾਢਾਂ ਨਿਕਲ ਆਉਂਦੀਆਂ ਹਨ। ਧਰਮ ਸਮੂਹ ਅੰਦਰੋਖਾਤੀ ਨਵੀਆਂ ਕਾਢਾਂ ਨੂੰ ਮੰਨਣਾ ਚਾਹੁੰਦੇ ਹਨ ਪਰ ਆਪਣੇ ਪੁਰਾਣੇ ਕਾਇਦੇ ਕਾਨੂੰਨਾਂ ਨੂੰ ਬਦਲਣ ਚ ਰਾਜ਼ੀ ਵੀ ਨਹੀਂ ਹੁੰਦੇ ਕਿਉਂਕਿ ਹਰ ਨਵਾਂ ਬਦਲ ਸਮੂਹ ਦੇ ਕੰਟ੍ਰੋਲ ਨੂੰ ਖ਼ਤਰੇ ਚ ਪਾ ਦਿੰਦਾ ਹੈ। ਬਾਜ਼ਾਰ ਤੇ ਵਸਤੂਆਂ ਦੇ ਲੈਣ ਦੇਣ ਦੇ ਵਰਤਾਰੇ ਕਰ ਕੇ ਸਮੂਹ ਦਾ ਕੰਟ੍ਰੋਲ ਕੁਝ ਕੁ ਲੋਕਾਂ ਦੇ ਹੱਥ ਹੁੰਦਾ ਹੈ। ਬਾਜ਼ਾਰ ਦੇ ਨਿਯਮਾਂ ਚ ਥੋੜਾ ਜਿਹਾ ਸਿੱਧਾ/ਅਸਿੱਧਾ ਦਖ਼ਲ ਵੀ ਕਲੇਸ਼ ਪੈਦਾ ਕਰ ਦਿੰਦਾ ਹੈ। ਕਿਉਂਕਿ ਕੁਝ ਲੋਕਾਂ ਦਾ, ਬਗੈਰ ਹੱਥ ਪੈਰ ਮਾਰੇ, ਆਰਾਮ ਦਾ ਜੀਵਨ ਦਾਅ ਤੇ ਲਗਾ ਹੁੰਦਾ ਹੈ। ਤੇ ਜਦੋਂ ਹੋਰ ਕੋਈ ਚਾਰਾ ਨਹੀਂ ਚਲਦਾ ਤਾਂ ਵਿਸ਼ਵਾਸਾਂ ਦੀਆਂ ਕਾਲਪਨਿਕ ਨੀਹਾਂ ਦੀ ਦੁਹਾਈ ਪਾ ਕੇ ਨਵੇਂ ਵਿਚਾਰਾਂ/ਕਾਢਾਂ ਦੀ ਖ਼ੁਤੀ ਪਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਭੌਤਿਕ ਕਾਢਾਂ ਨੂੰ ਦੇਰ/ਸਵੇਰ ਨਾਲ ਅਪਣਾਇਆ ਜਾਂਦਾ ਹੈ। ਧਰਮ ਘਰਾਂ ਨੂੰ ਸਾਇੰਸ ਦੀ ਕੱਢੀ ਬਿਜਲੀ ਨਾਲ ਰੁਸ਼ਨਾਇਆ ਜਾਂਦਾ ਹੈ। ਧਰਮਾਂ ਦੀਆਂ ਆਪਣੀਆਂ ਹਦਾਂ ਹੁੰਦੀਆਂ ਹਨ। ਸਾਇੰਸ ਦੀ ਚਾਲ ਸਦੀਵੀ ਹੈ। ਜੇ ਬਿਜਲੀ ਸਾਇੰਸ ਦੀ ਭੌਤਿਕ ਕਾਢ ਹੈ ਤਾਂ ਧਰਮ ਸਾਇੰਸ ਦੀ ਸਮਾਜਿਕ ਕਾਢ ਹੈ। ਕਿਸੇ ਵੇਲੇ ਸਮੂਹ ਦੀ ਸੀਮਤ ਹਦਬੰਦੀ ਹੋਣ ਕਰ ਕੇ ਧਰਮ ਸਮੂਹ ਦੇ ਭਲੇ ਵਾਸਤੇ ਹੀ ਸੀ। ਪਰ ਸਮੇਂ ਨਾਲ ਸਮੂਹਾਂ ਦੇ ਨੰਬਰਦਾਰਾਂ ਨੇ ਇਸ ਨੂੰ ਆਪਣੇ ਨਿੱਜੀ ਹਿੱਤਾਂ ਲਈ ਵਰਤ ਕੇ ਆਪਣੇ ਸਮੂਹਾਂ ਵਿਚ ਹੀ ਵੰਡੀਆਂ ਪਾ ਲਈਆਂ। ਹੈ ਕੋਈ ਦੁਨੀਆਂ ਦਾ ਖਿਤਾ ਜਿਥੇ ਲੋਕ ਮਿਲ ਜੁਲ ਕੇ ਰਹਿੰਦੇ ਹੋਨ। ਜਿਥੇ ਕੋਈ ਭੁੱਖਾ ਨਾ ਮਰਦਾ ਹੋਵੇ , ਜਿਥੇ ਇਨਸਾਫ਼ ਬਰਾਬਰ ਦਾ ਮਿਲਦਾ ਹੋਵੇ।

ਅਮੀਰੀ/ਗਰੀਬੀ ਨੂੰ ਵੀ ਕਿਸੇ ਹੱਦ ਤਕ ਮੰਨ ਲੈਂਦੇ ਹਾਂ। ਪਰ ....

ਭੁੱਖ
ਬੇਇਨਸਾਫ਼ੀ
ਲੁੱਟ
ਕਤਲੋਗ਼ਾਰਤ

ਤੇ ਓਹ ਵੀ ਆਪਣੇ ਧਰਮ ਵਿਚ ਤੇ ਆਪਣੇ ਹੀ ਲੋਕਾਂ ਹੱਥੋਂ।?

ਸ਼ਾਇਦ ਤੁਹਾਡੀ ਆਸਥਾ ਕਿਸੇ ਰੱਬ ਚ ਹੋਵੇ। ਪਰ ਯਾਦ ਰਹੇ !

ਰੱਬ ਨੇ ਬੰਦਾ ਹੀ ਬਣਾਇਆ ਹੈ, ਧਰਮ ਨਹੀਂ। ਇਨਸਾਨ ਹੀ ਸਾਇੰਸ ਹੈ। ਇਨਸਾਨ ਨੇ ਹਲ ਬਣਾਇਆ ਹੈ। ਧਰਤੀ ਚੋਂ ਪਾਣੀ ਕੱਢਣ ਲਈ ਮੋਟਰ ਵੀ ਕਿਸੇ ਰੱਬ ਨੇ ਤੋਹਫ਼ੇ ਵਜੋਂ ਨਹੀਂ ਦਿੱਤੀ। ਇਨਸਾਨ ਹੀ ਧਰਮ ਬਣਾਉਂਦਾ ਹੈ। ਇਨਸਾਨ ਹੀ ਇਸ ਨੂੰ ਅਜੋਕੀਆਂ ਹਾਲਾਤਾਂ ਮੁਤਾਬਿਕ ਸਮੂਹ ਦੇ ਹਿੱਤ ਲਈ ਬਦਲ ਕੇ ਸਰੱਬਤ ਦਾ ਭਲਾ ਕਰ ਸਕਦਾ ਹੈ। ਕਿਸੇ ਵੀ ਸਾਇੰਸਦਾਨ ਨੇ ਕਦੇ ਵੀ ਇਹ ਨਹੀਂ ਕਿਹਾ ਕਿ ਜਿਹੜੀ ਕਾਢ ਉਸਨੇ ਕੱਢੀ ਹੈ ਉਹ ਉਸ ਦੇ ਧਰਮ ਦੀ ਬਦੌਲਤ ਹੋਂਦ ਵਿਚ ਆਈ ਹੈ। ਪਰ ਧਰਮਾਂ ਨੇ ਗੈਲਲ਼ਿਓ ਤੇ ਬਰੂਨੋ ਵਰਗੇ ਸਾਇੰਸਦਾਨਾਂ ਨੂੰ ਤਸੀਹੇ ਦੇ ਕੇ ਤਾਂ ਮਾਰਿਆ ਹੀ,ਪਰ ਸਾਇੰਸ (ਨਵੀਆਂ ਕਾਢਾਂ) ਦਾ ਉਹ ਵਾਲ ਵੀ ਵਿੰਗਾ ਨਾ ਕਰ ਸਕੇ ਸਗੋਂ ਸਾਇੰਸ ਦੀਆਂ ਕਾਢਾਂ (ਟੈਲੀਵਿਜ਼ਨ, ਰੇਡੀਓ, ਸਿਨੇਮਾ) ਨੂੰ ਵਰਤ ਕੇ ਧਰਮ ਦੇ ਅੰਧਵਿਸ਼ਵਾਸ਼ਾਂ ਨੂੰ ਪਰਚਾਰਦੇ ਹਨ। ਸਾਇੰਸ ਨੂੰ ਤਾਂ ਸਾਇੰਸ ਵੀ ਨਹੀਂ ਰੋਕ ਸਕਦੀ।

# ਡਫਲੀ ਵਾਲੇ ਨਾਟ-ਕਰਮੀ ਦੀ ਫੇਰੀ

**ਹਰਪ੍ਰੀਤ ਸੇਖਾ**

ਪੰਜਾਬੀ ਦੇ ਸਰਗਰਮ ਨਾਟਕਕਾਰਾਂ ਵਿਚ ਉਸਦਾ ਜ਼ਿਕਰ ਬਹੁਤ ਘੱਟ ਪੜ੍ਹਣ ਨੂੰ ਮਿਲਦਾ ਹੈ। ਨਾ ਹੀ ਕਦੇ ਉਸਦੀ ਕਾਰਜਸ਼ੈਲੀ ਬਾਰੇ ਕੋਈ ਲੇਖ ਜਾਂ ਖ਼ਬਰ ਨਜਰੀਂ ਪਈ ਹੈ। ਹੋਰ ਬਹੁਤ ਸਾਰੇ ਲੋਕਾਂ ਵਾਂਗ ਮੈਨੂੰ ਵੀ ਉਸਦੇ ਨਾਂ ਤੋਂ ਉਸਦੇ ਗੈਰ-ਪੰਜਾਬੀ ਹੋਣ ਦਾ ਭੁਲੇਖਾ ਸੀ।



"ਲੋਕੀਂ ਮੇਰੇ ਨਾਂ ਤੋਂ ਮੇਰੇ ਅੰਗ੍ਰੇਜ਼ ਹੋਣ ਦਾ ਭੁਲੇਖਾ ਖਾ ਜਾਂਦੇ ਆ ਪਰ ਮੈਂ ਪੰਜਾਬ 'ਚ ਢਿੱਲਵਾਂ ਕਲਾਂ ਦੇ ਦਲਿੱਤ ਵੇਹੜੇ ਵਿਚ ਪੈਦਾ ਹੋਇਆ-----।" ਜਦ ਮੈਂ ਉਸ ਨੂੰ ਪਹਿਲੀ ਵਾਰ ਸੁ...ਣਿਆ, ਉਹ ਇਹ ਦੱਸ ਰਿਹਾ ਸੀ। ਉਸ ਦੀਆਂ ਸਿੱਧੀਆਂ ਤੇ ਸਪੱਸ਼ਟ ਗੱਲਾਂ ਮੈਂ ਬੜੇ ਧਿਆਨ ਨਾਲ ਸੁਣ ਰਿਹਾ ਸੀ। ਉਸਦੀ ਪਹਿਲੀ ਗੱਲ ਨੇ ਹੀ ਮੇਰਾ ਧਿਆਨ ਖਿੱਚ ਲਿਆ। ਉਹ ਆਖ ਰਿਹਾ ਸੀ, " ਰੰਗ-ਮੰਚ ਲਈ ਮੁਢਲੀ ਲੋੜ ਬੌਡੀ ਲੈਂਗੁਏਜ਼ ਤੇ ਆਵਾਜ਼ ਹੁੰਦੇ ਆ ਬਾਕੀ ਤਾਂ ਪਸਾਰ ਐ। ਮੈਂ ਮੁਖ ਲੋੜ ਨਾਲ ਹੀ ਬਹੁਤਾ ਕੰਮ ਸਾਰ ਲੈਨਾਂ-----।

ਉਹ ਪੰਜਾਬੀ ਲੇਖਕ ਮੰਚ ਵੈਨਕੂਵਰ ਦੀ ਮਾਸਿਕ ਬੈਠਕ ਵਿਚ ਬੋਲ ਰਿਹਾ ਸੀ। ਉਸਦੇ ਪੰਜਾਬੀ ਹੋਣ ਬਾਰੇ ਮੈਨੂੰ ਉਸਦੀ ਫਿਲਮ 'ਆਤੂ ਖੋਜੀ' ਦੇਖ ਕੇ ਪਤਾ ਲੱਗ ਗਿਆ ਸੀ। ਫਿਲਮ ਵਿਚ ਉਹ ਠੇਠ ਪੰਜਾਬੀ ਬੋਲਦਾ ਹੈ। ਬਾਅਦ ਵਿਚ ਉਸਦੀ ਇਕ ਹੋਰ ਫਿਲਮ 'ਅੰਨੇ ਘੋੜੇ ਦਾ ਦਾਨ' ਵੀ ਦੇਖੀ। ਉਸਦੀ ਇਕ ਹੋਰ ਫਿਲਮ 'ਮਿੱਟੀ' ਮੈਨੂੰ ਦੇਖਣ ਦਾ ਮੌਕਾ ਨਹੀਂ ਮਿਲਿਆ। ਦੇਖੀਆਂ ਫਿਲਮਾਂ ਵਿਚ ਮੈਨੂੰ ਉਸਦੇ ਨਿਭਾਏ ਕਿਰਦਾਰਾਂ ਨੇ ਪ੍ਰਭਾਵਤ ਕੀਤਾ ਸੀ।

ਮੰਚ ਦੀ ਬੈਠਕ ਵਿਚ ਉਹ ਦੱਸ ਰਿਹਾ ਸੀ, "ਕੋਟਕਪੂਰੇ ਦੇ ਭਗਤ ਸਿੰਘ ਕਾਲਜ ਵਿਚ ਮੈਨੂੰ ਡਰਾਮਿਆਂ ਵਿਚ ਰੋਲ ਨਾ ਮਿਲਦਾ। ਮੈਂ ਭੰਗੀਆਂ ਦੇ ਮੁਹੱਲੇ ਵਿਚ ਜਾ ਕੇ ਨਾਟਕ ਕਰਨ ਦੀਆਂ ਵਿਉਂਤਾਂ ਬਣਾਉਂਦਾ ਪਰ ਮੇਰੇ ਨਾਲ ਨਾ ਕੋਈ ਰਲਦਾ। ਫੇਰ ਮੈਂ ਪੰਜਾਬ ਯੂਨੀਵਰਸਿਟੀ 'ਚ ਚਲਾ ਗਿਆ। ਉਥੋਂ ਮੁੰਬਈ। ਮੁੰਬਈ ਰਹਿੰਦਿਆਂ ਇਕ ਦਿਨ ਖਿੜਕੀ ਰਾਹੀਂ ਮੇਰਾ ਧਿਆਨ ਝੌਂਪੜ-ਪੱਟੀਆਂ ਦੇ ਬਾਹਰ ਖੇਡਦੇ ਜਵਾਕਾਂ 'ਤੇ ਟਿਕ ਗਿਆ। ਮੇਰੇ ਦਿਮਾਗ 'ਚ ਆਈ ਕਿ ਕਿਓਂ ਨਾ ਏਨ੍ਹਾਂ ਨਾਲ ਨਾਟਕ ਖੇਡਾਂ। ਮੈਂ ਉਨ੍ਹਾਂ 'ਚ ਜਾ ਕੇ ਨਾਟਕ ਖੇਡਣ ਲੱਗ ਪਿਆ। ਫੇਰ ਇਕ ਦਿਨ ਨਾਟਕ ਖੇਡਦਿਆਂ ਮੈਂ ਚੱਕਰ ਖਾ ਕੇ ਡਿੱਗ ਪਿਆ। ਕੁਝ ਦਿਨਾਂ ਤੋਂ ਚੱਜ ਨਾਲ ਕੁਝ ਖਾਧਾ-ਪੀਤਾ ਨਹੀਂ ਸੀ। ਜਵਾਕਾਂ ਨੇ ਮੈਨੂੰ ਸਾਂਭ ਲਿਆ। ਉਸ ਦਿਨ ਤੋਂ ਬਾਅਦ ਮੇਰਾ ਕਮਰਾ ਸਾਰਿਆਂ ਦਾ ਸਾਂਝਾ ਕਮਰਾ ਬਣ ਗਿਆ। ਕੋਈ ਓਥੇ ਚਾਹ ਰੱਖ ਜਾਂਦਾ, ਕੋਈ ਰੋਟੀ। ਜੀਹਦਾ ਜੀਅ ਕਰਦਾ, ਕਮਰਾ ਸਾਫ ਕਰ ਦਿੰਦਾ। ਜਾਣੀ ਮੇਰਾ ਇਕ ਪ੍ਰੀਵਾਰ ਬਣ ਗਿਆ। ਕੁਝ ਦੇਰ ਏਸ ਤਰ੍ਹਾਂ ਚਲਦਾ ਰਿਹਾ। ਫੇਰ ਮੈਂ ਪੰਜਾਬ ਆ ਗਿਆ। ਪਟਿਆਲੇ ਨੁੱਕੜ ਨਾਟਕ ਕਰਦਾ। ਦਲਿੱਤਾਂ ਦੀਆਂ ਬਸਤੀਆਂ 'ਚ ਜਾ ਕੇ ਨਾਟਕ ਕਰਦਾ। ਮੇਰੇ ਨਾਟਕਾਂ ਦਾ ਵਿਸ਼ਾ ਬਹੁਤਾ ਜਾਤ-ਪਾਤ ਹੁੰਦਾ। ਮੈਨੂੰ ਲਗਦੈ ਮਨੁੱਖ ਨੂੰ ਸਭ ਤੋਂ ਪਹਿਲਾਂ ਮਨੁੱਖ ਹੋਣਾ ਚਾਹੀਦੈ। ਹਿੰਦੂ, ਸਿੱਖ, ਮੁਸਲਮਾਨ, ਦਲਿਤ, ਜੱਟ ਤੇ ਹੋਰ ਸਭ ਕੁਝ ਬਾਅਦ 'ਚ। ਬੰਦਾ ਦੂਜੇ ਦਾ ਦੁੱਖ ਮਸੂਸ ਕਰੇ। ਬੇਜ਼ਮੀਨ ਹੋਏ ਕਿਸਾਨਾਂ ਦਾ ਖੁਦਕਸ਼ੀਆਂ ਕਰਨਾ ਮੈਨੂੰ ਬਹੁਤ ਤੰਗ ਕਰਦੈ। ਮੈਂ ਚਾਹੁੰਨੈ ਉਹ ਖੁਦਕਸ਼ੀਆਂ ਨਾ ਕਰਨ। ਕਿਰਤ ਕਰਨ। ਕਿਰਤ ਕੋਈ ਵੀ ਮਾੜੀ ਨੀ। ਏਸ ਲਈ ਮੈਂ ਜਿੱਥੇ ਬਹੁਤੇ ਕਿਸਾਨ ਖੁਦਕਸ਼ੀਆਂ ਕਰਦੇ ਸੀ ਉਥੇ ਆਵਦਾ ਟਿਕਾਣਾ ਕਰ ਲਿਆ। ਮੈਂ ਲਹਿਰੇਗਾਗੇ ਚਲਾ ਗਿਆ। ਮੈਂ ਉਥੇ ਕਿਸਾਨਾਂ ਦੇ ਘਰਾਂ 'ਚ ,ਦਲਿਤਾਂ ਦੇ ਵੇਹੜਿਆਂ 'ਚ ਜਾਣਾ। ਆਪਣੀ ਡਫਲੀ ਵਜਾਉਣਾਂ। ਲੋਕੀਂ 'ਕੱਠੇ ਹੋਣ ਲਗਦੇ ਆ। ਉਨ੍ਹਾਂ ਲੋਕਾਂ 'ਚੋਂ ਹੀ ਨਾਟਕ ਦੇ ਪਾਤਰ ਬਣਾ ਲੈਨਾਂ। ਨਾਟਕ ਖੇਡ ਕੇ ਡਫਲੀ ਰੱਖ ਦਿੰਨਾਂ ਨਾਲ ਪੱਲਾ ਵਿਛਾ ਦਿੰਨਾਂ, ਜੀਹਦਾ ਜੋ ਜੀਅ ਕਰਦਾ ਪੱਲੇ 'ਚ ਪਾ ਦਿੰਦੈ। ਕੋਈ ਗੁੜ, ਚਾਹ, ਆਟਾ, ਚੌਲ ਪੈਸੇ ਜੋ ਵੀ ਕਿਸੇ ਤੋਂ ਸਰਦਾ।"

ਜਦ ਉਸ ਨੇ ਗੱਲ ਖਤਮ ਕੀਤੀ ਮੇਰੀਆਂ ਅੱਖਾਂ ਨਮ ਸਨ। ਮੈਂ ਆਪ-ਮੁਹਾਰੇ ਹੀ ਉਸਦੇ ਸਨਮਾਨ 'ਚ ਖੜ੍ਹ ਗਿਆ। ਮੈਂ ਕਦੇ ਸੋਚਿਆ ਵੀ ਨਹੀਂ ਸੀ ਕਿ ਕੋਈ ਏਡਾ ਤਿਆਗੀ ਏਸ ਤਰ੍ਹਾਂ ਖੁਸ਼ਬੂਆਂ ਬਖੇਰਦਾ ਹੋਵੇਗਾ। ਉਸੇ ਹੀ ਬੈਠਕ ਵਿਚ ਉਸ ਨੂੰ ਸਵਾਲ ਹੋਣ ਲੱਗੇ। ਕਿਸੇ ਨੇ ਉਸ ਨੂੰ ਪੁੱਛਿਆ, "ਤੁਸੀਂ ਐਨੇ ਸਰਲ ਤਰੀਕੇ ਨਾਲ ਨਾਟਕ ਕਰਦੇ ਹੋ। ਗੱਲਾਂ ਵੀ ਸਿੱਧੀਆਂ ਪਰ ਤੁਹਾਡੀ ਫਿਲਮ 'ਅੰਨੇ ਘੋੜੇ ਦਾ ਦਾਨ' ਏਨੀ ਸਰਲ ਨਹੀਂ। ਉਹ ਫਿਲਮ ਕਰਨ ਦਾ ਕੀ ਸਬੱਬ ਬਣਿਆ?" ਉਸਦਾ ਜਵਾਬ ਸੀ, " ਫਿਲਮ ਡਾਇਰੈਕਟਰ ਦੀ ਹੈ। ਉਸ ਨੇ ਇਨਾਮੀ ਮੁਕਾਬਲੇ ਵਾਸਤੇ ਫਿਲਮ ਬਣਾਈ ਸੀ। ਉਸ ਫਿਲਮ ਵਿਚ ਐਕਟਰ ਦੇ ਤੌਰ 'ਤੇ ਕੰਮ ਕਰਕੇ ਮੈਨੂੰ ਤਸੱਲੀ ਵੀ ਹੋਈ ਤੇ ਪੈਸੇ ਵੀ ਮਿਲੇ, ਜਿਨ੍ਹਾਂ ਨਾਲ ਮੈਂ ਆਪਣਾ ਕੁਝ ਕਰਜ਼ਾ ਵੀ ਚੁਕਾਇਆ।"

ਸਰੀ ਦੇ ਸੈਂਟਰਲ ਸਟੇਜ ਥੀਏਟਰ ਵਿਚ ਹਫ਼ਤੇ ਬਾਅਦ ਉਸਦੇ ਨਾਟਕਾਂ ਦਾ ਪ੍ਰੋਗਰਾਮ ਸੀ। ' ਡਾਕਟਰ ਹਰੀ ਸ਼ਰਮਾਂ ਫਾਊਂਡੇਸ਼ਨ' ਹਰ ਸਾਲ ਉਘੇ ਨਾਟਕਕਾਰ ਭਾਅ ਜੀ ਗੁਰਸ਼ਰਨ ਸਿੰਘ ਦੀ ਯਾਦ ਵਿਚ ਇਕ ਸਮਾਗਮ ਕਰਵਾਉਂਦੀ ਹੈ। ਇਸ ਸਾਲ ਇਸ ਸੰਸਥਾ ਨੇ ਇਸ ਸਮਾਗਮ ਲਈ ਉਸ ਦੀ ਚੋਣ ਕੀਤੀ ਸੀ। ਇਸ ਸੰਸਥਾ ਨੇ ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ ਦੇ ਸਹਿਯੋਗ ਨਾਲ ਇਸ ਸਮਾਗਮ ਦਾ ਪ੍ਰਬੰਧ ਕੀਤਾ। ਸੁਖਵੰਤ ਹੁੰਦਲ ਨੇ ਦੋਨਾਂ ਸੰਸ਼ਥਾਵਾਂ ਵਿਚ ਕੜੀ ਬਣ ਕੇ ਉਸ ਨੂੰ ਕਨੇਡਾ ਬੁਲਾਇਆ ਸੀ। ਨਾਟਕ ਵਾਲੇ ਦਿਨ ਉਸਦੀ ਦਰਸ਼ਕਾਂ ਨਾਲ ਜਾਣ-ਪਹਿਚਾਣ ਕਰਵਾਉਂਦਿਆਂ ਸੁਖਵੰਤ ਹੁੰਦਲ ਆਖ ਰਿਹਾ ਸੀ, " ਪੰਜਾਬੀ ਨਾਟਕ ਦੇ ਦਰਸ਼ਕਾਂ ਕੋਲ ਚੱਲ ਕੇ ਜਾਣ ਦੀ ਪ੍ਰੰਪਰਾ ਇਪਟਾ ਨੇ ਸ਼ੁਰੂ ਕੀਤੀ ਤੇ ਭਾਅ ਜੀ ਗੁਰਸ਼ਰਨ ਸਿੰਘ ਨੇ ਇਸ ਨੂੰ ਜਾਰੀ ਰੱਖਿਆ। ਹੁਣ ਇਸੇ ਪ੍ਰੰਪਰਾ ਨੂੰ ਸੈਮੂਅਲ ਜੌਹਨ ਅੱਗੇ ਲਿਜਾ ਰਿਹਾ ਹੈ। ਉਹ ਆਪਣੇ ਪੂਰਵਜਾਂ ਤੋਂ ਇਕ ਕਦਮ ਅੱਗੇ ਹੈ ਕਿਉਂ ਕਿ ਉਹ ਦਰਸ਼ਕਾਂ ਵਿਚ ਰਹਿ ਕੇ ਨਾਟਕ ਕਰਦਾ ਹੈ ਤੇ ਉਨ੍ਹਾਂ ਨੂੰ ਆਪਣੇ ਨਾਟਕ ਦੇ ਪਾਤਰ ਬਣਾਉਂਦਾ ਹੈ। ਉਹ ਗਰੀਬਾਂ ਦੀਆਂ ਬਸਤੀਆਂ ਤੇ ਦਲਿੱਤਾਂ ਦੇ ਵੇਹੜਿਆਂ 'ਚ ਜਾ ਕੇ ਨਾਟਕ ਕਰਦਾ ਹੈ। ਇਹ ਇਕ ਵਿਲੱਖਣ ਕੰਮ ਹੈ.। ਇਸ ਪਹੁੰਚ ਨਾਲ ਜਿੱਥੇ ਉਹ ਲੋਕਾਂ ਨੂੰ ਉਨ੍ਹਾਂ ਦੇ ਦਰਪੇਸ਼ ਮਸਲਿਆਂ ਤੋਂ ਚੇਤਨ ਕਰ ਰਿਹਾ ਹੈ ਉਥੇ ਨਾਲ ਹੀ ਉਹ ਲੋਕਾਂ ਨੂੰ ਰੰਗ-ਮੰਚ ਵਰਗੀ ਕਲਾ ਨਾਲ ਵੀ ਜੋੜ ਰਿਹਾ ਹੈ, ਜਿਹੜੀ ਹੁਣ ਤੱਕ ਉੱਚੀਆਂ ਜਮਾਤਾਂ ਦੇ ਕਬਜੇ ਵਿਚ ਹੀ ਰਹੀ ਹੈ।"

ਉਸ ਦਿਨ ਸੈਮੂਅਲ ਜੌਹਨ ਨੇ ਦੋ ਨਾਟਕਾਂ ਦਾ ਮੰਚਨ ਕੀਤਾ। ਉਸਨੇ ਆਪਣੀ ਡਫਲੀ 'ਤੇ ਥਾਪ ਦਿੱਤੀ ਤੇ ਥਾਪ ਦੇ ਨਾਲ ਨਾਟਕ ਨਾਟਕ ਨਾਟਕ ਦਾ ਹੋਕਾ ਦਿੱਤਾ। ਸ਼ਾਇਦ ਇਹ ਉਸਦਾ ਦਰਸ਼ਕ ਇਕੱਠੇ ਕਰਨ ਦਾ ਤਰੀਕਾ ਹੈ। ਪਹਿਲਾ ਨਾਟਕ 'ਜੂਠ' ਸੀ। ਇਹ ਹਿੰਦੀ ਲੇਖਕ ਓਮ ਪਰਕਾਸ਼ ਬਾਲਮੀਕੀ ਦੀ ਜੀਵਨੀ 'ਤੇ ਅਧਾਰਤ ਮੋਨੋ ਲਾਗ ਸੀ। ਇਸ ਨਾਟਕ ਦਾ ਮੰਚਨ ਕਰਦਾ ਉਹ ਕਦੇ ਗਲੇਡੂ ਭਰਦਾ ਤੇ ਅਗਲੇ ਹੀ ਪਲ ਹਸ ਹਸ ਦੂਹਰਾ ਹੁੰਦਾ। ਕਦੇ ਨਿੰਮੋਝੂਣਾ ਹੁੰਦਾ ਤੇ ਕਦੇ ਗੜਕੇ ਮਾਰਦਾ। ਅੱਧੇ ਘੰਟੇ ਵਿਚ ਉਸ ਨੇ ਓਮ ਪ੍ਰਕਾਸ਼ ਬਾਲਮੀਕੀ ਦੀ ਜਾਤ-ਪਾਤ ਕਾਰਣ ਨਰਕ ਬਣੀ ਜਿੰਦਗੀ ਨੂੰ ਦਰਸ਼ਕਾਂ ਦੇ ਸਾਹਮਣੇ ਜੀਵਤ ਕਰ ਦਿੱਤਾ। ਉਸ ਨੇ ਦਰਸ਼ਕਾਂ ਨੂੰ ਪੱਬਾਂ ਭਾਰ ਕਰੀ ਰੱਖਿਆ। ਨਾਟਕ ਦੇ ਖਤਮ ਹੋਣ ਸਾਰ ਉਸਦੀ ਕਲਾ ਦੇ ਕਾਇਲ ਹੋਏ ਦਰਸ਼ਕ ਉਸਦੇ ਸਨਮਾਨ ਵਿਚ ਸੀਟਾਂ ਤੋਂ ਉਠ ਖਲੋਤੇ। ਨੱਕੋ-ਨੱਕ ਭਰਿਆ ਹਾਲ ਤਾੜੀਆਂ ਨਾਲ ਗੂੰਝ ਉਠਿਆ। ਦੇਰ ਤਕ ਤਾੜੀਆਂ ਵਜਦੀਆਂ ਰਹੀਆਂ। ਦੂਜਾ ਨਾਟਕ 'ਕਿਰਤੀ' ਬੇਜਮੀਨ ਹੋਏ ਕਿਸਾਨ ਦੀ ਖੇਤ ਕਾਮਾ ਬਣਨ ਦੀ ਗਾਥਾ ਨੂੰ ਬਿਆਨ ਕਰਦਾ ਹੈ। ਇਹ ਨਾਟਕ ਉਸਨੇ ਤਿੰਨ ਸਥਾਨਕ ਕਲਾਕਾਰਾਂ ਦੇ ਸਹਿਯੋਗ ਨਾਲ ਖੇਡਿਆ। ਅਜੋਕੇ ਪੰਜਾਬ ਵਿਚ ਗਰੀਬ ਕਿਸਾਨ ਦੀ ਹਾਲਤ ਅਤੇ ਜਾਤਪਾਤ ਦੀ ਘਿਨੌਣੀ ਤਸਵੀਰ ਉਘਾੜਦਾ ਇਹ ਨਾਟਕ ਵੀ ਦਰਸ਼ਕਾਂ ਵੱਲੋਂ ਬੇਹੱਦ ਪਸੰਦ ਕੀਤਾ ਗਿਆ। ਨਵੇਕਲਾ ਅੰਦਾਜ਼। ਕਿਸੇ ਰੋਸ਼ਨੀ ਦੀ ਵਰਤੋਂ ਨਹੀਂ ਕੀਤੀ ਨਾ ਕਿਸੇ ਸੰਗੀਤ ਜਾਂ ਪਰਦੇ ਦੀ। ਸਿਰਫ ਇਸ਼ਾਰੇ ਤੇ ਆਵਾਜ਼।

ਨਾਟਕਾਂ ਤੋਂ ਬਾਅਦ ਭਾਵੁਕ ਹੋਏ ਦਰਸ਼ਕਾਂ ਚੋਂ ਕੁਝ ਪੁੱਛ ਰਹੇ ਸੀ ਕਿ ਉਹ ਕਿਵੇਂ ਨਾਟਕਕਾਰ ਦੀ ਮੱਦਦ ਕਰ ਸਕਦੇ ਹਨ। ਸੈਮੂਅਲ ਦਾ ਜਵਾਬ ਸੀ, " ਮੈਂ ਤਾਂ ਕ੍ਰਿਤੀ ਬੰਦਾ। ਆਪਣਾ ਕੰਮ ਇਸੇ ਤਰਹਾਂ ਹੀ ਕਰੀ ਜਾਣਾ ਚਾਹੁੰਨੈ। ਨਾਟਕ ਨੂੰ ਲਹਿਰ ਕਿਵੇਂ ਬਨਾਉਣੈ ਇਹ ਤੁਸੀਂ ਸੋਚੋ।" ਉਸ ਦਿਨ ਸੈਮੂਅਲ ਜੌਹਨ ਨੇ ਆਪਣੀ ਡਫਲੀ 'ਤੇ ਪੱਲਾ ਵੀ ਦਰਸ਼ਕਾਂ ਅੱਗੇ ਨਹੀਂ ਫੈਲਾਇਆ। ਸ਼ਾਇਦ ਡਫਲੀ ਦੇ ਡਾਲਰਾਂ ਦੇ ਭਾਰ ਹੇਠ ਦਬਣ ਦੇ ਡਰੋਂ।

ਸਾਡਾ ਇਹ ਸੰਵੇਦਨਸ਼ੀਲ, ਸਿਰੜੀ ਤੇ ਤਿਆਗੀ ਨਾਟ-ਕਰਮੀ ਇਸੇ ਤਰ੍ਹਾਂ ਗਲੀਆਂ, ਮੁਹੱਲਿਆਂ ਤੇ ਦੇਸ਼ਾਂ-ਵਿਦੇਸ਼ਾਂ 'ਚ ਆਪਣੀਆਂ ਫੇਰੀਆਂ ਲਾਉਂਦਾ ਰਹੇ ਤੇ ਮਹਿਕਾਂ ਵੰਡਦਾ ਰਹੇ!


# ਕਣਕ ਦੀ ਬੇਕਦਰੀ ਅਤੇ ਕਿਸਾਨਾਂ ਦੀਆਂ ਖੁਦਕਸ਼ੀਆਂ ਵਿਰੁੱਧ ਰੋਹ 'ਚ ਆਏ ਕਿਸਾਨਾਂ ਨੇ ਦਿੱਲੀ ਨੂੰ ਜਾਂਦੇ ਤਿੰਨ ਰੂਟਾਂ 'ਤੇ ਸ਼ੁਰੂ ਕੀਤਾ ਰੇਲ-ਜਾਮ

ਪੂਰੇ ਰੇਟ 'ਤੇ ਕਣਕ ਦੀ ਖਰੀਦ 'ਚ ਲਗਾਤਾਰ ਚੱਲ ਰਹੇ ਅੜਿੱਕੇ ਖ਼ਤਮ ਕਰਾਉਣ, 75% ਜਾਂ ਵੱਧ ਖਰਾਬੇ ਦਾ 35000 ਰੁ: ਫੀ ਏਕੜ ਦੇ ਹਿਸਾਬ ਨਾਲ 10% ਤੱਕ ਖਰਾਬੇ ਦਾ ਮੁਆਵਜਾ ਵੀ ਲੈਣ, ਸਮੁੱਚੇ ਤੌਰ 'ਤੇ ਘੱਟ ਨਿਕਲੇ ਝਾੜ ਬਦਲੇ 500 ਪ੍ਰਤੀ ਕੁਇੰਟਲ ਦਾ ਬੋਨਸ ਲੈਣ, ਕਰਜਾ-ਗ੍ਰਸਤ ਕਿਸਾਨਾਂ ਤੇ ਖੇਤ ਮਜ਼ਦੂਰਾਂ ਸਿਰ ਚੜ੍ਹੇ ਸਾਰੇ ਕਰਜਿਆਂ ਦੇ ਖ਼ਾਤਮੇ ਅਤੇ ਖ਼ੁਦਕੁਸ਼ੀ-ਪੀੜਤ ਪਰਿਵਾਰਾਂ ਲਈ ਰਾਹਤ ਆਦਿ ਭਖਦੇ ਮੁੱਦਿਆਂ ਨੂੰ ਲੈ ਕੇ ਅੱਜ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ), ਕਿਸਾਨ ਸੰਘਰਸ਼ ਕਮੇਟੀ (ਸਤਨਾਮ ਪੰਨੂੰ) ਅਤੇ ਕਿਸਾਨ ਸੰਘਰਸ਼ ਕਮੇਟੀ (ਕੰਵਲਪ੍ਰੀਤ ਪੰਨੂੰ) ਦੇ ਸਾਂਝੇ ਸੱਦੇ 'ਤੇ ਅੰਮ੍ਰਿਤਸਰ-ਦਿੱਲੀ ਰੂਟ ਉੱਪਰ ਦੇਵੀਦਾਸਪੁਰਾ; ਬਠਿੰਡਾ-ਅੰਬਾਲਾ-ਦਿੱਲੀ ਰੂਟ ਉੱਪਰ ਬਰਨਾਲਾ ਅਤੇ ਬਠਿੰਡਾ-ਹਿਸਾਰ-ਦਿੱਲੀ ਰੂਟ ਉੱਪਰ ਮਾਨਸਾ ਵਿਖੇ ਰੇਲ ਮਾਰਗ ਜਾਮ ਕਰ ਦਿੱਤੇ ਅਤੇ ਜਾਮ ਕੱਲ੍ਹ ਤੱਕ ਜਾਰੀ ਰੱਖਣ ਦਾ ਐਲਾਨ ਕੀਤਾ। ਜੱਥੇਬੰਦੀਆਂ ਵੱਲੋਂ ਇੱਥੇ ਸਾਂਝਾ ਪ੍ਰੈੱਸ ਰਲੀਜ ਜਾਰੀ ਕਰਦਿਆ ਭਾਕਿਯੂ ਏਕਤਾ (ਉਗਰਾਹਾਂ) ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਦੱਸਿਆ ਕਿ ਤਿੰਨੀਂ ਥਾਈਂ ਵਿਸ਼ਾਲ ਇਕੱਠਾਂ ਨੂੰ ਸੰਬੋਧਨ ਕਰਨ ਵਾਲੇ ਮੁੱਖ ਬੁਲਾਰਿਆਂ ਵਿੱਚ ਜੁਗਿੰਦਰ ਸਿੰਘ ਉਗਰਾਹਾਂ, ਹਰਦੀਪ ਸਿੰਘ ਟੱਲੇਵਾਲ, ਮਹਿੰਦਰ ਸਿੰਘ ਰੁਮਾਣਾ, ਸਤਨਾਮ ਸਿੰਘ ਪੰਨੂੰ, ਸਵਿੰਦਰ ਸਿੰਘ ਚੁਤਾਲਾ, ਸਰਵਨ ਸਿੰਘ ਪੰਧੇਰ, ਕੰਵਲਪ੍ਰੀਤ ਸਿੰਘ ਪੰਨੂੰ, ਕਰਮਜੀਤ ਸਿੰਘ ਤਲਵੰਡੀ ਅਤੇ ਜਗਜੀਤ ਸਿੰਘ ਵਰਪਾਲ ਸ਼ਾਮਲ ਸਨ।

ਬੁਲਾਰਿਆਂ ਨੇ ਕਿਸਾਨਾਂ ਦੀ ਪੁੱਤਾਂ ਵਾਂਗ ਪਾਲੀ ਕਣਕ ਦੀ ਮੰਡੀਆਂ ਵਿੱਚ ਹੋ ਰਹੀ ਬੇਕਦਰੀ ਲਈ ਮੁੱਖ ਤੌਰ 'ਤੇ ਮੋਦੀ ਸਰਕਾਰ ਨੂੰ ਦੋਸ਼ੀ ਠਹਿਰਾਇਆ ਅਤੇ ਬੇ-ਮੌਸਮੀ ਬਾਰਿਸ਼/ਗੜੇਮਾਰੀ/ਝੱਖੜ ਕਾਰਨ ਬਦਰੰਗ ਹੋਏ ਦਾਣਿਆਂ ਦਾ ਬਹਾਨਾ ਬਣਾ ਕੇ ਰੇਟ-ਕਟੌਤੀ ਰਾਹੀਂ ਇਸ ਕੁਦਰਤੀ ਆਫ਼ਤ ਦਾ ਸਾਰਾ ਬੋਝ ਕਿਸਾਨਾਂ ਸਿਰ ਪਾਉਣ ਦੀ ਕਿਸਾਨ ਮਾਰੂ ਨੀਤੀ ਦੀ ਸਖ਼ਤ ਨਿਖੇਧੀ ਕਰਦੇ ਹੋਏ ਇਹ ਨੀਤੀ ਵਾਪਿਸ ਲੈਣ ਅਤੇ ਸਾਰੀ ਕਣਕ ਬਿਨਾਂ ਸ਼ਰਤ ਪੂਰੇ ਰੇਟ 'ਤੇ ਖਰੀਦਣ ਦੀ ਮੰਗ ਕੀਤੀ। ਉਨ੍ਹਾਂ ਨੇ ਦੋਸ਼ ਲਾਇਆ ਕਿ ਸਾਬਕਾ ਕੇਂਦਰੀ ਸਰਕਾਰਾਂ ਵੱਲੋਂ ਅਪਣਾਈ ਗਈ ਸੰਸਾਰ ਵਪਾਰ ਸੰਸਥਾ ਦੀ ਸਾਮਰਾਜ-ਪੱਖੀ ਖੁੱਲ੍ਹੀ ਮੰਡੀ ਵਾਲੀ ਨੀਤੀ ਅਤੇ ਫ਼ਸਲਾਂ ਦੇ ਘਾਟੇਵੰਦ ਭਾਅ ਮਿਥਣ ਸਮੇਤ ਲਾਗਤ ਖਰਚੇ ਲਗਾਤਾਰ ਵਧਾਉਣ ਦੀ ਨੀਤੀ ਨੂੰ ਮੋਦੀ ਸਰਕਾਰ ਦੁਆਰਾ ਹੋਰ ਵਧੇਰੇ ਤੇਜ਼ੀ ਨਾਲ ਲਾਗੂ ਕਰਨ ਦਾ ਹੀ ਸਿੱਟਾ ਹੈ ਕਿ ਰਾਜਸਥਾਨ ਦੇ ਇਕ ਕਰਜਾ-ਗ੍ਰਸਤ ਕਿਸਾਨ ਗਜਿੰਦਰ ਸਿੰਘ ਨੂੰ ਫ਼ਸਲੀ ਖ਼ਰਾਬੇ ਦਾ ਮੁਆਵਜ਼ਾ ਨਾ ਮਿਲਣ ਕਾਰਨ ਅਤਿਅੰਤ ਮਾਨਸਿਕ ਬੋਝ ਹੇਠਾਂ ਦਿੱਲੀ ਵਿਚ ਭਰੇ ਇਕੱਠ ਦੇ ਸਾਹਮਣੇ ਫਾਹਾ ਲਾ ਕੇ ਖੁਦਕੁਸ਼ੀ ਕਰਨ ਲਈ ਮਜਬੂਰ ਹੋਣਾ ਪਿਆ ਹੈ। ਇਸ ਝੰਜੋੜੂ ਘਟਨਾ ਨੇ ਦੇਸ਼ ਭਰ ਦੇ ਲੱਖਾਂ ਹੀ ਕਰਜਾ-ਗ੍ਰਸਤ ਖੁਦਕੁਸ਼ੀ ਪੀੜਤ ਕਿਸਾਨ ਮਜਦੂਰ ਪਰਿਵਾਰਾਂ ਦੀ ਤਰਾਸਦੀ ਨੂੰ ਇਕ ਵਾਰ ਫਿਰ ਗ਼ਹਿਰੀ ਸ਼ਿੱਦਤ ਨਾਲ ਦੁਨੀਆਂ ਸਾਹਮਣੇ ਉਭਾਰ ਦਿੱਤਾ ਹੈ। ਅਪ੍ਰੈਲ ਦੇ ਦਿਨਾਂ ਵਿਚ ਹੀ ਪੰਜਾਬ ਅੰਦਰ 30 ਤੋਂ ਵੱਧ ਅਤੇ ਪੂਰੇ ਦੇਸ਼ ਅੰਦਰ 800 ਤੋਂ ਵੱਧ ਕਿਸਾਨ ਖੁਦਕੁਸ਼ੀਆਂ ਦਾ ਸ਼ਿਕਾਰ ਹੋ ਚੁੱਕੇ ਹਨ। ਬੁਲਾਰਿਆਂ ਨੇ ਗਜਿੰਦਰ ਸਿੰਘ ਸਮੇਤ ਇਨ੍ਹਾਂ ਸਾਰੇ ਸਦਮਾ-ਗ੍ਰਸਤ ਪਰਿਵਾਰਾਂ ਨਾਲ ਡੂੰਘੀ ਹਮਦਰਦੀ ਜਾਹਰ ਕਰਦਿਆਂ ਮੰਗ ਕੀਤੀ ਕਿ ਦੇਸ਼ ਅੰਦਰ ਹੁਣ ਤੱਕ ਖੁਦਕੁਸ਼ੀ-ਪੀੜਤ ਲੱਖਾਂ ਕਿਸਾਨ ਮਜ਼ਦੂਰ ਪਰਿਵਾਰਾਂ ਨੂੰ 10-10 ਲੱਖ ਰੁਪਏ ਦੀ ਫੌਰੀ ਰਾਹਤ ਅਤੇ 1-1 ਸਰਕਾਰੀ ਨੌਕਰੀ ਤੁਰੰਤ ਦਿੱਤੀ ਜਾਵੇ। ਖੁਦਕੁਸ਼ੀਆਂ ਰੋਕਣ ਅਤੇ ਖੇਤੀ ਸੰਕਟ ਦੇ ਸਥਾਈ ਹੱਲ ਲਈ ਮੁੱਢਲੇ ਕਦਮਾਂ ਵਜੋਂ ਪਹਿਲ ਪ੍ਰਿਥਮੇ ਕਰਜਾ-ਗ੍ਰਸਤ ਕਿਸਾਨਾਂ ਮਜਦੂਰਾਂ ਦੇ ਸਰਕਾਰੀ, ਸਹਿਕਾਰੀ ਅਤੇ ਸੂਦਖੋਰੀ ਸਾਰੇ ਕਰਜਿਆਂ 'ਤੇ ਲਕੀਰ ਮਾਰੀ ਜਾਵੇ। ਦੂਜੇ ਨੰਬਰ 'ਤੇ ਸਾਮਰਾਜੀ ਕੰਪਨੀਆਂ ਦੇ ਮੁਨਾਫ਼ੇ ਛਾਂਗ ਕੇ ਖੇਤੀ ਲਾਗਤ ਖਰਚੇ ਘਟਾਏ ਜਾਣ; ਸਾਰੀਆਂ ਫਸਲਾਂ ਦੇ ਲਾਭਕਾਰੀ ਮੁੱਲ ਸਵਾਮੀਨਾਥਨ ਕਮਿਸ਼ਨ ਦੀ ਸਿਫ਼ਾਰਸ਼ ਅਨੁਸਾਰ ਮਿਥੇ ਜਾਣ ਅਤੇ ਮਿਥੇ ਹੋਏ ਭਾਅ 'ਤੇ ਖ਼ਰੀਦ ਦੀ ਗਰੰਟੀ ਸਾਰੀਆਂ ਫ਼ਸਲਾਂ ਵਾਸਤੇ ਸਰਕਾਰ ਵੱਲੋਂ ਕੀਤੀ ਜਾਵੇ। ਤੀਜੇ ਨੰਬਰ 'ਤੇ ਜ਼ਮੀਨੀ ਹੱਦਬੰਦੀ ਕਾਨੂੰਨ ਲਾਗੂ ਕਰਕੇ ਫਾਲਤੂ ਜ਼ਮੀਨਾਂ ਬੇਜ਼ਮੀਨੇ ਅਤੇ ਥੁੜ੍ਹਜ਼ਮੀਨੇ ਮਜਦੂਰਾਂ ਕਿਸਾਨਾਂ ਵਿਚ ਵੰਡੀਆਂ ਜਾਣ। ਬੁਲਾਰਿਆਂ ਨੇ ਇਹ ਮੰਗ ਵੀ ਕੀਤੀ ਕਿ ਐਤਕੀਂ 95% ਤੋਂ ਵੱਧ ਕਣਕ ਦੀ ਵਾਢੀ ਮਸ਼ੀਨਾਂ ਰਾਹੀਂ ਹੋਣ ਕਾਰਨ ਹੋਏ ਖੇਤ ਮਜਦੂਰਾਂ ਦੇ ਰੁਜ਼ਗਾਰ-ਉਜਾੜੇ ਦੇ ਇਵਜ਼ ਵਜੋਂ 5-5 ਕੁਇੰਟਲ ਕਣਕ ਪ੍ਰਤੀ ਪਰਿਵਾਰ ਮੁਫ਼ਤ ਦਿੱਤੀ ਜਾਵੇ। ਸ਼ਾਂਤਾ ਕੁਮਾਰ ਰਿਪੋਰਟ ਰੱਦ ਕੀਤੀ ਜਾਵੇ ਅਤੇ ਐਫ. ਸੀ. ਆਈ. ਦੁਆਰਾ ਫ਼ਸਲਾਂ ਦੀ ਖਰੀਦ ਸਾਰੇ ਰਾਜਾਂ ਵਿਚ ਪੂਰੀ ਤਰ੍ਹਾਂ ਕੀਤੀ ਜਾਵੇ। ਜਨਤਕ ਵੰਡ ਪ੍ਰਣਾਲੀ ਮਜਬੂਤ ਕੀਤੀ ਜਾਵੇ। ਬੁਲਾਰਿਆਂ ਨੇ ਖਾਸ ਕਰਕੇ ਮਾਝੇ ਦੇ ਇਲਾਕੇ ਵਿਚ ਮੰਡੀਆਂ ਵਿਚ ਬੁਰੀ ਤਰ੍ਹਾਂ ਰੁਲ ਰਹੀ ਕਣਕ ਉਪਰ ਗਹਿਰੀ ਚਿੰਤਾ ਜ਼ਾਹਰ ਕਰਦੇ ਹੋਏ ਬਾਦਲ ਸਰਕਾਰ ਨੂੰ ਵੀ ਇਸ ਲਈ ਦੋਸ਼ੀ ਗਰਦਾਨਿਆ। ਉਨ੍ਹਾਂ ਸਪੱਸ਼ਟ ਕੀਤਾ ਕਿ ਹੜਤਾਲ ਕਰ ਰਹੇ ਪੱਲੇਦਾਰਾਂ ਜਾਂ ਖਰੀਦ ਇੰਸਪੈਕਟਰਾਂ ਨਾਲ ਕਿਸਾਨਾਂ ਦਾ ਕੋਈ ਟਕਰਾਓ ਨਹੀਂ ਆਉਣ ਦਿੱਤਾ ਜਾਵੇਗਾ ਸਗੋਂ ਜਥੇਬੰਦੀਆਂ ਦੀ ਮੰਗ ਹੈ ਕਿ ਇਹਨਾਂ ਹੜਤਾਲੀ ਕਾਮਿਆਂ ਉੱਤੇ ਕੀਤੇ ਮਾਰੂ ਆਰਥਿਕ ਹੱਲੇ ਵਾਪਸ ਲੈ ਕੇ ਉਨ੍ਹਾਂ ਦੀਆਂ ਮੰਗਾਂ ਦਾ ਨਿਆਂਈਂ ਨਿਪਟਾਰਾ ਤੁਰੰਤ ਕੀਤਾ ਜਾਵੇ। ਬੁਲਾਰਿਆਂ ਨੇ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਬੀਤੇ ਦਸ-ਬਾਰਾਂ ਦਿਨਾਂ ਤੋਂ ਹਰ ਰੋਜ਼ ਕਿਸਾਨਾਂ ਵੱਲੋਂ ਲਾਏ ਜਾ ਰਹੇ ਸੜਕ ਰੋਕੋ ਧਰਨਿਆਂ ਵਾਂਗ ਹੀ ਜੇਕਰ ਸਰਕਾਰ ਨੇ ਕਿਸਾਨਾਂ ਦੇ ਰੇਲ-ਜਾਮ ਨੂੰ ਵੀ ਨਜ਼ਰ-ਅੰਦਾਜ਼ ਕਰਨ ਦੀ ਕੋਸ਼ਿਸ਼ ਕੀਤੀ ਤਾਂ ਇਸ ਦੇ ਗੰਭੀਰ ਨਤੀਜੇ ਨਿਕਲ ਸਕਦੇ ਹਨ ਅਤੇ ਕਿਸਾਨਾਂ ਨੂੰ ਅੰਦੋਲਨ ਹੋਰ ਤੇਜ਼ ਕਰਨ ਲਈ ਮਜਬੂਰ ਹੋਣਾ ਪੈ ਸਕਦਾ ਹੈ।

# ਸਾਵਧਾਨ ਪੰਜਾਬ ! ਸਾਵਧਾਨ !!

# ਪਾਣੀਆਂ ਦਾ ਸੰਕਟ : ਪੰਜਾਬ ਲਈ ਖਤਰੇ ਦੀ ਘੰਟੀ



**ਮੁੱਖ ਮੰਤਰੀ ਪੰਜਾਬ ਦੇ ਨਾਂਅ ਇੱਕ ਖੁੱਲ੍ਹੀ ਚਿੱਠੀ/ਸਪੀਕਰ, ਪੰਜਾਬ ਵਿਧਾਨ ਸਭਾ**

ਸ਼੍ਰੀਮਾਨ ਜੀ,

1. ਉਪਰੋਕਤ ਵਿਸ਼ੇ ਦੇ ਸੰਦਰਭ ਵਿੱਚ ਇੱਥੇ ਇਹ ਬਿਆਨ ਕਰਨਾ ਪ੍ਰਸੰਗਿਕ ਹੋਵੇਗਾ ਕਿ ਰਾਜ ਦੀ ਕਿਸੇ ਸਿਆਸੀ ਪਾਰਟੀ ਜਾਂ ਵਿਧਾਨਕਾਰ ਨੇ ਸੰਵਿਧਾਨ ਦੇ ਆਰਟੀਕਲ 246, ਕਲਾਜ਼ (3) ਅਤੇ 7ਵੇਂ ਸ਼ਡਿਊਲ ਦੀ ਰਾਜਾਂ ਦੇ ਅਧਿਕਾਰ ਖੇਤਰ ਦੀ ਸੂਚੀ-II ਦੇ ਪਾਣੀ ਸਬੰਧੀ 17ਵੇਂ ਇੰਦਰਾਜ ਦੀ ਪਾਲਣਾ ਕਰਨੀ ਜ਼ਰੂਰੀ ਨਹੀਂ ਸਮਝੀ ਅਤੇ ਨਾ ਹੀ ਕਦੇ ਵਿਧਾਨ ਸਭਾ ਵਿੱਚ ਪਾਣੀਆਂ ਦੀ ਗੈਰ-ਸੰਵਿਧਾਨਕ ਵੰਡ ਬਾਰੇ ਕੋਈ ਵਿਚਾਰ-ਚਰਚਾ ਕੀਤੀ। ਸਿੱਟੇ ਵਜੋਂ, ਪੰਜਾਬ ਨੂੰ ਉਸ ਦੇ ਆਪਣੇ ਦਰਿਆਵਾਂ ਸਤਲੁਜ, ਬਿਆਸ ਅਤੇ ਰਾਵੀ ਦੇ ਪਾਣੀਆਂ ਤੋਂ ਵਾਂਝਿਆ ਹੋਣਾ ਪਿਆ, ਜਦੋਂ ਕਿ ਪੰਜਾਬ ਦੇ ਇਹ ਤਿੰਨੇ ਦਰਿਆ ਹੀ Intra State ਦਰਿਆਵਾਂ ਦੀ ਸ਼੍ਰੇਣੀ ਵਿੱਚ ਆਉਂਦੇ ਹਨ, ਭਾਵ ਕਿ ਅੰਦਰੂਨੀ ਪੰਜਾਬ ਹਨ। ਫਿਰ ਇਨ੍ਹਾਂ ਦੇ ਪਾਣੀਆਂ ਦੀ ਵੰਡ ਕਿਉਂ ਹੋਈ? ਜਦੋਂ ਕਿ ਪੰਜਾਬ ਪਹਿਲਾਂ ਹੀ ਪਾਣੀ ਦੇ ਸੰਕਟ ਦੇ ਦੌਰ 'ਚੋਂ ਲੰਘ ਰਿਹਾ ਸੀ।

2. ਸਾਡੇ ਰਾਜਨੇਤਾਵਾਂ ਨੇ ਵਿਧਾਨ ਸਭਾ ਵਿੱਚ ਕਦੇ ਵੀ ਆਪਣਾ ਪੱਖ ਸਪੱਸ਼ਟ ਨਹੀਂ ਕੀਤਾ ਕਿ ਪੰਜਾਬ ਨੂੰ ਉਸ ਦੇ ਦਰਿਆਵਾਂ ਤੋਂ ਕੁੱਲ ਕਿੰਨਾ ਪਾਣੀ ਮਿਲਦਾ ਹੈ ਅਤੇ ਉਸ ਦੀਆਂ ਆਪਣੀਆਂ ਹਕੀਕੀ ਲੋੜਾਂ ਕੀ ਹਨ? ਗੈਰ-ਰਾਇਪੇਰੀਅਨ ਰਾਜਾਂ ਹਰਿਆਣਾ, ਰਾਜਸਥਾਨ, ਰਾਜਧਾਨੀ ਦਿੱਲੀ, ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਆਦਿ ਨੂੰ ਸਮੂਹਿਕ ਤੌਰ 'ਤੇ ਕੁੱਲ ਕਿੰਨਾ ਪਾਣੀ ਦਿੱਤਾ ਜਾਂਦਾ ਹੈ, ਸਮੇਤ ਯਮੁਨਾ ਦਰਿਆ ਦੇ? ਜੋ ਕਦੇ ਅਣਵੰਡੇ ਪੰਜਾਬ ਦੀਆਂ ਹੱਦਾਂ ਅੰਦਰ ਆਉਂਦਾ ਸੀ।

3. ਪੰਜਾਬ ਵਿਚਲੇ ਪਾਣੀ ਦੇ ਗੰਭੀਰ ਸੰਕਟ ਦੇ ਚਲਦਿਆਂ ਰਾਜ ਸਰਕਾਰ ਦੀ ਇਹ ਮੁੱਢਲੀ ਜਿੰਮੇਵਾਰੀ ਬਣਦੀ ਹੈ ਕਿ ਲੋਕ-ਹਿਤ ਵਿੱਚ ਇਹ ਸਪੱਸ਼ਟ ਕੀਤਾ ਜਾਵੇ ਕਿ ਪੰਜਾਬ ਨੂੰ ਉਸ ਦੇ ਆਪਣੇ ਨਹਿਰੀ ਵਸੀਲਿਆਂ ਤੋਂ ਕੁੱਲ ਕਿੰਨਾ ਪਾਣੀ ਮਿਲਦਾ ਹੈ ਅਤੇ ਰਾਜ ਦਾ ਕੁੱਲ ਕਿੰਨਾ ਰਕਬਾ ਵਾਹੀਯੋਗ ਹੈ? ਅਤੇ ਪੰਜਾਬ ਨੂੰ ਹੋਰ ਕਿੰਨੇ ਵਧੇਰੇ ਪਾਣੀ ਦੀ ਲੋੜ ਹੈ?

4. ਪਾਣੀਆਂ ਦੀ ਹਕੀਕੀ ਲੋੜਾਂ ਸਬੰਧੀ ਵਿਧਾਨ ਸਭਾ ਵਿੱਚ ਮਤਾ ਪਾਸ ਕਰਕੇ ਭਾਖੜਾ-ਬਿਆਸ ਮੈਨੇਜਮੈਂਟ ਬੋਰਡ (ਨੋਡਲ ਏਜੰਸੀ) ਤੋਂ ਇਲਾਵਾ ਕੇਂਦਰ ਸਰਕਾਰ ਨੂੰ ਵੀ ਭੇਜਿਆ ਜਾਵੇ ਜੀ, ਤਾਂ ਜੋ ਸਮਾਂ ਰਹਿੰਦਿਆਂ ਇਸ ਤੋਂ ਕੋਈ ਯੋਗ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਸਕੇ। ਪਰ ਅਫਸੋਸ! ਸਾਡੇ ਵਿਧਾਨਕਾਰ ਇਸ ਵਿਸ਼ੇ ਸਬੰਧੀ ਕੁੱਝ ਵੀ ਕਰਨ ਤੋਂ ਅਸਮਰੱਥ ਹਨ, ਅਜਿਹਾ ਹੀ ਕੁਝ ਵਤੀਰਾ ਪੰਜਾਬ ਦੇ ਰਾਜਨੇਤਾਵਾਂ ਦਾ ਹੈ। ਸਿਵਾਏ ਜ਼ੁਬਾਨੀ ਜਮ੍ਹਾਂ ਖਰਚ ਕਰਨ ਦੇ, ਉਹ ਕੁਝ ਵੀ ਸਾਰਥਿਕ ਕਰਨ ਦੀ ਚੇਸ਼ਟਾ ਨਹੀਂ ਕਰਦੇ।

- ਕੀ ਹਨ ਸੰਵਿਧਾਨਕ ਅਤੇ ਕਾਨੂੰਨੀ ਵਿਵਸਥਾਵਾਂ? -

5. ਉਪਰ ਦਿੱਤੇ ਹਵਾਲਿਆਂ ਦੇ ਸੰਦਰਭ ਵਿੱਚ ਇੱਥੇ ਸੰਵਿਧਾਨ ਦੀਆਂ ਸਬੰਧਿਤ ਵਿਵਸਥਾਵਾਂ ਦਾ ਮੂਲ ਰੂਪ ਵਿੱਚ ਹਵਾਲਾ ਦੇਣਾ ਯੋਗ ਬਣਦਾ ਹੈ:- Article 246 Clause (3), reads: "Subject to Clauses (1) and (2), the Legislature of any State (***) has exclusive power to make laws for such State or any part thereof with respect to any of the matters enumerated in List-II in the Seventh Schedule (in the Constitution referred to as the 'State List')"-Entry 17th of the said List, pertains to water, meaning thereby, river/canal water, apart from the description given therein the said Entry. So, it makes clear that the Legislative powers of the State Assembly can not be delegated to any individual, howsoever, powerful he/she may be in the political system or the administrative hierarchy or institution whether it is the Parliament or the Executive. Even the Judiciary can not interfere in such matters of the Constitution. However, it is not competent even for the apex court to overrule the above said provisions of the Constitution. Thus it goes to prove that the rivers waters of Punjab fall beyond the pale of the legal jurisprudence. So it makes clear that the un-Constitutional division of Punjab rivers waters is based on surmises and conjectures, which is illegal and unlawful, otherwise.

6. ਜਦੋਂ ਕਿ ਅੰਗ੍ਰੇਜ਼ੀ ਸ਼ਾਸ਼ਨਕਾਲ ਸਮੇਂ ਤੋਂ ਪੰਜਾਬ 'ਚ ਲਾਗੂ ਨਾਰਦਰਨ ਇੰਡੀਆ ਕੈਨਾਲ ਐਂਡ ਡਰੇਨੇਜ ਐਕਟ, 1873 (Northern India Canal and Drainage Act, 1873) ਦੀਆਂ ਪਾਣੀ ਸਬੰਧੀ ਵਿਵਸਥਾਵਾਂ ਤੋਂ ਵੀ ਪੰਜਾਬ ਦੇ ਕਾਨੂੰਨੀ ਅਤੇ ਰਾਇਪੇਰੀਅਨ ਅਧਿਕਾਰਾਂ ਦੀ ਪੁਸ਼ਟੀ ਹੁੰਦੀ ਹੈ, ਜੋ ਇਸ ਤਰ੍ਹਾਂ ਹਨ:- Irrigation system in Punjab is governed by the Northern India Canal and Drainage Act, 1873, amended by legislation ending with Punjab Act-9 of 1987-to quote here: "whereas, throughout the territories to which this Act extends, the Provincial Government is entitled to use and control for public purposes the water of all rivers and streams flowing in natural channels, and of all likes (read lakes) and other natural collections of still water, and whereas it is expedient to amend the law relating to irrigation, navigation and drainage in the said territories: it is hereby enacted as follows:........"ਸਪਸ਼ਟ ਹੈ ਕਿ ਪੰਜਾਬ ਵਿਧਾਨ ਸਭਾ ਦੇ ਸੰਵਿਧਾਨਕ ਅਧਿਕਾਰ ਕਿਸੇ ਹੋਰ ਰਾਜਸੀ ਆਗੂ ਭਾਵ ਪ੍ਰਧਾਨ ਮੰਤਰੀ, ਮੁੱਖ ਮੰਤਰੀ ਜਾਂ ਕਿਸੇ ਹੋਰ ਰਾਜਨੇਤਾ ਜਾਂ ਸੰਵਿਧਾਨਕ ਸੰਸਥਾ ਯਾਨੀਕਿ ਪਾਰਲੀਮੈਂਟ ਜਾਂ ਕਾਰਜਪਾਲਿਕਾ ਨੂੰ ਨਹੀਂ ਉਪਲੱਬਧ ਕਰਵਾਏ ਜਾ ਸਕਦੇ ਅਤੇ ਨਾ ਹੀ ਸਰਵ-ਉੱਚ ਅਦਾਲਤ ਇਸ ਬਾਰੇ ਕੋਈ ਕਿਸੇ ਕਿਸਮ ਦੀ ਦਖਲ-ਅੰਦਾਜ਼ੀ ਕਰ ਸਕਦੀ ਹੈ।

7. ਸੰਵਿਧਾਨ ਅਤੇ ਕਾਨੂੰਨ ਦੀਆਂ ਉਪਰੋਕਤ ਦਰਸਾਈਆਂ ਵਿਵਸਥਾਵਾਂ ਦੀ ਉਲੰਘਣਾ ਕਰਨਾ ਕਾਨੂੰਨ ਦੀਆਂ ਨਜ਼ਰਾਂ 'ਚ ਇੱਕ ਅਪਰਾਧਿਕ ਮਾਮਲਾ ਬਣਦਾ ਹੈ। ਫਿਰ ਪੰਜਾਬ ਦੇ ਦਰਿਆਈ ਪਾਣੀਆਂ ਦੀ ਗੈਰ-ਕਾਨੂੰਨੀ ਵੰਡ ਕਿਸ ਆਧਾਰ 'ਤੇ ਕੀਤੀ ਗਈ? ਜਦੋਂ ਕਿ ਪੰਜਾਬ ਦੇ ਤਿੰਨੇ ਦਰਿਆ ਹੀ ਅੰਤਰਰਾਜੀ (Inter State) ਦਰਿਆਵਾਂ ਦੀ ਸ਼੍ਰੇਣੀ ਵਿੱਚ ਨਹੀਂ ਆਉਂਦੇ। ਜੋ ਸੰਵਿਧਾਨ ਦੇ ਆਰਟੀਕਲ 262 ਅਧੀਨ ਆਉਂਦੇ ਹਨ, ਜਿਸ ਅਧੀਨ ਇੰਟਰ-ਸਟੇਟ ਵਾਟਰ ਡਿਸਪਿਊਟ ਐਕਟ, 1956 (Inter State Water Dispute Act, 1956) ਬਣਾਇਆ ਗਿਆ ਸੀ। ਬਲਕਿ ਪੰਜਾਬ ਪੁਨਰਗਠਨ ਐਕਟ, 1966 ਦੀਆਂ ਧਾਰਾਵਾਂ 78, 79 ਅਤੇ 80 ਪੰਜਾਬ ਦੇ ਇਨ੍ਹਾਂ ਦਰਿਆਵਾਂ 'ਤੇ ਲਾਗੂ ਨਹੀਂ ਕੀਤੀਆਂ ਜਾ ਸਕਦੀਆਂ।

**- ਕੀ ਹਨ ਪੰਜਾਬ ਵਿੱਚ ਪਾਣੀ ਦੀ ਅਸਲ ਲਾਗਤ ਦੇ ਅੰਕੜੇ? -**

8. ਯਾਦ ਰਹੇ ਕਿ ਮੁੱਖ ਇੰਜੀਨੀਅਰ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ ਦੇ ਪ੍ਰੈਸ ਬਿਆਨਾਂ ਅਨੁਸਾਰ ਪੰਜਾਬ ਨੂੰ ਇਸ ਸਮੇਂ 54 ਐਮ.ਏ.ਐਫ. ਪਾਣੀ ਦੀ ਲੋੜ ਹੈ, ਜਦੋਂ ਕਿ ਇੱਕ ਅਨੁਮਾਨ ਅਨੁਸਾਰ ਪੰਜਾਬ ਨੂੰ ਇਸ ਸਮੇਂ ਸਿਰਫ 10 ਐਮ.ਏ.ਐਫ. ਦੇ ਕਰੀਬ ਹੀ ਪਾਣੀ ਮਿਲਦਾ ਹੈ, ਭਾਵ ਕਿ ਪੰਜਾਬ 'ਚ 44 ਐਮ.ਏ.ਐਫ. ਪਾਣੀ ਦੀ ਵੱਡੀ ਘਾਟ ਹੈ। ਜਿਸ ਦੀ ਪੂਰਤੀ 15 ਲੱਖ ਤੋਂ ਵੀ ਵਧੇਰੇ ਟਿਊਬਵੈਲਾਂ ਰਾਹੀਂ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਦੋ ਲੱਖ ਤੋਂ ਵੀ ਹੋਰ ਵਧੇਰੇ ਟਿਊਬਵੈਲ ਕੁਨੈਕਸ਼ਨ ਜਾਰੀ ਕੀਤੇ ਜਾ ਰਹੇ ਹਨ। ਵਰਨਣਯੋਗ ਹੈ ਕਿ ਇਸ ਸਮੇਂ ਪੰਜਾਬ ਵਿੱਚ 3 ਲੱਖ ਏਕੜ ਤੋਂ ਵੀ ਵਧੇਰੇ ਧਰਤੀ ਹੇਠਲਾ ਪਾਣੀ ਵਰਤਿਆ ਜਾ ਰਿਹਾ ਹੈ। ਕੀ ਫਿਰ ਇਸ ਤਰ੍ਹਾਂ ਪੰਜਾਬ ਮੁਕੰਮਲ ਤੌਰ 'ਤੇ ਬੰਜਰ ਨਹੀਂ ਹੋ ਜਾਏਗਾ? ਫਿਰ, ਪੰਜਾਬ ਦੀ ਤਿੰਨ ਕਰੋੜ ਦੀ ਵੱਡੀ ਆਬਾਦੀ ਦੀਆਂ ਪਾਣੀ ਲੋੜਾਂ ਕਿਵੇਂ ਪੂਰੀਆਂ ਕੀਤੀਆਂ ਜਾਣਗੀਆਂ?

**- ਅੰਤਰਰਾਜੀ ਦਰਿਆਵਾਂ ਗੰਗਾ-ਜਮੁਨਾ ਅਤੇ ਨਰਮਦਾ ਦੇ ਪਾਣੀਆਂ ਦੀ ਵੰਡ ਸਬੰਧੀ-**

9. ਸਾਡੇ ਵਿਚਾਰ ਅਨੁਸਾਰ ਅਗਰ ਪੰਜਾਬ ਨੂੰ ਪਾਣੀ ਦੇ ਗੰਭੀਰ ਸੰਕਟ ਤੋਂ ਬਚਾਉਣਾ ਹੈ, ਤਾਂ ਗੰਗਾ-ਜਮੁਨਾ ਦਰਿਆਵਾਂ ਨੂੰ ਆਪਸ 'ਚ ਲਿੰਕ ਨਹਿਰਾਂ ਰਾਹੀਂ ਜੋੜ ਕੇ ਇੰਨ੍ਹਾਂ ਦਾ ਪਾਣੀ ਰਾਜਧਾਨੀ ਦਿੱਲੀ ਅਤੇ ਹਰਿਆਣਾ ਨੂੰ ਦਿੱਤਾ ਜਾ ਸਕਦਾ ਹੈ, ਜਿਸਦੇ ਨਾਲ ਕਿ ਕਾਫੀ ਹੱਦ ਤੱਕ ਪੰਜਾਬ ਦਾ ਇਹ ਗੰਭੀਰ ਸੰਕਟ ਟਲ ਸਕਦਾ ਹੈ। ਇਸ ਤੋਂ ਇਲਾਵਾ ਮੱਧਿਆ ਪ੍ਰਦੇਸ਼ ਅਤੇ ਗੁਜਰਾਤ ਆਦਿ ਰਾਜਾਂ ਤੋਂ ਲੰਘਣ ਵਾਲੇ ਨਰਮਦਾ ਦਰਿਆ, ਜਿਸ ਤੇ ਕਿ ਸਰਦਾਰ ਸਰੋਵਰ ਡੈਮ ਦੀ ਉਸਾਰੀ ਕੀਤੀ ਗਈ ਹੈ, ਦਾ ਪਾਣੀ ਨਾਲ ਲਗਦੇ ਰਾਜਸਥਾਨ ਦੇ ਇਲਾਕਿਆਂ ਨੂੰ ਦਿੱਤਾ ਜਾ ਸਕਦਾ ਹੈ। ਜਿਸ ਨਾਲ ਕਿ ਪੰਜਾਬ ਦੇ ਦਰਿਆਈ ਪਾਣੀਆਂ ਦੀ ਬੱਚਤ ਹੋਣੀ ਕੁਦਰਤੀ ਹੈ। ਯਾਦ ਰਹੇ ਕਿ ਉਪਰ ਦਰਸਾਏ ਤਿੰਨੇ ਦਰਿਆ ਹੀ ਅੰਤਰਰਾਜੀ ਦਰਿਆ ਹਨ। ਫਿਰ ਇੰਨ੍ਹਾਂ ਦੇ ਪਾਣੀਆਂ ਦੀ ਵੰਡ ਕਿਉਂ ਨਹੀਂ ਕੀਤੀ ਜਾ ਸਕੀ?

ਵੱਲੋਂ:
ਡਾ. ਅਜੀਤ ਪਾਲ ਸਿੰਘ
ਐਮ.ਡੀ.
ਸਾਬਕਾ ਮੈਡੀਕਲ ਕਮਿਸ਼ਨਰ,
ਮੋਬਾ: 98156-29301
ajitpal1952@gmail.com

# ਹਾਰਪਰ ਸਰਕਾਰ ਦੇ ਅੱਤਵਾਦ ਵਿਰੋਧੀ ਬਿੱਲ ਸੀ-51 ਦਾ ਕਨੇਡਾ ਭਰ ਵਿੱਚ ਵਿਰੋਧ ਜਾਰੀ !

ਕੈਲਗਰੀ: ਕਨੇਡਾ ਭਰ ਵਿੱਚ ਅੱਜ ਅਪਰੈਲ 18 ਨੂੰ ਬਿੱਲ ਸੀ-51 ਦੇ ਵਿਰੋਧ ਰੋਸ ਰੈਲੀਆਂ ਤੇ ਮੁਜ਼ਾਹਰੇ ਹੋਏ। ਇਹ ਮੁਜ਼ਾਹਰੇ ਉਸ ਸਮੇਂ ਹੋ ਰਹੇ ਹਨ, ਜਦੋਂ ਬਿੱਲ ਸੀ-51 ਨੂੰ ਪਾਸ ਕਰਾਉਣ ਲਈ ਬਜ਼ਿਦ ਹਾਰਪਰ ਸਰਕਾਰ ਇਸਨੂੰ ਅਗਲੇ ਹਫਤੇ ਪਾਰਲੀਮੈਂਟ ਵਿੱਚ ਫਾਈਨਲ ਵੋਟਿੰਗ ਲਈ ਪੇਸ਼ ਕਰ ਰਹੀ ਹੈ।ਯਾਦ ਰਹੇ ਇਸ ਬਿੱਲ ਦੇ ਵਿਰੋਧ ਵਿੱਚ ਅੱਜ ਕੈਲਗਰੀ, ਐਡਮਿੰਟਨ, ਵੈਨਕੂਵਰ, ਵਿਨੀਪੈਗ, ਔਟਵਾ, ਟਰਾਂਟੋ, ਮੌਂਟਰੀਅਲ ਸਮੇਤ ਦੋ ਦਰਜਨ ਦੇ ਕਰੀਬ ਸ਼ਹਿਰਾਂ ਵਿੱਚ ਭਾਰੀ ਰੋਸ ਮੁਜ਼ਹਿਰੇ ਹੋਏ। ਜਿਨ੍ਹਾਂ ਵਿੱਚ ਮੁਜ਼ਾਹਿਰਾਕਾਰੀ ਕਹੇ ਜਾਂਦੇ ਐਂਟੀ ਟੈਰਰ ਬਿੱਲ ਦੇ ਵਿਰੋਧ ਦੇ ਨਾਲ-ਨਾਲ ਹਾਰਪਰ ਸਰਕਾਰ ਦੀ ਵੀ ਜੰਮ ਕੇ ਖਿਚਾਈ ਕਰ ਰਹੇ ਸਨ।

ਇਥੇ ਇਹ ਵਰਨਣਯੋਗ ਹੈ ਕਿ ਹਾਰਪਰ ਸਰਕਾਰ ਵਲੋਂ ਕਨੇਡਾ ਨੂੰ ਅੱਤਵਾਦੀਆਂ ਤੋਂ ਵਧਦੇ ਖਤਰਿਆਂ ਦੇ ਸਨਮੁੱਖ ਸਖਤ ਕਨੂੰਨ ਐਂਟੀ ਟੈਰਰ ਬਿੱਲ ਸੀ-51 ਬਣਾਉਣ ਦੀ ਵਕਾਲਤ ਕੀਤੀ ਜਾ ਰਹੀ ਹੈ। ਜਦਕਿ ਦੂਜੇ ਪਾਸੇ ਸਾਰੀਆਂ ਵਿਰੋਧੀ ਪਾਰਟੀਆਂ, ਲੇਬਰ ਤੇ ਮਨੁੱਖੀ ਅਧਿਕਾਰ ਜਥੇਬੰਦੀਆਂ ਇਸਦਾ ਸਖਤ ਵਿਰੋਧ ਕਰ ਰਹੀਆਂ ਹਨ। ਇਸ ਵਿਰੋਧ ਦੇ ਕਾਰਨ ਬਿੱਲ ਵਿੱਚ ਕੁਝ ਮਾਮੂਲੀ ਸੋਧਾਂ ਵੀ ਕੀਤੀਆਂ ਗਈਆਂ ਹਨ। ਪਰ ਇਸਦੇ ਬਾਵਜੂਦ ਮਨੁੱਖੀ ਅਧਿਕਾਰ ਜਥੇਬੰਦੀਆਂ ਦਾ ਤਰਕ ਹੈ ਕਿ ਇਸ ਬਿੱਲ ਦੇ ਕਨੂੰਨ ਬਣਨ ਨਾਲ ਪੁਲਿਸ ਨੂੰ ਵੱਧ ਅਧਿਕਾਰ ਮਿਲਣ ਨਾਲ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋਣ ਦਾ ਖਦਸ਼ਾ ਹੈ। ਪਰ ਹਾਰਪਰ ਸਰਕਾਰ ਲੋਕਾਂ ਵਿੱਚ ਅੱਤਵਾਦ ਦਾ ਹਊਆ ਖੜਾ ਕਰਕੇ ਅਗਲੀਆਂ ਇਲੈਕਸ਼ਨਾਂ ਜਿੱਤਣਾ ਚਾਹੁੰਦੀ ਹੈ ਜਦਕਿ ਕਨੇਡਾ ਵਿੱਚ ਅੱਤਵਾਦ ਦਾ ਕੋਈ ਇਤਨਾ ਵੱਡਾ ਖਤਰਾ ਦਿਖਾਈ ਨਹੀਂ ਦੇ ਰਿਹਾ। ਮੁਜ਼ਾਹਰਾਕਾਰੀਆਂ ਅਨੁਸਾਰ ਅੱਜ ਦੇ ਦੇਸ਼ ਭਰ ਵਿੱਚ ਹੋਏ ਮੁਜ਼ਾਹਰਿਆਂ ਦਾ ਮਕਸਦ ਹਾਰਪਰ ਸਰਕਾਰ ਦੇ ਮਨੁੱਖਤਾ ਵਿਰੋਧੀ ਚਿਹਰੇ ਨੂੰ ਨੰਗਾ ਕਰਨ ਤੇ ਲੋਕਾਂ ਸਾਹਮਣੇ ਬਿੱਲ ਸੀ-51 ਦੇ ਦੂਰ ਪ੍ਰਭਾਵਾਂ ਤੋਂ ਜਾਣੂ ਕਰਵਾਉਣਾ ਸੀ। ਮਨੁੱਖੀ ਅਧਿਕਾਰ ਸੰਸਥਾਵਾਂ ਨੂੰ ਅਜਿਹਾ ਵੀ ਖਦਸ਼ਾ ਹੈ ਕਿ ਇਸ ਬਿੱਲ ਨੂੰ ਮਨੁੱਖੀ ਅਧਿਕਾਰਾਂ ਲਈ ਲੜ ਰਹੇ ਕਾਰਕੁੰਨਾਂ ਖਿਲਾਫ ਵਰਤਿਆ ਜਾ ਸਕਦਾ ਹੈ ਅਤੇ ਕਨੇਡਾ ਨੂੰ ਪੁਲਿਸ ਸਟੇਟ ਬਣਾਉਣ ਵੱਲ ਧੱਕਿਆ ਜਾ ਰਿਹਾ ਹੈ।

ਮੁਜ਼ਾਹਰਾਕਾਰੀ ਵੱਖ-ਵੱਖ ਸਲੋਗਨ ਲਿਖੇ ਹੋਏ ਬੈਨਰ ਚੁੱਕੀ ਨਾਹਰੇ ਲਗਾ ਰਹੇ ਸਨ: 'ਕਿੱਲ ਦਾ ਬਿੱਲ', 'ਨੋ ਸੀਕਰੇਟ ਪੁਲਿਸ', 'ਅਸੀਂ ਅੱਤਵਾਦੀ ਨਹੀਂ ਹਾਂ', 'ਨੋ ਸਟੇਟ ਟੈਰਰ'। ਸਾਰੇ ਸ਼ਹਿਰਾਂ ਵਿੱਚ ਮੁਜਾਹਰਾਕਾਰੀਆਂ ਨੂੰ ਹਿੰਸਕ ਹੋਣ ਤਂ ਰੋਕਣ ਲਈ ਭਾਰੀ ਪੁਲਿਸ ਫੋਰਸ ਮੌਜੂਦ ਸੀ। ਇੱਕ ਮੁਜਹਰਾਕਾਰੀ ਲੀਡਰ ਦਾ ਕਹਿਣਾ ਸੀ ਕਿ ਇਸ ਬਿੱਲ ਦੇ ਕਨੂੰਨ ਬਣਨ ਨਾਲ ਨਾ ਸਿਰਫ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋਵੇਗੀ, ਸਗੋਂ ਇਹ ਬਿੱਲ ਚਾਰਟਰ ਆਫ ਰਾਈਟਸ ਦਾ ਵੀ ਵਿਰੋਧੀ ਹੈ। ਇਸ ਮੌਕੇ 'ਤੇ ਵੱਖ-ਵੱਖ ਮਨੁੱਖੀ ਅਧਿਕਾਰਾਂ ਦੇ ਕਾਰਕੁੰਨਾਂ, ਲੇਬਰ ਜਥੇਬੰਦੀਆਂ ਦੇ ਲੀਡਰਾਂ ਨੇ ਬਿੱਲ ਦੇ ਵਿਰੋਧ ਵਿੱਚ ਆਪਣੇ ਭਾਸ਼ਣ ਵੀ ਦਿੱਤੇ। ਸਾਰੇ ਮੁਜ਼ਾਹਰੇ ਸ਼ਾਂਤੀ ਪੂਰਵਕ ਸਮਾਪਤ ਹੋਏ।

# Ontario Budget Will Result in Devastating Hospital Cuts If Funding is Not Improved



(Toronto) - For the fourth consecutive year Ontario's hospitals will suffer real-dollar budget cuts according to today's Ontario Budget. This is the longest unbroken period of real-dollar public hospital cuts in Ontario's history. Already, Ontario has cut hospital beds more drastically than virtually anywhere else in Canada, or the industrialized world. Maternity units, entire wards, even entire hospitals are threatened with closure. Despite all rhetoric and false claims, these are not services that are being replaced in community care. The hospital cuts are resulting in accelerated privatization, hardship for patients and unsafe hospital overcrowding that now ranks among the worst in the developed world.

While the government has openly announced its plans to privatize Ontario Hydro, the real-dollar cuts across all public services and health care also mean damaging – and potentially irreversible – cuts, closures and privatization of needed health care and other social services.

Although this trend is often characterized as though it is a necessity, in truth, almost no jurisdiction in Canada or the developed world has cut public hospital care to the extent that the current Ontario government has. Ontario has dropped to last among all provinces in public hospital funding per capita, and is also last – both per capita and as a percentage of our economic output (GDP) in overall health care funding. These facts underline that these are choices, not necessities, and they can and should be changed.

"Virtually every service cut from our local public hospitals is being privatized," warned Natalie Mehra, Ontario Health Coalition Executive Director. "For patients, it means spending days on stretchers in hospital hallways because there are no beds, cancelled surgeries, long travel distances to access care and more user fees as care is cut from our local hospitals."

**Key health care budget items:**

- Overall health care funding will increase below the rate of inflation. This means real dollar cuts (1.3% overall health care increase).

- 0% increase for public hospitals. This means that hospital funding again will not keep pace with inflation, hospitals will be pushed into deficits and will see real dollar cuts.

- 2% increase for long-term care homes to go to nursing, personal support and programs. However, there is nothing in the budget to address the needs of more than 20,000 people on wait lists for long-term care homes across the province. Indeed waits will worsen as hospital cuts push patients out without care in place.

- 5% increase over three years for home care and community care.

Analysis:

- Ontario's government still refuses to listen to the pleas of Ontarians to stop the devastating cuts to our local public hospitals.

- The government and their spokespeople continue to falsely claim that this is "transformation," denying the reality that it is cuts and privatization.

- Improved funding for long-term care at approximately the rate of inflation is welcome but should be attached to improved care standards to ensure the funding goes to care.

- According to the most recent figures publicly available, home care funding has not kept pace with offloading of hospital patients. As of 2014, home care funding per client was still below 2002 levels. Improved funding may help to bring home care budgets back up to levels a decade or more ago.

- While the public is told that it must accept ongoing and worsening cuts to our local public hospitals and huge waits for long-term care; for-profit multinational financiers, banks, and service privatizers involved in P3 privatization will be cheering as the province ramps up funding for its extraordinarily expensive P3 program, siphoning money from care and services to for-profit consortia involved in promoting these schemes. The budget contains $100 billion over 10 years in infrastructure, much of which will be privatized P3s unless public interest groups are able to stop them and ensure that our infrastructure is built publicly.

**For more information: Natalie Mehra, executive director, Ontario Health Coalition, 416-441-2502.**

# It takes $18.52 an hour to make ends meet in Toronto: study

TORONTO – Two working parents with two children need to each earn a minimum of $18.52 an hour just to make ends meet in Toronto, says a new study from the Canadian Centre for Policy Alternatives' Ontario office (CCPA-Ontario).

Making Ends Meet, written by CCPA-Ontario economist Kaylie Tiessen, draws on a national living wage methodological framework to reflect what a living wage in Toronto is in 2015.

"When you take into account what it actually costs to rent an apartment, pay hydro, own a vehicle, pay for a TTC pass, buy groceries, and pay for child care, it means two working parents need to bring in a total of $72,242 a year in order to make ends meet for their family of four," says Tiessen. "There are 70,000 working poor in the City of Toronto – 113,000 in the overall region. A living wage would be a real game-changer for those workers."

The 2015 Toronto living wage updates the CCPA's 2008 calculation and is published as a guide to employers, like DUCA Credit Union, who have committed to pay their workers a living wage.

"Toronto is joining an international movement:already, employers in Ontario, Canada, and around the world are adopting living wage policies," says CCPA-Ontario Director Trish Hennessy. "In the U.K., more than 1,200 employers have signed living wage declarations; in 2014, the mayor of New York expanded living wages to thousands of city workers by requiring companies that do over $1 million in business with the city to pay a living wage; and in Ontario there is a growing number of living wage employers in Hamilton and Waterloo."

Keith Taylor, assistant vice-president of Strategic Social Impact for DUCA Credit Union in Toronto, not only participated in the working group that updated the city's living wage calculation – his credit union has begun adopting the living wage rate and is continuing to move forward as a living wage employer and champion. "Our employees have made a significant investment of their time and effort in making our business a success. In exchange, it's only fair that all employees experience at least a reasonable standard of living and have the opportunity to fully participate in their communities," says Taylor.

# Question of Reservation in Context of Economic-Development

The reservation in admission to educational-institutions and in jobs, is based upon the fact that some castes and tribes are not only exploited ruthlessly but also oppressed socially for centuries. The condition of their overwhelming majority remains fundamentally the same even today. For their social-upliftment, reservation is necessary. But a portion of them has become well-to-do and uplifted. This "creamy layer" must be taken out of ambit of reservation, both in admissions and in jobs, since this layer is engulfing the right of reservation to be availed by the genuine and needy persons belonging to these castes and tribes, hence nullying the purpose of reservation. Also, in case reserve seats in admissions and in jobs are not filled up due to the non-availability of reserve-category candidates, then these seats must be filled from general-category. Various parties play the politics of reservation to strengthen their vote-bank and to hoodwink the people. This must be stopped. Practice of tackling the problem of reservation in the prism of vote-bank-politics must be opposed by the people. On the other hand, Govt. is consolidating private-sector and throwing the concept of "Welfare State" and responsibility of providing employment to the people to winds, as a result of which the private- sector is giving some meager and partial employment to some population at arbitrary terms and conditions which is leading to providing miserable amount of salary and repressive working-conditions.

The economic-development of the country is not up to the mark, it is lagging behind, and fundamentally the country remains to be under-developed. As a consequence, employment is not available on a large-scale so as to assimilate the unemployed-army of the people. If the economic-development of the country is forwarded by leaps and bounds, then availability of employment will be on such a large-scale that there would be no need of reservation. So, question of economic-development of the country is of paramount importance for all of us.

**-Prof. B. S. Brar, Bathinda, Punjab,**

# Lost and found: What budget language says about government priorities


analysis around the 2015 Federal Budget. Critics' consensus? This budget is short-sighted, misleading and full of vote-buying measures that do little do address Canada's real challenges.

The policies and measures contained in the budget say a lot about the current government's priorities—budgets always do. But the language they use, independent of the policies themselves, says just as much about what this government really values.

Here's what a simple word search reveals about Budget 2015:

It's business as usual

Business (622), corporate/corporation (234), company (104), firm (49), enterprise (48) vs. poverty (6), gender (1), equality (0), inequality (0), human rights (0)



Budget 2015 reads like a love letter to the private sector. Words like "business", "corporation" and "firm" appear more than 1,000 times in the 518-page document. The concerns of the business community, from corporate taxes to EI premiums to bureaucratic red tape, are front and centre on almost every page.

In comparison, the words "equality" and "inequality" appear a grand total of zero times in the budget. The government has its blinders on when it comes to rising income and wealth disparity in Canada, as well as a whole host of persistent and growing social concerns, including poverty, gender equality and student debt. These issues are actively ignored in this budget, never mind addressed at the policy level.

Seniors vote, youth don't

Pension (159), senior/elderly (89), retirement (78) vs. youth/young (46), intern/internship (33), tuition (10), student debt (0)

The "winners" of this budget are seniors, according to many commentators. Greater RRIF flexibility and a TFSA limit increase will benefit wealthy seniors in particular. Seniors vote. So it's no surprise the government made them the focus of their election year budget.

Young people, on the other hand, don't vote nearly as much. Consequently, youth get half the mentions of seniors in the Budget. They also get far fewer meaningful budget measures. For example, rather than address the root cause of skyrocketing post-secondary tuition, the government has instead made student loans more accessible. More than 200,000 graduates are already struggling to pay off government loans. Yet "student debt" appears zero times in the budget.



Climate change denial is still a thing in 2015

Crude oil (42), natural gas/resources (40), mining (26), mineral (22), resource development (16) vs. environmental protection (9), emission (8), greenhouse gas (3), carbon (2), climate change (0)

The budget waxes eloquent about resource development and the importance of getting Canada's oil, gas and other natural resources to new markets. "Crude oil", "natural gas" and "mining" are mentioned more than 100 times in Budget 2015. The budget also contains a number of new measures to encourage environmentally-destructive extractive industries at home and abroad.

On the other hand, "climate change" and "global warming" receive zero mentions in all 518 pages ("changing climate" appears once and "investment climate" appears twice). There are well under 20 total mentions of "carbon", "emissions" and related phrases. Not only does the budget not address the massive and growing global problem of climate change, but it implicitly denies its very existence. Maybe we'll just have to wait for Stephen Harper's granddaughter to solve that problem, too.

When in doubt, cut and hope

Tax cut/credit (130), tax relief (61), low-tax plan (39), tax-free (33) vs. social service/security/housing/program (27), stimulus/stimulate (17), social transfer (15)

The budget contains little in the way of social spending or economic stimulus, at least for the next few years. "Social program", "social service" and similar phrases receive only a handful of mentions. And it's not because money isn't available—the government kindly reminds us more than 40 times that the budget is balanced.

Instead, the "strategy" is simple: cut taxes and hope that jobs and growth materialize. Phrases like "tax cut", "tax credit" and "tax relief" appear nearly 200 times. Unfortunately, that strategy hasn't worked so far. And it's not going to work at a time when government interventions in the economy are more important than ever.

We don't need a budget surplus, we need strong federal leadership. And this budget has not delivered.

Hadrian Mertins-Kirkwood is the CCPA's 2015 Ed Finn Progressive Communications Intern and a researcher on the CCPA's Trade and Investment Research Project. Follow Hadrian on Twitter @hadrianmk.

# How Cuba became self-sufficient without foreign capital



Maninder Sidhu , Canada

**This case study was taken from a book "Hungry for Profit". I was doing an essay on agribusiness corporations. I like this part so I thought that I should share it with all the friends-Maninder Sidhu , Brampton, Ontario, Canada**

We are constantly told by corporations that small countries can't feed themselves; they need imports to cover their deficiency. But by looking at Cuba, this claim is nothing but a deception. Cuba lost its key trade relations after 1959 revolution and then in 1990s after Soviet bloc was collapsed. After 1959 revolution Cuba primarily depend upon Soviet bloc for its import. State took control 80 percent of the farmland by 1980s and the agriculture production of Cuba was ranked number one in Latin America. This agriculture was highly mechanized and dependent on imported seeds, agrochemicals, machinery and petroleum. After the relations of Cuba with Soviet bloc crumbled in 1990s, Cuban agriculture was faced with 80 percent decrease in fertilizers and chemicals and about 50 percent decrease in petroleum products. In response of that crisis Cuban government launched a national effort to convert the high input agriculture sector to low input and self-reliant agricultural practices. Synthetic fertilizers were replaced by biological substitutes such as earthworms, compost, animal and green manures etc. Conventional practices such as crop rotations and bio pesticides were used to suppress weed. Machines, because of the fuel crisis, were replaced by animals. At the time of crisis 80 percent of the farms were state owned, only 20 percent were owned by small-scale farmers. Small scale farmers responded by boosting the production above previous levels but state owned big farms, who relied on technology, were incompatible with alternative choices. Thus by 1993 Cuban government terminated the existing state farms and 80 percent of the state farmland was turned into the basic units of cooperative production and handed over to the workers. By 1995 the food shortage had been overcome and by 1997 Cuba recorded its highest ever production in basic food items and this production came primarily from small farms. We are told that a country can't feed its people without using synthetic chemicals but Cuba is virtually doing so. Small farms of Cuba are far more efficient than large scale corporate or state owned farms because they recovered Cuba from the food crisis without subsidized machines and imported chemicals. Why this model of Cuba can't be generalized and applied to other countries? Of course it can but not in the present neoliberal political economy which is dominated by powerful corporations.



# Got a problem? Privatize it (and pay the price for selling off Hydro One later).

The provincially appointed panel led by former TD Bank CEO Ed Clark has released its final report and the Wynne government has said it will act on its recommendations.

It includes fully privatizing part of Hydro One and selling off a majority stake in what remains.

The government is trying to position this sale as an "asset swap", promising to use the proceeds of the sale to fund much needed investments in transit infrastructure. But in doing so, the government is ignoring its own previous expert advice: neither Metrolinx nor a provincially appointed panel headed by Ann Golden, suggested selling off vital public assets to fund transit.



This privatization will raise only $4 billion for infrastructure investment. While that might seem like a lot of money to you or me, it is less than 15 per cent of the cost of the government's transit investment plans.

Here are five reasons why this sell off is a bad idea:

Privatization would be a bonanza for Bay Street but bad news for Main Street. A recent article in the Globe and Mail described how Bay Street had scrambled for the estimated $110 million in fees from the last privatization effort in 2002. We can only imagine how much more fees will be some 13 years later.

That money won't come out of thin air. It would either come out of the pockets of hydro customers through rate increases or revenue losses paid for by all Ontarians through their taxes or public service cuts. Lining the pockets of Bay Street firms isn't a good use of a valuable public asset such as Hydro One.

The province's finances will suffer if it privatizes Hydro One. There is a good reason why Bay Street investors are lining up to buy a piece of it: Hydro One's financial statements show earnings of between nine and 11 per cent since its inception. That's a huge return on equity for any investor, so why wouldn't the government keep this "Golden Goose" for the people of Ontario. Currently that revenue helps pay for hospitals, schools, and other public services. With a sale, Ontarians would lose out on those revenues – year after year after year. Two academics in law and business, Trebilcock and Melville, have identified that the province would give up far more money in future revenue that it would make from a quick sell-off.

When you consider that the province's borrowing costs are below three per cent – historic lows – the loss of those earnings makes even less sense. Why sell off a valuable asset with guaranteed returns of nine to 11 per cent per year when you can borrow that money for less than three per cent per year?

The cost to Ontario's coffers doesn't stop there. Because it is a crown corporation, Hydro One doesn't pay taxes to the federal government, instead, a payment in lieu of taxes is retained by our province. The Wynne government has often lamented that Ontario does not get its fair share of revenue from the federal government, whether it is in the form of transfers, equalization, or access to Employment Insurance. If Hydro One is privatized, even more money will flow to the federal government from Ontario.

A review of similar privatization schemes in Canada and internationally suggests that privatizing Hydro One will very likely increase rates. Nova Scotia, which privatized its electricity system a generation ago, now has the highest electricity prices in Canada. We know that a private operator will likely borrow money to pay for the purchase and, later, pass that cost onto customers. Because a private corporation is profit-oriented, it won't discriminate between high-income and low-income hydro consumers – everyone will pay more while receiving fewer public services because of lost revenues to Ontario.

Innovation will suffer. Ontario Hydro has been used with modest success as a public policy tool to promote industrial development, to cushion the impact of rising rates on consumers, and to green our economy. For example, in recent years Hydro One has been directed by government to prioritize the infrastructure investments required to enable renewable electricity sources. A profit-driven private entity would not have made these green choices when other infrastructure investments would have offered higher return on investment. Taking government leadership out of greening Ontario would be a mistake and a step backward.

Ontario's track record with partial privatizations doesn't inspire confidence. The eHealth scandal resulted in $16 million dollars of untendered contracts going to consultants, along with extravagant pay hikes and bonuses. The ORNGE ambulance scandal was accompanied by enormous salaries, corruption, and failures in delivering vital public services.


In her first budget with a majority mandate, Premier Wynne had the opportunity to set a very different path for the province's finances. She could have increased taxes to pay for the infrastructure investment Ontario so badly needs. Instead, she chose a route that will result in future generations paying for her short-term political gains.

**Sheila Block is a senior economist with the Canadian Centre for Policy Alternatives' Ontario office. Follow Sheila on Twitter: @Sheila_M_Block**

### 18 ਅਪ੍ਰੈਲ ਬਰਸੀ 'ਤੇ ਵਿਸ਼ੇਸ਼

# ਰੰਗ ਮੰਚ ਦਾ ਸੂਹਾ ਸੂਰਜ: ਰਾਕੇਸ਼

**ਅਮੋਲਕ ਸਿੰਘ**



36 ਵਰ੍ਹਿਆਂ ਦਾ ਰਾਕੇਸ਼ ਸ਼ਰਮਾ ਭਰ ਜੋਬਨ ਮਘਦਾ ਸੂਰਜ ਸਿਖਰ ਦੁਪਹਿਰੇ ਛਿਪ ਗਿਆ। ਦਿਨੇ ਹੀ ਘੁੱਪ-ਹਨੇਰਾ ਛਾ ਗਿਆ। ਉਹ ਨਿੱਕੀ ਉਮਰੇ ਰੰਗ ਮੰਚ ਦਾ ਟਿਮਟਿਮਾਉਂਦਾ ਜੁਗਨੂੰ ਸੀ। ਉਹ ਚੰਨ ਤਾਰਿਆਂ ਦੀ ਲੋਅ ਦਾ ਸੰਗੀ-ਸਾਥੀ ਸੀ। ਦਿਨ, ਮਹੀਨੇ, ਸਾਲ ਗੁਜਰਦੇ ਗਏ। ਉਸਦੀ ਲੋਅ, ਉਸਦੀ ਰੌਸ਼ਨੀ, ਉਸਦੀ ਊਰਜ਼ਾ, ਉਸਦੀ ਨਵਾਂ ਕੁੱਝ ਕਰਨ, ਆਪਣੀ ਕਲਾ ਲੋਕਾਂ ਲੇਖੇ ਲਾਉਣ ਦੀ ਰੀਝ, ਨੀਝ, ਉਮੰਗ, ਤਰੰਗ, ਨਿਹਚਾ ਅਤੇ ਮਚਲਦੀ ਭਾਵਨਾ ਨਵੀਆਂ ਪੁਲਾਂਘਾ ਭਰਨ ਲੱਗੀ।

ਰੰਗ ਮੰਚ ਦੀ ਕੁੱਖੋਂ ਉਸਦਾ ਜਨਮ ਹੋਇਆ। ਰੰਗ ਮੰਚ ਦੇ ਗਰੀਬੜੇ ਜਿਹੇ ਗਰੀਨ ਰੂਮਾਂ ਦੀਆਂ ਦਰੀਆਂ, ਪੱਲੜ ਉਸਦਾ ਪੰਘੂੜਾ ਬਣੇ। ਰੰਗ ਕਰਮੀ ਸੁਮਨ ਲਤਾ ਅਤੇ ਬਿਜਲੀ ਕਾਮਿਆਂ ਦੇ ਆਗੂ ਤਰਸੇਮ ਲੋਹੀਆਂ ਦੇ ਘਰ 14 ਅਕਤੂਬਰ 1978 ਨੂੰ ਪੈਦਾ ਹੋਏ ਰਾਕੇਸ਼ ਨੂੰ ਮਾਪਿਆਂ ਨਾਲੋਂ ਹਜ਼ਾਰਾਂ ਗੁਣਾਂ ਲੋਰੀਆਂ ਰੰਗ ਮੰਚ ਦੇ ਪਰਿਵਾਰ ਵੱਲੋਂ ਮਿਲੀਆਂ। ਰੰਗ ਮੰਚ ਦੀ ਗੁੜ੍ਹਤੀ ਲੈ ਕੇ ਬਚਪਨ ਤੋਂ ਜੁਆਨੀ ਦੀ ਸਰਦਲ ਤੇ ਪੱਬ ਧਰਨ ਵਾਲੇ ਰਾਕੇਸ਼ ਨੂੰ ਨਾਟਕਾਂ ਦਾ ਰੋਲ ਯਾਦ ਕਰਨ, ਪਾਤਰ ਨਿਭਾ ਕਰਨ ਲਈ ਕਦੇ ਬੋਝਲ ਕਾਰਜ਼ ਨਹੀਂ ਲੱਗਿਆ। ਅਦਾਕਾਰੀ ਉਸਦੇ ਰੋਮ-ਰੋਮ 'ਚ ਸ਼ੁਮਾਰ ਸੀ, ਸਾਹੀਂ ਵਸਦੀ ਸੀ। ਖਾਲਸਾ ਕਾਲਜ ਜਲੰਧਰ ਤੋਂ ਐਮ.ਏ. ਪੋਲੀਟੀਕਲ ਸਾਇੰਸ ਕਰਨ ਵਾਲੇ ਰਾਕੇਸ਼ ਦੀ ਬੋਲਚਾਲ 'ਚ ਭੁੱਖਾਂ-ਦੁੱਖਾਂ ਦੇ ਲਿਤਾੜੇ ਲੋਕਾਂ ਦੀ ਰਵਾਨਗੀ ਸੀ। ਵਿਦਿਅਕ ਯੋਗਤਾ ਅਤੇ ਕਲਾ ਦੀ ਬੁਲੰਦੀ ਉਹਦੀ ਸਾਦਗੀ ਦਾ ਸਿਰਨਾਵਾਂ ਸੀ।

ਪ੍ਰਾਇਮਰੀ ਵਿਦਿਆ ਬਾਅਦ 'ਚ ਸ਼ੁਰੂ ਹੋਈ ਉਸ ਤੋਂ ਵੀ ਪਹਿਲਾਂ ਉਹ ਰੰਗ ਮੰਚ 'ਤੇ ਆਇਆ ਬਾਲ ਕਲਾਕਾਰ ਦੀ ਭੂਮਿਕਾ ਅਦਾ ਕਰਦਾ ਰਿਹਾ। ਛੋਟਾ ਭਰਾ ਮੁਕੇਸ਼, ਭੈਣ ਨਿਸ਼ਾ ਪਰਿਵਾਰਕ ਮੈਂਬਰ ਰਾਜੂ ਲੁਧਿਆਣਾ, ਘਰ ਦੀ ਨਾਟ-ਮੰਡਲੀ ਹਰ ਪਲ ਤਿਆਰ-ਬਰ ਤਿਆਰ।

ਰਾਕੇਸ਼ ਦੀ ਉਮਰ ਨਿੱਕੜੀ ਸੀ ਪਰ ਉਹਦਾ ਗੁੰਦਵੇਂ ਸਟੀਲ ਰੂਪੀ ਸਰੀਰ ਦਾ ਭਾਰ ਬੱਸ ਪੁੱਛੋ ਨਾ। ਸਾਡੀ ਨਾਟਕ ਮੰਡਲੀ ਦੇ ਮੈਂਬਰ ਬਦਲ-ਬਦਲ ਕੇ ਚੁੱਕਿਆ ਕਰਦੇ।

ਇੱਕ ਵਾਰ ਅਸੀਂ ਟੀਮ ਮੈਂਬਰ ਲੁਧਿਆਣਾ ਦੇ ਪਿੰਡ ਗੁੱਜਰਵਾਲ ਤੋਂ ਫੱਲੇਵਾਲ ਤੱਕ ਤੁਰ ਕੇ ਜਾ ਰਹੇ ਸੀ। ਕੋਲ ਭਾਰੇ ਬੈਗ। ਨਾਟਕ ਟੀਮ ਦਾ ਸਾਮਾਨ ਅਤੇ ਕਿਤਾਬਾਂ। ਛਿਪਦੇ ਸੂਰਜ ਦਾ ਸੂਹਾ ਗੋਲਾ। ਅਸੀਂ ਰਾਕੇਸ਼ ਨੂੰ ਸੂਰਜ ਫੜ ਲੈਣ ਦਾ 'ਮਿੱਠਾ ਲਾਲਚ' ਦੇ ਕੇ ਭਜਾਉਂਦੇ ਗਏ। ਉਹ ਬਾਹਵਾਂ ਉਲਾਰ ਕੇ ਸੂਰਜ ਨੂੰ ਫੜ ਲੈਣ ਲਈ ਅੱਗੇ-ਅੱਗੇ ਵਧਦਾ ਗਿਆ, ਐਨੇ ਨੂੰ ਪਿੰਡ ਪਹੁੰਚ ਗਏ।

ਗੁਰਸ਼ਰਨ ਭਾਅ ਜੀ ਵੱਲੋਂ ਚੰਡੀਗੜ੍ਹ 'ਚ ਕੇਵਲ ਧਾਲੀਵਾਲ ਵੱਲੋਂ ਅੰਮ੍ਰਿਤਸਰ 'ਚ ਲਗਾਈਆਂ ਵਰਕਸ਼ਾਪਾਂ ਅਤੇ ਹੰਸਾ ਸਿੰਘ ਵੱਲੋਂ ਫਗਵਾੜਾ ਵਿਖੇ ਲਗਾਈਆਂ ਵਰਕਸ਼ਾਪਾਂ 'ਚ ਰਾਕੇਸ਼ ਰੰਗ ਮੰਚ ਦਾ ਤਰਾਸ਼ਿਆ ਹੀਰਾ ਬਣ ਕੇ ਨਿਕਲਿਆ।

ਸੁਮਨ ਅਤੇ ਲੋਹੀਆਂ ਦਾ ਘਰ ਹੀ ਰੰਗ ਮੰਚ ਅਤੇ ਰੀਹਰਸਲਾਂ ਦਾ ਟਿਕਾਣਾ ਰਿਹਾ। ਦਿਨ ਰਾਤ ਚੁੱਲ੍ਹਾ ਮਘਿਆ ਰਹਿੰਦਾ। ਰੋਟੀ, ਚਾਹ-ਪਾਣੀ ਆਦਿ ਦਾ ਇੱਕ ਨਵਾਂ ਪੈਸਾ ਵੀ ਟੀਮ ਦੇ ਖਰਚੇ 'ਚ ਨਾ ਪਾਉਣਾ। ਪਰਿਵਾਰਾਂ ਨੇ ਅੱਧੇ ਬੋਲ ਆਪਣੀਆਂ ਜੁਆਨ ਧੀਆਂ ਅਤੇ ਪੁੱਤਰਾਂ ਨੂੰ ਨਾਟਕਾਂ 'ਚ ਭੇਜਣਾ। ਚੱਲ ਸੋ ਚੱਲ ਦਿਨ-ਰਾਤ ਨਾਟਕ ਲੜੀਆਂ। ਇਸਦਾ ਘੇਰਾ ਵਧਦਾ ਹਿਮਾਚਲ ਤੱਕ ਗਿਆ। ਪਹਾੜੀ ਖੇਤਰਾਂ 'ਚ ਰਾਕੇਸ਼ ਟੀਮ ਦੀ ਨਾਲ ਨਾਲ ਸਮਰੱਥ ਨਾਟ-ਨਿਰਦੇਸ਼ਕ ਬਣਿਆ। ਪੰਜਾਬ ਕਲਾ ਸੰਗਮ ਫਗਵਾੜਾ ਪੰਜਾਬ ਲੋਕ ਸਭਿਆਚਾਰਕ ਮੰਚ (ਪਲਸ ਮੰਚ) ਅਤੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦੀਆਂ ਸਟੇਜਾਂ ਉਪਰ ਉਸਨੇ ਯਾਦਗਾਰੀ ਨਾਟਕ ਖੇਡੇ। ਇਨ੍ਹਾਂ ਦਿਨਾਂ 'ਚ ਉਹ ਆਦਿਵਾਸੀ ਲੋਕਾਂ ਦੇ ਸੰਗਰਾਮ ਨੂੰ ਨਾਟਕੀ ਰੂਪ ਦੇਣ ਲਈ ਯਤਨਸ਼ੀਲ ਸੀ।

ਅਚਨਚੇਤ ਹੀ ਉਹ ਰੰਗ ਮੰਚ ਦੀ ਦੁਨੀਆ ਨੂੰ ਅਲਵਿਦਾ ਆਖ ਗਿਆ।

ਕੁੰਡਾ ਮੌਤ ਨੇ ਕੁਵੇਲੇ ਖੜਕਾਇਆ
ਉਮਰਾਂ ਦੀ ਨੀਂਦ ਉੱਡ ਗਈ

ਉਹ ਰਾਕੇਸ਼ ਜਿਸਦਾ ਘਰ-ਪਰਿਵਾਰ, ਦੋਸਤ-ਮਿੱਤਰ, ਸਾਕ-ਸਬੰਧੀ ਸਭ ਕੁਝ ਰੰਗ ਮੰਚ ਹੀ ਸੀ, ਉਸਦਾ ਸਦੀਵੀ ਵਿਛੋੜਾ ਸਾਡੇ ਦਿਲਾਂ ਤੇ ਗਹਿਰਾ ਸੱਲ ਕਰ ਗਿਆ। ਉਸਦੇ ਸਿਵੇ ਵਿੱਚੋਂ ਅਸਤਾਂ ਨਾਲੋਂ ਵੀ ਅਮੁੱਲੇ ਅਤੇ ਗੰਭੀਰ ਸਵਾਲ ਚੁਰਾ ਕੇ ਲਿਆਂਦਾ। ਉਹ ਹਵਾਵਾਂ ਕਿਉਂ ਵਗ ਰਹੀਆਂ ਨੇ, ਕਦੋਂ ਤੱਕ ਵਗਦੀਆਂ ਰਹਿਣਗੀਆਂ ਜਿਹੜੀਆਂ ਰਾਕੇਸ਼ ਵਰਗੀਆਂ ਅਨਮੋਲ ਜ਼ਿੰਦੜੀਆਂ ਨੂੰ ਪਲਾਂ ਛਿਣਾਂ ਵਿੱਚ ਸਾਡੇ ਕਾਫ਼ਲੇ 'ਚੋਂ ਖੋਹ ਲੈਂਦੀਆਂ ਨੇ।

ਅੱਜ ਜਦੋਂ ਲੁੱਟੇ-ਪੁੱਟੇ ਲੋਕਾਂ ਉੱਪਰ ਚੌਤਰਫ਼ੇ ਸੰਕਟਾਂ ਦੇ ਪਹਾੜ ਟੁੱਟ ਰਹੇ ਹਨ। ਜਦੋਂ ਖਾਸ ਕਰਕੇ ਨੌਜਵਾਨ ਪੀੜ੍ਹੀ ਨੂੰ ਤਬਾਹ ਕਰਨ ਲਈ ਵਿਆਪਕ ਅਤੇ ਮਾਰੂ ਹੱਲਾ ਵਿੱਢਿਆ ਹੋਇਐ, ਜਦੋਂ ਖਾਸ ਕਰਕੇ ਅਸਭਿਆਚਾਰਕ ਪ੍ਰਦੂਸ਼ਣ, ਕਾਰਪੋਰੇਟ ਘਰਾਣਿਆਂ, ਫਿਰਕੂ ਫਾਸ਼ੀ ਤਾਕਤਾਂ ਨੇ ਪੌਣਾਂ ਜ਼ਹਿਰੀ ਕਰਨ ਲਈ ਪੂਰੀ ਵਾਹ ਲਗਾ ਰੱਖੀ ਹੈ, ਜਦੋਂ ਕਲਮ, ਕਲਾ ਅਤੇ ਲੋਕ-ਆਵਾਜ਼ ਦੇ ਗਲ ਗੂਠਾ ਦਿੱਤਾ ਜਾ ਰਿਹੈ ਅਜੇਹੇ ਮੌਕੇ ਰਾਕੇਸ਼ ਦਾ ਤੁਰ ਜਾਣਾ ਅਸਹਿ ਪੀੜਾ ਹੈ। ਰੰਗ ਮੰਚ ਦੇ ਇਸ ਨਗੀਨੇ ਨੂੰ ਯਾਦ ਕਰਦਿਆਂ ਅੱਜ ਕੰਨਾਂ 'ਚ ਆਵਾਜ਼ ਗੂੰਜ਼ ਰਹੀ ਹੈ:

ਇਨ੍ਹਾਂ ਜਖ਼ਮਾਂ ਦਾ ਕੀ ਕਹਿਣਾ
ਇਨ੍ਹਾਂ ਰੋਜ਼ ਹਰੇ ਰਹਿਣਾ

18 ਅਪ੍ਰੈਲ ਨੂੰ ਸੁਖਚੈਨਆਣਾ ਕਾਲਜ ਫਗਵਾੜਾ ਵਿਖੇ ਰਾਕੇਸ਼ ਦੀ ਪਹਿਲੀ ਬਰਸੀ 'ਤੇ ਉਸਦੀ ਦੇਣ ਨੂੰ ਸਲਾਮ ਕਰਨ ਲਈ ਵਿਸ਼ਾਲ ਯਾਦਗਾਰੀ ਸਮਾਗਮ ਕੀਤਾ ਗਿਆ। ਇਹ ਸਮਾਗਮ ਅਹਿਦ ਕੀਤਾ ਕਿ:


ਕਾਫ਼ਲੇ 'ਚ ਤੂੰ ਭਾਵੇਂ ਨਹੀਂ ਰਿਹਾ
ਯਾਦ ਤੇਰੀ ਦਿਲਾਂ 'ਚੋਂ ਜਾਣੀ ਨਹੀਂ।

**ਸੰਪਰਕ: 94170-76735**

# ਲੁੱਟਣ ਤੋਂ ਲੁੱਟੇ ਜਾਣ ਤੱਕ ਦੀ ਜਾਗ੍ਰਿਤੀ ਦਾ ਸਫ਼ਰ



ਪ੍ਰਿੰਸੀਪਲ ਬਲਕਾਰ ਸਿੰਘ ਬਾਜਵਾ



ਕੇਰਾਂ ਦੂਜੀ ਪੜ੍ਹਦੇ ਬੱਲੀ (ਲੇਖਕ) ਨੂੰ ਉਹਦੇ ਚੌਦਵੀਂ 'ਚ ਪੜ੍ਹਦੇ ਵੱਡੇ ਮਸੇਰ ਨੇ ਪੁੱਛਿਆ: ਬੱਲੀ ਵੱਡਾ ਹੋਕੇ ਕੀ ਕਰਿਆ ਕਰੇਂਗਾ। ਤੁਰੰਤ ਸਿੱਧਾ ਜਵਾਬ ਦਿੱਤਾ: ਭਾਰ ਢੋਇਆ ਕਰਾਂਗਾ ... ਤੇ ... ਪੈਸੇ ਲੁੱਟਿਆ ਕਰਾਂਗਾ ... ਹੋਰ ਕੀ ...। ਉਹ ਖਿੜ ਖਿੜ ਹੱਸਿਆ। ਹੱਸਦੇ ਹੋਏ ਨੇ ਮੁੜ ਸਵਾਲ ਕੀਤਾ: ਉਹ ਕਿਵੇਂ ...। 'ਬੱਸ ... ਭਾਅ ... ਸਟੇਸ਼ਨ 'ਤੇ ਹਾਤੋ ਕੁੱਲੀ ... ਭਾਰ ਢੋਂਹਦੇ ਨੇ ... ਕਿੰਨੇ ਹੀ ਪੈਸੇ ... ਲੁੱਟਦੇ ਨੇ...। ਉਹਦੇ ਹਸਣ ਤੋਂ ਪਚੀ ਹੋ ਗਿਆ। ਕੋਈ ਸਮਝ ਨਾ ਪਈ। ਕਿਉਂ ਹੱਸਦੈ। ਭੋਲੇਪਨ 'ਚ ਚੁੱਪ ਕਰ ਗਿਆ।

ਬਚਪਨ ਮਿਲੀ/ਲੱਭੀ ਆਨਾ ਦੁਆਨੀ ਵੇਖ ਹਾਣੀ ਕਹਿੰਦੇ ਹੁੰਦੇ ਸੀ 'ਯਾਰਾ ਕਿੱਥੋਂ ਲੁੱਟ ਲਈ ਆ'! ਉਹ ਆਨਾ ਦੁਆਨੀ ਆਪਣੀ ਲੱਗਦੀ। ਪੂਰੀ ਦੀ ਪੂਰੀ ਆਪਣੀ! ਉਹਨੂੰ ਖ਼ਰਚਣ ਦੀ ਪੂਰੀ ਖੁੱਲ੍ਹ ਹੁੰਦੀ। ਦੂਜੀ ਵੱਡੀ ਜੰਗ ਦਾ ਸਮਾਂ ਸੀ। ਮਹਿੰਗਾਈ ਸਿਖ਼ਰਾਂ 'ਤੇ ਸੀ। ਪੈਸਾ ਵੀ ਓਦੋਂ ਲੋਕਾਂ ਕੋਲ ਬਹੁਤ ਘੱਟ ਸੀ। ਲੈਣ ਦੇਣ ਵਿੱਚ ਜਿਨਸ ਵਟਾਂਦਰਾ ਚੱਲਦਾ। ਉਸ ਵਰੇਸ 'ਚ ਸਟੇਸ਼ਨਾਂ 'ਤੇ ਉੱਤਰਦਿਆਂ, ਚੜ੍ਹਦਿਆਂ ਵੇਖਣਾ ਕਿ ਲਾਲ/ਨੀਲੀ ਵਰਦੀ ਵਾਲੇ ਕੁੱਲੀ/ਹਾਤੋ ਲੋਕਾਂ ਦਾ ਸਾਮਾਨ ਗੱਡੀਓਂ ਉਤਾਰਨ, ਚੜ੍ਹਾਉਣ ਪਿੱਛੋਂ ਵਾਹਵਾ ਜੇਬਾਂ ਭਰ ਲੈਂਦੇ। ਮਨ 'ਚ ਲਾਲਸਾ ਜਿਹੀ ਪੈਦਾ ਹੁੰਦੀ ਇਹ ਕੰਮ ਕਿੰਨਾ ਚੰਗਾ ਏ। ਇਹ ਬੰਦੇ ਚੰਗੇ ਪੈਸੇ ਲੁੱਟ ਰਹੇ ਨੇ। ਬੱਸ ਭਾਰ ਢੋਇਆ ਤੇ ਪੈਸੇ ਲੁੱਟ ਲਏ। ਹੁਣ ਉਹ ਜੋ ਮਰਜ਼ੀ ਖ਼ਰੀਦਣ ਤੇ ਆਨੰਦ ਮਾਣਨ। ਓਦੋਂ ਮੈਨੂੰ ਮਜ਼ਦੂਰੀ ਨਾਲ ਕਮਾਇਆ ਪੈਸਾ ਲੁੱਟ ਹੀ ਲੱਗਦੀ। ਸੋਚ ਦਾ ਦਾਇਰਾ ਹੀ ਏਡਾ ਕੁ ਸੀ। ਪਿੰਡਾਂ 'ਚ ਬਰਾਤਾਂ ਦੇ ਆਉਣ ਅਤੇ ਡੋਲੀ ਦੇ ਤੁਰਨ ਵੇਲੇ ਘਰ ਵਾਲੇ ਭਾਨ ਦੀਆਂ ਭਰਪੂਰ ਸੋਟਾਂ ਕਰਦੇ। ਮੁੰਡੀਰ ਪਿਛਲਖੋਰੀ ਤੁਰਦੀ ਸੋਟ ਦੀ ਲੱਪ ਸੁੱਟੇ ਜਾਣ ਦੀ ਝਾਕ 'ਚ ਹੁੰਦੇ। ਜ਼ਮੀਨ 'ਤੇ ਪੈਸੇ ਡਿੱਗਦਿਆਂ ਹੀ ਸਭ ਘੱਟੇ ਮਿੱਟੀ 'ਚੋਂ ਪੈਸੇ ਲੱਭਣ ਲੱਗ ਪੈਂਦੇ। ਪਿੱਛੋਂ ਗਿਣਦੇ ਤੇ ਇੱਕ ਦੂਜੇ ਨੂੰ ਦੱਸਦੇ ਕਿ ਉਨ੍ਹੇ ਕਿੰਨੇ ਲੁੱਟੇ ਹਨ।

ਉਸ ਉਮਰੇ ਘਰੋਂ ਖਾਣ ਪੀਣ ਲਈ ਮਿਲਦਾ ਸਭ ਕੁਝ ਮੁਫ਼ਤ ਜਾਪਦਾ। ਜੋ ਆਪਣੀ ਮਰਜ਼ੀ ਨਾਲ ਖ਼ਰਚਣ ਵਾਲਾ ਹੁੰਦਾ ਉਹ ਹੀ ਆਪਣਾ ਲੱਗਦਾ। ਫੁੱਫੜ/ਮਾਸੜ ਦੇ ਆਏ 'ਤੇ ਬੱਚੇ ਚਾਅ ਨਾਲ ਅੰਦਰ ਬਾਹਰ ਚਾਂਬੜਾਂ ਪਾਉਂਦੇ ਫਿਰਦੇ। ਸ਼ਾਇਦ ਭੂਆ/ਮਾਸੀ ਜਾਂ ਦੂਜਿਆਂ ਨੂੰ ਅਸਲੀਅਤ 'ਚ ਕੋਈ ਖ਼ੁਸ਼ੀ ਹੁੰਦੀ ਹੋਵੇ। ਬੱਚੇ ਕਾਹਤੋਂ ਚਾਅ ਨਾਲ ਚਾਂਬੜਾਂ ਪਾਉਂਦੇ ਫਿਰਦੇ ਨੇ। ਕੋਲੋਂ ਲੰਘਦਾ ਲੰਬੜ ਬੁੱਢਾ ਸਿੰਘ ਹੱਸਕੇ ਕਹਿੰਦਾ ਇਹ ਤਾਂ ਖ਼ੁਸ਼ ਨੇ ਕਿ ਅੱਜ ਵਾਹਵਾ ਮਿੱਠਾ ਪਲਾ, ਸੇਵੀਆਂ, ਕੜਾਹ, ਖੀਰ ਬਣੇਗੀ। ਤਾਂ ਹੀ ਖ਼ੁਸ਼ੀ 'ਚ ਟੱਪਦੇ ਫਿਰਦੇ ਨੀ। ਉਹਨਾਂ ਦੇ ਵਿਦਿਆ ਹੋਣ ਵੇਲੇ ਵੀ ਭਤੀਜੇ/ਭਾਣਜੇ ਅੱਗੇ ਪਿੱਛੇ ਮੋਰਾਂ ਵਾਂਗ ਪੈਲਾਂ ਪਾਉਂਦੇ ਫਿਰਦੇ। ਉਹਨਾਂ ਨੂੰ ਆਸ ਹੁੰਦੀ ਕੁਝ ਮਿਲੇਗਾ ਜ਼ਰੂਰ। ਜੇ ਤਾਂ ਰੁਪਏ ਮਿਲਦੇ ਤਾਂ ਬਹੁਤਾ ਖ਼ੁਸ਼ ਨਾ ਹੁੰਦੇ। ਉਹ ਤਾਂ ਬੇਬੇ, ਭੂਆ, ਮਾਸੀ ਨੇ ਫੜ ਲੈਣੇ ਨੇ। ਉਹਨਾਂ ਨੂੰ ਤਾਂ ਆਨਾ ਦੁਆਨੀ ਮਿਲੀ ਹੀ ਚੰਗੀ ਲੱਗਦੀ। ਉਹਨੇ ਹੀ ਉਹਨਾਂ ਦੀ ਆਪਣੀ ਹੋਣਾ ਸੀ।

ਉਹ ਬਚਪਨ ਦਾ ਸਮਾਂ ਕਦੀ ਨਹੀਂ ਭੁੱਲਦਾ ਜਦੋਂ ਨਾਨਕੀਂ ਬਾਣੀਆਂ ਦੇ ਇੱਕ ਕਾਰੋਬਾਰੀ ਬੰਦੇ ਨੇ ਪਿੰਡ 'ਚ ਇੱਕ ਛੋਟਾ ਜਿਹਾ ਭੱਠਾ ਲਾਉਣ ਦਾ ਜੁਗਾੜ ਆ ਵਿੱਢਿਆ। ਤਮਾਸ਼ਬੀਨਾਂ ਵਾਂਗ ਭੱਠੇ ਦੁਆਲੇ ਇਕੱਠੀ ਹੋਈ ਮੁੰਡੀਰ ਨੂੰ ਉਸ ਦੇ ਮੁਨਸ਼ੀ ਨੇ ਕਿਹਾ,'ਲਿਆਓ ਓਏ ਮੁੰਡਿਓ, ਔਹ ਪਾਥੀਆਂ ਚੁੱਕ ਚੁੱਕ ... ਤੁਹਾਨੂੰ ਪੈਸੇ ਮਿਲਣਗੇ ... ਬੱਚੇ ਭੱਜ ਭੱਜ ਕੇ ਪਾਥੀਆਂ ਕਾਰੀਗਰਾਂ ਨੂੰ ਫੜਾਉਣ ਲੱਗ ਪਏ। ਕੁਝ ਵੱਡੇ ਬੰਦੇ ਟੋਕਰੇ/ਟੋਕਰੀਆਂ ਵਿੱਚ ਬਾਲਣ ਢੋ ਰਹੇ ਸੀ। ਦਿਨ ਡੁੱਬਣ 'ਤੇ ਪੈਸਿਆਂ ਵਾਲੀ ਗੁਥਲੀ ਫੜ ਉਹਨੇ ਸਾਨੂੰ ਕਤਾਰ 'ਚ ਖੜ੍ਹਾ ਕਰ ਦੁਆਨੀ ਦੁਆਨੀ ਦਿੱਤੀ। ਟੋਕਰਿਆਂ/ਟੋਕਰੀਆਂ ਵਾਲਿਆਂ ਨੂੰ ਸ਼ਾਇਦ ਰੁਪਈਆ/ਅਠਿਆਨੀ ਦਿੱਤੀ ਹੋਵੇ। ਬੱਚੇ ਬੜੇ ਖ਼ੁਸ਼ ਹੋਏ ਤੇ ਵਛੇਰਿਆਂ ਵਾਂਗ ਟੀਟਨੇ ਮਾਰਦੇ ਘਰਾਂ ਨੂੰ ਭੱਜੇ। ਉਸ ਰਾਤ ਬੱਲੀ ਨੇ ਵੀ ਉਹ ਦੁਆਨੀ ਕਈ ਵਾਰੀ ਕੱਢ ਕੱਢ ਵੇਖੀ। ਇਹ ਉਹਦੀ ਪਹਿਲੀ ਲੁੱਟ ਸਮਝੋ ਚਾਹੇ ਕਮਾਈ। ਉਹ ਉਹਨੂੰ ਬੜੀ ਪਿਆਰੀ ਤੇ ਆਪਣੀ ਲੱਗੀ। ਸਵੇਰੇ ਹੱਟੀਆਂ ਤੋਂ ਜੋ ਚਿੱਤ ਆਇਆ ਖਾਵਾਂਗਾ ਸੁਪਨੇ ਲੈਂਦਾ ਸੌਂ ਗਿਆ।

ਬੱਚਿਆਂ ਦੀ ਸੋਚ ਦਾ ਦਾਇਰਾ ਉਸ ਜੱਟ/ਜਾਟ ਵਰਗਾ ਸੀ ਜਿਸ ਨੇ ਫੌਜ ਦੀ ਰੰਗਰੂਟੀ ਵੇਲੇ ਸੁਭਾਵਕ ਹੀ ਆਪਣੇ ਹੌਲਦਾਰ ਕੋਲੋਂ ਪੁੱਛਣੋਂ ਰਹਿ ਨਾ ਹੋਇਆ ... ਬਈ ਸਾਹਿਬ ... ਵੱਡੇ ਸਾਹਿਬ ... ਕਰਨੈਲ ਸਾਹਿਬ ਨੂੰ ... ਭਲਾ ਕਿੰਨੇ ਕੁ ਪੈਸੇ ਮਿਲਦੇ ਹੋਣਗੇ ... ਦੱਸਿਆ ... ਇਹ ਹੀ ਕੋਈ ਪੰਦਰ੍ਹਾਂ ਕੁ ਸੌ ... ਲਾਚੜਕੇ ਬੁੱਲ੍ਹਾਂ 'ਤੇ ਜੀਭ ਫੇਰਦੇ ... ਸੁਆਦ ਜਿਹਾ ਮਹਿਸੂਸ ਕਰਦੇ ਦੇ ... ਮੂੰਹੋਂ ਆਪ ਮੁਹਾਰੇ ... ਨਿਕਲਿਆ ... ਤਾਂ ਤੇ ਬਈ ਉਹ ਗੁੜ ਰੱਜਕੇ ... ਖਾਂਦਾ ਹੋਊ ...। ਸੁਣ ਆਸੇ ਪਾਸੇ ਦੇ ਸਿਪਾਹੀ ਹੱਸ ਪਏ। ਸਿਪਾਹੀ ਨੂੰ ਓਦੋਂ 9 ਕੁ ਰੁਪਏ ਮਿਲਦੇ ਸਨ। ਏਦਾਂ ਦੇ ਪ੍ਰਤੀਕਰਮ ਸਾਡੀ ਸੋਚ ਦੇ ਦਾਇਰੇ 'ਚੋਂ ਨਿਕਲਦੇ ਹਨ। ਮਸੇਰ ਨੂੰ ਦਿੱਤਾ ਜਵਾਬ 'ਭਾਰ ਢੋਇਆ ਕਰਾਂਗੇ ਤੇ ਪੈਸੇ ਲੁੱਟਿਆ ਕਰਾਂਗੇ' ਵੀ ਏਦਾਂ ਦੀ ਸੋਚ 'ਚੋਂ ਉਪਜਿਆ ਸੀ।

ਜਦੋਂ ਬਚਪਨ ਦੇ ਕੁਝ ਸਿਆਲ ਹੁਨਾਲ ਲੰਘ ਗਏ। ਮਨ 'ਚ ਸਵਾਲ ਉੱਠਣ ਲੱਗੇ ਕਿ ਪੜ੍ਹਾਈ ਕਿਉਂ ਜ਼ਰੂਰੀ ਹੈ, ਪਾਸ ਹੋਣਾ ਈ ਕਾਫੀ ਹੈ ਜਾਂ ਵੱਧ ਨੰਬਰ ਲੈਣੇ ਜ਼ਰੂਰੀ ਹਨ, ਬੇਰੁਜ਼ਗਾਰੀ ਕਿਉਂ ਹੈ, ਨੌਕਰੀ ਕਿਵੇਂ ਤਲਾਸ਼ਣੀ ਹੈ, ਆਦਿ? ਜਿਵੇਂ ਜਿਵੇਂ ਗਿਆਨ ਤੇ ਤਰਕ ਦੀ ਲੋਅ ਹੁੰਦੀ ਗਈ, ਸਮਝ ਵਿਗਸਣ ਲੱਗੀ। ਹੁਣ ਤੱਕ ਸੋਚ ਉਪਰਲੇ ਸਾਦਾ, ਸਿੱਧੇ ਤੇ ਸਧਾਰਨ ਜਿਹੇ ਸਵਾਲਾਂ ਨਾਲ ਹੀ ਜੂਝਦੀ ਰਹੀ ਸੀ। ਇਹਨਾਂ ਦੇ ਹੱਲ ਹੋਣ ਨਾਲ ਹੀ ਗੱਲ ਮੁੱਕ ਜਾਂਦੀ। ਹੋਰ ਅਗਾਂਹ ਫਿਰ ਸਵਾਲ ਕੁਝ ਉਚੇਰੀ ਤੇ ਚਿੰਤਨਸ਼ੀਲ ਪੱਧਰ ਵੱਲ ਵਧੇ। ਕੌਣ ਮਾਲਕ ਤੇ ਕੌਣ ਮਹਿਕੂਮ ਹੁੰਦੇ? ਮਾਲਕ ਕੌਣ ਤੇ ਮਜ਼ਦੂਰ ਕੌਣ? ਬਹੁਤੇ ਲੋਕ ਕਿਉਂ ਗਰੀਬ ਹਨ? ਬੇਇਨਸਾਫੀ ਕਿਉਂ ਹੋ ਰਹੀ ਹੈ? ਸਮਾਜ ਵਿੱਚ ਨਾਬਰਾਬਰੀ ਕਿਉਂ ਹੈ? ਇਹ ਕਾਣੀ ਵੰਡ ਦਾ ਸਿਲਸਿਲਾ ਕਿਵੇਂ ਹੋਂਦ 'ਚ ਆਇਆ? ਫਿਰ ਸਵਾਲ ਉੱਠੇ ਰੱਬ ਕੀ ਹੈ, ਮੌਤ ਪਿੱਛੋਂ ਕੀ, ਧਰਮ ਕੀ ਹੈ, ਇਨੇ ਧਰਮ ਕਿਉਂ ਹਨ ਆਦਿ ਸਵਾਲਾਂ ਨੇ ਸ਼ਹਿਦ ਦੀਆਂ ਮੱਖੀਆਂ ਵਾਂਗ ਭਿਨ ਭਿਨਾਉਣ ਲੱਗੇ।

ਜਿਵੇਂ ਜਿਵੇਂ ਹੋਰ ਪੜ੍ਹਦਾ ਗੁੜ੍ਹਦਾ, ਸੁਣਦਾ, ਸੁਣਾਉਂਦਾ ਤੇ ਵਿਚਾਰਦਾ ਤੇ ਵਿਚਰਦਾ ਗਿਆ, ਗੋਸ਼ਟੀਆਂ ਵਿੱਚ ਸ਼ਾਮਲ ਹੋਣ ਲੱਗਾ, ਮੈਨੂੰ ਆਪਣੀ 'ਭਾਰ ਢੋਇਆ ਕਰਾਂਗਾ ਤੇ ਪੈਸੇ ਲੁੱਟਿਆ ਕਰਾਂਗਾ' ਗੱਲ ਯਾਦ ਆਉਂਦੀ ... ਹੌਲੀ ਹੌਲੀ ਮਸੇਰ ਦੇ ਹਾਸੇ ਪਿੱਛੇ ਛੁਪੀ ਸੂਝ ਦੀ ਝਲਕ ਮਹਿਸੂਸ ਹੋਣ ਲੱਗ ਪਈ। ਉਹ ਇੱਕ ਸਮਾਜਕ ਵਿਗਿਆਨਕ ਸੂਝ ਦਾ ਧਨੀ ਸੀ। ਸਮਾਜ 'ਚ ਹੁੰਦੀ ਲੁੱਟ ਦਾ ਹੀਜ-ਪਾਜ ਜਾਣਦਾ ਸੀ। ਮੇਰੀ ਗੱਲ 'ਤੇ ਉਹਦਾ ਹੱਸਣਾ ਕੁਦਰਤੀ ਸੀ। ਜਿਵੇਂ ਭੋਲ਼ੇ ਜਾਟ/ਜੱਟ ਸਿਪਾਹੀ ਦੀ ਰੱਜਕੇ ਗੁੜ ਖਾਣ ਵਾਲੀ ਗੱਲ ਨੇ ਉਹਦੇ ਉਸਤਾਦ ਤੇ ਸਾਥੀਆਂ ਨੂੰ ਹੱਸਣ ਲਾਇਆ ਸੀ। ਅੱਜ ਬੱਲੀ ਨੂੰ ਕਮਾਏ ਦੋ ਆਨੇ 'ਚੋਂ ਹੋਈ ਲੁੱਟ ਦੀ ਸੂਝ ਵਿਗਸਣ ਲੱਗੀ ਪਈ ਐ। ਦੁਆਨੀ ਤਾਂ ਇੱਕ ਨਿਗੂਣਾ ਜਿਹਾ ਗੁਜ਼ਾਰਾ ਵੇਤਨ ਸੀ।

ਆਲਮ ਦੇ ਮਹਾਨ ਚਿੰਤਕ ਕਾਰਲ ਮਾਰਕਸ ਨੇ ਸਰਮਾਏਦਾਰੀ ਦੇ ਵਧਣ-ਫੁੱਲਣ ਦਾ ਸਰੋਤ 'ਵਾਧੂ ਮੁੱਲ' (ਸਰਪਲੱਸ ਵੈਲਯੂ) ਦੇ ਵਿਗਿਆਨਕ ਤਰਕ 'ਤੇ ਅਧਾਰਤ ਕੀਤਾ। ਕਿਸੇ ਵਸਤੂ ਦਾ ਮੁੱਲ ਉਸ ਨੂੰ ਪੈਦਾ ਕਰਨ ਵਿੱਚ ਲੱਗੀ ਲੇਬਰ ਨਿਰਧਾਰਤ ਕਰਦੀ ਹੈ। ਵਸਤੂ ਦੇ ਪੈਦਾ ਕਰਨ ਵਿੱਚ ਲੱਗੀ ਪੂੰਜੀ, ਜ਼ਮੀਨ ਤੇ ਪ੍ਰਬੰਧ ਦੇ ਜੋਖ਼ਮ (ਰਿਸਕ ਤੇ ਲਾਭ) ਦੇ ਖ਼ਰਚਿਆਂ ਦੀ ਅਦਾਇਗੀ ਕਰਨ ਪਿੱਛੋਂ ਵਸਤੂ ਦਾ ਬਾਕੀ ਸਾਰਾ ਮੁੱਲ ਲੇਬਰ ਦੀ ਹੀ ਕਮਾਈ ਹੁੰਦੀ ਹੈ। ਪਰ ਲੇਬਰ ਨੂੰ ਉਸ ਦਾ ਨਿਆਇਕ ਹਿੱਸਾ ਕਦੀ ਨਹੀਂ ਮਿਲਦਾ। ਸਗੋਂ ਉਸ ਨੂੰ ਤਾਂ ਇਹਦਾ ਇੱਕ ਨਿਗੂਣਾ ਭਾਗ ਦਿੱਤਾ ਜਾਂਦੈ, ਤਾਂ ਜੋ ਉਸ ਦਾ ਕੇਵਲ ਗੁਜ਼ਾਰਾ ਚੱਲਦਾ ਰਹੇ ਅਤੇ ਉਹ ਜਿਉਂਦਾ ਰਹੇ ਅਤੇ ਹੋਰ ਲੇਬਰ ਪੈਦਾ ਕਰਦਾ ਰਹੇ। ਇਸ ਸੱਚ ਨੂੰ ਕਦੀ ਵੀ ਝੁਠਲਾਇਆ ਨਹੀਂ ਜਾ ਸਕਦਾ। ਇਹ ਹਰ ਯੁੱਗ ਦਾ ਸੱਚ ਸੀ, ਹੁਣ ਵੀ ਹੈ ਅਤੇ ਰਹੇਗਾ।

ਬੱਸ ਇਸ ਵਾਧੂ ਮੁੱਲ 'ਚੋਂ ਹੀ ਕਿਰਤ ਦੀ ਲੁੱਟ ਦਾ ਬਾਨਣੂੰ ਬੱਝਦੈ। ਇਸ ਵਾਧੂ ਮੁੱਲ ਨੂੰ ਆਪਣੇ ਨਫ਼ੇ ਦਾ ਨਾਮ ਦੇ ਇਕੱਲਾ ਸਰਮਾਏਦਾਰ ਹੀ ਹੜੱਪ ਜਾਂਦੈ; ਅਤੇ ਨਫ਼ਾ ਵਧਾਉਣ ਲਈ ਉਤਪਾਦਨ ਦੇ ਵਾਧੇ ਵਿੱਚ ਮੁੜ ਨਿਵੇਸ਼ ਕਰ ਦੇਂਦਾ। ਇਸ ਤਰ੍ਹਾਂ ਅੱਗੋਂ ਪੂੰਜੀ ਦੇ ਵੱਡੇ ਵੱਡੇ ਅਡੰਬਰ, ਉਸਰਨੇ ਆਰੰਭ ਹੋ ਜਾਂਦੇ ਹਨ। ਨਫ਼ੇ ਹੋਰ ਵਧੀ ਤੁਰੀ ਜਾਂਦੇ ਹਨ। ਪੈਦਾਵਾਰ ਵਧੀ ਤੁਰੀ ਜਾਂਦੀ ਹੈ ... ਵੱਧਦੀ ਪੈਦਾਵਾਰ ਉਸ ਦੇ ਮੁਨਾਫ਼ੇ, ਚੌਧਰ ਤੇ ਹਉਮੈ ਨੂੰ ਸਿਖ਼ਰ 'ਤੇ ਲੈ ਜਾਂਦੀ ਹੈ। ਉਹ ਦੁਨੀਆਂ ਦਾ ਸਭ ਤੋਂ ਵੱਡਾ ਅਮੀਰ ਤੇ ਤਾਕਤਵਰ ਵਿਅਕਤੀ ਬਣ ਜਾਂਦੈ। ਭਾਵੇਂ ਉਸ ਨੂੰ ਸੌਣ ਲੱਗਿਆਂ ਨੀਂਦ ਦੀਆਂ ਗੋਲ਼ੀਆਂ ਦਾ ਫੱਕਾ ਹੀ ਕਿਉਂ ਨਾ ਮਾਰਨਾ ਪਏ। ਪਰ ਉਹਦੀ ਹਵਸ ਰੱਜਦੀ ਨਹੀਂ ਜੋ ਪੁੱਠਾਂ ਭਾਂਡਾ ਹੁੰਦੀ ਹੈ। ਕਦੀ ਭਰਦੀ ਨਹੀਂ ਜੋ ਇਹਦਾ ਬੁਨਿਆਦੀ ਖਾਸਾ ਹੈ। ਇਸ ਨੇ ਸਭ ਧਨਾਢਾਂ ਨੂੰ ਹਲਕਾ ਦਿੱਤਾ ਹੋਇਐ। ਹਲਕਿਆ ਕੁੱਤਾ ਖਾਣ ਲਈ ਨਹੀਂ ਵੱਢਦਾ, ਪਰ ਹਲਕਾ 'ਚ ਅੰਨਾਂ ਹੋਇਆ ਜੋ ਵੀ ਸਾਹਮਣੇ ਆਇਆ ਚੱਕ ਮਾਰਦਾ ਤੁਰਿਆ ਜਾਂਦੈ। ਦੂਜੇ ਪਾਸੇ ਮੁੱਲ ਪੈਦਾ ਕਰਨ ਵਾਲਾ ਕਿਰਤੀ ਤੰਗੀਆਂ ਦੀ ਦਲ-ਦਲ ਵਿੱਚ ਹੀ ਦਿਨ ਕੱਟੀ ਕਰਨ 'ਤੇ ਮਜਬੂਰ ਹੁੰਦੈ। ਕਿਉਂਕਿ ਉਹ ਸਾਧਨਾਂ ਦਾ ਮਾਲਕ ਨਹੀਂ। ਉਸ ਦੀ ਮਾਲਕੀ ਕੇਵਲ ਤੇ ਕੇਵਲ ਉਸ ਦੀ ਲੇਬਰ ਸ਼ਕਤੀ ਹੁੰਦੀ ਹੈ, ਜਿਸ ਨੂੰ ਉਹ ਮੰਡੀ ਵਿੱਚ ਸਸਤੀ ਮਹਿੰਗੀ ਵੇਚਣ ਲਈ ਮਜਬੂਰ ਹੁੰਦੈ। ਸ਼ਾਮ ਤੱਕ ਉਹਨੇ ਤਾਂ ਪਰਿਵਾਰ ਲਈ ਪੀਪੇ 'ਚ ਆਟਾ ਲੈਕੇ ਮੁੜਨਾ ਹੁੰਦੈ। ਜੋ ਵੀ ਮਿਲਦੈ, ਉਹ ਉਸ ਨਾਲ ਹੀ ਸਬਰ ਕਰਨ 'ਤੇ ਮਜਬੂਰ ਹੁੰਦੈ। ਏਦਾਂ ਸਮਾਜ ਵਿੱਚ ਨਾਬਰਾਬਰੀ ਦੇ ਬੀਜ ਉਪਜਣੇ, ਵਿਗਸਣੇ ਆਰੰਭ ਹੋ ਜਾਂਦੇ ਹਨ ਜੋ ਸਮਾਜ ਨੂੰ ਅੱਗੋਂ ਕਈ ਵਰਗਾਂ ਵਿੱਚ ਵੰਡ ਧਰਦੇ ਹਨ।

ਇਹਨਾਂ ਕਾਰਪੋਰੇਟਾਂ ਨੂੰ ਧੰਨ ਦੀ ਲਿਸ਼ਕ ਨੇ ਅੰਨ੍ਹਾਂ ਕੀਤਾ ਹੁੰਦੈ। ਇਸ ਪੈਸੇ ਨਾਲ ਉਹ ਰੱਬ ਨੂੰ ਵਾਹਵਾ ਚੜ੍ਹਾਵੇ ਚੜ੍ਹਾ ਆਪਣੀ ਲੁੱਟ ਦਾ ਵਕੀਲ ਬਣਾਉਣ ਲਈ ਖ਼ਰੀਦ ਰੱਖਦੈ। ਉਸ ਦਾ ਇਹ ਦਿਖਾਵਾ ਲੋਕਾਂ 'ਚ ਭੁਲੇਖੇ ਪਾਉਣ ਦਾ ਇੱਕ ਵੱਖਰਾ ਹੀ ਚੱਕਰ ਚਲਾ ਦਿੰਦੈ। ਹੁਣ ਉਸ ਨੂੰ ਕਿਸੇ ਦਾ ਡਰ ਭਓ ਨਹੀਂ। ਸਰਕਾਰਾਂ ਤਾਂ ਪਹਿਲਾਂ ਹੀ ਉਹਦੀਆਂ ਦਾਸੀਆਂ ਹਨ। ਜਿਵੇਂ ਉਹਨੂੰ ਸੂਤ ਬੈਠਦਾ ਉਹ ਉਹੋ ਜਿਹੇ ਕਨੂੰਨ ਬਣਾਵਾ ਲੈਂਦਾ ਹੈ। ਚੋਣਾਂ ਤਾਂ ਲੋਕਾਂ ਲਈ ਇੱਕ ਛਲਾਵਾ, ਇੱਕ ਛਲੇਡਾ ਬਣ ਪੰਜ ਸਾਲ ਬਾਅਦ ਰੂਪਮਾਨ ਜ਼ਰੂਰ ਹੁੰਦੀਆਂ ਹਨ। ਵੋਟ ਪਰਚੀ ਹੱਥ ਫੜ ਬੰਦਾ ਇੱਕ ਵਾਰੀ ਤਾਂ ਬੜਾ ਉੱਚਾ ਮਹਿਸੂਸ ਕਰਦੈ। ਪਰ ਉਸ ਦੀ ਸੋਚ ਆਜ਼ਾਦ ਨਹੀਂ। ਉਹ ਸਾਮ (ਸੰਮਾਂ ਵਾਲੀ ਡਾਂਗ), ਦਾਮ, ਦੰਡ, ਭੇਦ ਨੇ ਗੁਲਾਮ ਬਣਾ ਦਿੱਤਾ ਹੋਇਐ। ਉਹਦੀ ਸੋਚ ਆਪਣੀ ਨਹੀਂ ਹੁੰਦੀ। ਆਪਣੀ ਸੋਚ ਤਾਂ ਬਣੇ ਜੇ ਉਸਨੂੰ ਕੁਝ ਸੋਚਣ, ਪੜ੍ਹਨ, ਗੁੜ੍ਹਨ ਦਾ ਵਿਹਲ ਮਿਲੇ। ਉਹਨੂੰ ਤਾਂ ਕੇਵਲ ਏਨਾ ਹੀ ਦਿੱਤਾ ਜਾਂਦਾ ਹੈ ਜਿਸ ਨਾਲ ਉਹ ਸਾਹ ਲੈਂਦਾ ਰਹੇ ਤੇ ਬੱਚੇ ਪੈਦਾ ਕਰਦਾ ਰਹੇ। ਰਹਿੰਦੀ ਕਸਰ ਜ਼ਰਖ਼ਰੀਦ ਮੀਡੀਏ ਦੇ ਅੰਨੇ ਪਸਾਰ, ਅਤੇ ਕਾਰਪੋਰੇਟੀ ਨਿਜ਼ਾਮ ਦੇ ਅਮਨ ਕਨੂੰਨ ਦੇ ਰਖਵਾਲਿਆਂ ਦੇ ਡਰ ਸਹਿਮ ਕੱਢ ਦਿੰਦੇ ਹਨ। ਅਸਲੀਅਤ 'ਚ ਉਹਦੀ ਸੋਚ ਚੰਗੀ ਪਾਰਟੀ/ਉਮੀਦਵਾਰ ਦੀ ਚੋਣ ਕਰਨ ਲਈ ਨਾ ਤਾਂ ਆਜ਼ਾਦ ਹੁੰਦੀ ਹੈ ਅਤੇ ਨਾ ਹੀ ਸੋਚਣ ਦੇ ਲਾਇਕ ਹੁੰਦੀ ਹੈ। ਵੋਟ ਵੇਲੇ ਭਾਵੇਂ ਉਹਦਾ ਹੱਥ ਆਜ਼ਾਦ ਵਿਖਾ ਦਿੱਤਾ ਜਾਂਦੈ। ਇਸ ਸਾਰੇ 'ਤੇ ਭਰਮਾਂ ਦਾ ਮੁਲੰਮਾਂ ਪਖੰਡੀ ਸਾਧ, ਬਾਬੇ, ਪੀਰ, ਪੈਗੰਬਰ ਚਾੜ੍ਹ ਲੋਕਾਂ ਨੂੰ ਸਮੋਹਕ ਕਰ ਦਿੰਦੇ ਹਨ। ਮਲਕ ਭਾਗੋਆਂ ਦੇ ਢੰਡੋਰਚੀ ਹੁੰਦੇ ਹਨ।

ਕਾਰਪੋਰੇਟ ਦਾ ਰੱਬ ਹੁੰਦਾ ਹੈ ਪੈਸਾ। ਵੱਧ ਉਤਪਾਦਨ, ਵੱਧ ਮੁਨਾਫਾ; ਹੋਰ ਉਤਪਾਦਨ, ਹੋਰ ਮੁਨਾਫਾ; ਅਤੇ ਇਹ ਵਿਹੁ ਚੱਕਰ ਤੇਜ਼ ਬੂਮ ਨੂੰ ਸਿਖ਼ਰ 'ਤੇ ਲੈ ਜਾਂਦੈ, ਜਿੱਥੇ ਉਤਪਾਦਨ ਦਾ ਹੜ੍ਹ ਆ ਜਾਂਦੈ। ਵੇਅਰ ਹਾਊਸ ਵਸਤੂਆਂ ਨਾਲ ਨੱਕੋ ਨੱਕ ਭਰ ਜਾਂਦੇ ਹਨ। ਮਾਲ ਦੀ ਓਨੀ ਖ਼ਪਤ ਨਹੀਂ ਹੁੰਦੀ ਜਿੰਨੀ ਪੈਦਾਵਾਰ ਦੀ ਸਮਰੱਥਾ ਬਣ ਚੁੱਕੀ ਹੁੰਦੀ ਹੈ। ਫਿਰ ਸ਼ੁਰੂ ਹੋ ਜਾਂਦੀ ਹੈ, ਕਾਮਿਆਂ ਦੀ ਛਾਂਟੀ, ਕੰਮ ਤੋਂ ਛੁੱਟੀ। ਇਸ ਤਰ੍ਹਾਂ ਲੋਕ ਮੰਦੀ ਦੇ ਕੁੰਭੀ ਨਰਕ 'ਚ ਧੱਕ ਦਿੱਤੇ ਜਾਂਦੇ ਹਨ। ਮੌਰਗੇਜਾਂ ਫੇਲ੍ਹ ਹੋ ਜਾਂਦੀਆਂ ਹਨ। ਇੰਸ਼ੋਰੈਂਸਾਂ ਦੀਆਂ ਅਦਾਇਗੀ ਟੁੱਟ ਜਾਂਦੀਆਂ ਹਨ। ਰੋਜ਼ਾਨਾ ਲੋੜਾਂ ਲਈ ਤਰਲੋਮੱਛੀ ਹੋਣਾ ਪੈਂਦੈ। ਸਰਮਾਏਦਾਰ ਨੂੰ ਕਿਹੜਾ ਆਪਣੀ ਦਾਲ ਰੋਟੀ ਤੇ ਕਪੜੇ ਦਾ ਫਿਕਰ ਹੈ। ਉਸ ਦੀਆਂ ਮਹਿਲ ਮਾੜੀਆਂ, ਐਸ਼ੋਇਸ਼ਰਤ ਦੇ ਸਾਧਨ ਪਹਿਲਾਂ ਹੀ ਬੇਅੰਤ ਹਨ।

ਮਰਦਾ ਕੌਣ ਹੈ? ਗਰੀਬ ਕਾਮਾ, ਨਿਮਾਣਾ ਤੇ ਨਿਤਾਣਾ ਵਰਗ, ਜਿਹੜਾ ਸਮੇਤ ਪਰਿਵਾਰ ਦਿਨ ਰਾਤ ਜੂਝਕੇ ਮਸੀਂ ਆਪਣਾ ਜੀਵਨ ਤੋਰਦੈ। ਨੌਕਰੀ ਗਈ, ਫਾਕਾਕਸ਼ੀ ਨੇ ਦਰ ਆ ਮੱਲਿਆ। ਜਿਸ ਕੋਲ ਆਪਣੀ ਮਜ਼ਦੂਰੀ ਵੇਚਣ ਵਾਲੀ ਇੱਕੋ ਇੱਕ ਵਸਤੂ ਹੁੰਦੀ ਹੈ, ਪਰ ਮੰਦੀ 'ਚ ਉਸ ਦਾ ਵੀ ਕੋਈ ਗਾਹਕ ਨਹੀਂ ਹੁੰਦਾ। ਇੱਕ ਮਿਸਾਲ ਇਸ ਸੱਚ ਨੂੰ ਪੇਸ਼ ਕਰਦੀ ਹੈ: ਬੇਬੇ ਚੁੱਲ੍ਹਾ ਕਿਉਂ ਨਹੀਂ ਬਾਲਦੀ? ਕਿਉਂਕਿ ਸਾਡੇ ਕੋਲ ਲਕੜੀ ਨਹੀਂ। ਸਾਡੇ ਘਰ ਲਕੜੀ ਕਿਉਂ ਨਹੀਂ? ਕਿਉਂਕਿ ਤੇਰੇ ਬਾਪੂ ਦੀ ਕੰਮ ਤੋਂ ਛਾਂਟੀ ਹੋ ਚੁੱਕੀ ਹੈ। ਉਸ ਦੀ ਛਾਂਟੀ ਕਿਉਂ ਹੋਈ ਹੈ? ਕਿਉਂਕਿ ਲਕੜੀ ਬਹੁਤੀ ਹੋ ਗਈ ਐ ...।

ਸਮੁੱਚੇ ਮਜ਼ਦੂਰ (ਸਮੇਤ ਕਿਸਾਨੀ ਤੇ ਖੇਤ ਮਜ਼ਦੂਰਾਂ ਦੇ) ਵਰਗ ਦੀ ਤਾਕਤ ਤਾਂ ਓੜਕਾਂ ਦੀ ਹੈ! ਪਰ ਇਸ ਨੂੰ ਵੀ ਕਈ ਵਰਗਾਂ 'ਚ ਵੰਡ ਦਿੱਤਾ ਗਿਆ ਹੋਇਐ। ਬੱਸ ਇੱਥੇ ਹੀ ਸਵਾਲ ਉੱਠਦਾ ਹੈ ਕਿ ਮਜ਼ਦੂਰ ਕੌਣ ਹੈ? ਇਹ ਇੱਕ ਬੁਨਿਆਦੀ ਸਵਾਲ ਬਣ ਜਾਂਦੈ। ਇਸ ਦੀ ਸਮਝ ਬਿਨਾਂ ਗੱਲ ਅੱਗੇ ਕਿਵੇਂ ਤੁਰੇ! ਸਰਲ ਜਿਹੀ ਵਿਆਖਿਆ ਨਾਲ ਸ਼ਾਇਦ ਕੁਝ ਸਮਝ ਪੈ

ਜਾਵੇ। ਜੇ ਮਜ਼ਦੂਰ ਆਪਣੇ ਹੱਥਾਂ ਪੈਰਾਂ, ਜਿਸਮ ਦੀ ਤਾਕਤ ਦਾ ਮਾਲਕ ਹੈ, ਜਿਹਨੂੰ ਨਿਚੋੜ ਨਿਚੋੜ ਪਹਿਲਾਂ ਹੀ ਅਧਮੋਇਆ ਕਰ ਰੱਖਿਆ ਗਿਆ ਹੈ, ਉੱਥੇ ਉਸ ਤੋਂ ਅਗਲਾ ਵਰਗ ਕੁਝ ਗਿਆਨ, ਹੁਨਰਾਂ ਦਾ ਮਾਲਕ ਹੋਣ ਕਰਕੇ ਮਜ਼ਦੂਰ ਨਾਲੋਂ ਉੱਚਾ ਤੇ ਵੱਖਰਾ ਜਿਹਾ ਮਹਿਸੂਸ ਕਰਦੈ। ਪਰ ਉਸ ਦੀ ਸੋਚ ਵਿੱਚ ਇੱਕ ਦੱਕਿਆਨੂਸੀ ਭਰਮ ਵੜਿਆ ਹੁੰਦੈ। ਉਹ ਆਪਣੇ ਆਪ ਨੂੰ ਮਜ਼ਦੂਰ ਨਹੀਂ ਸਮਝਦਾ। ਵੈਸੇ ਏਥੇ ਕੈਨੇਡਾ ਦੇ ਇਸ ਵਰਗ ਦੇ ਲੋਕ ਜਦੋਂ ਡੇਢ ਕੁ ਸ਼ਿਫਟ ਲਾ ਘਰ ਪਹੁੰਚਦੇ ਹਨ ਤਾਂ ਕਹਿ ਜ਼ਰੂਰ ਦਿੰਦੇ ਹਨ ਕਿ ਦਿਹਾੜੀ ਲਾਕੇ ਆਏ ਆਂ। ਪਰ ਸਮਝ ਵਿੱਚ ਮਜ਼ਦੂਰਾਂ ਨਾਲੋਂ ਥੋੜ੍ਹਾ ਵੱਖਰਾ ਜਿਹਾ ਮਹਿਸੂਸ ਕਰਦੇ ਹਨ। ਫਿਰ ਅਗਲਾ ਵਰਗ ਚਿੱਟ ਕਪੜੀਏ ਬਾਬੂ (ਵੱਡੇ ਸਿਵਲ ਕਰਮਚਾਰੀਆਂ ਸਮੇਤ), ਅਧਿਆਪਕ, ਪ੍ਰੋਫੈਸਰ ਵਰਗ ਆ ਜਾਂਦੈ। ਉਸ ਨੂੰ ਵੀ ਉਜਰਤ, ਵੇਤਨ, ਤਨਖ਼ਾਹ ਦਿਨਾਂ ਦੇ ਹਿਸਾਬ ਨਾਲ ਹੀ ਮਿਲਦੀ ਹੈ। ਪਰ ਉਹ ਆਪਣੇ ਆਪ ਨੂੰ ਮਜ਼ਦੂਰ ਕਦੀ ਵੀ ਨਹੀਂ ਸਮਝਦੇ। ਗੱਲ ਦੀ ਰੈਲ਼ ਨੂੰ ਵਲ਼ਦਿਆਂ ਨਤੀਜਾ ਇਹ ਨਿਕਲਦਾ ਹੈ ਕਿ ਜੋ ਵੀ ਨਿਸ਼ਚਤ ਘੰਟਾ, ਜਾਂ ਦਿਨ ਦੇ ਹਿਸਾਬ ਨਾਲ ਵੇਤਨ ਲੈਂਦਾ ਹੈ ਉਹ ਅਸਲੀਅਤ ਵਿੱਚ ਮਜ਼ਦੂਰ ਹੈ। ਉਹਨੂੰ ਵੀ ਮਹਿੰਗਾਈ, ਹਰ ਕਿਸਮ ਦੇ ਬੀਮਿਆਂ ਤੇ ਮੌਰਗੇਜਾਂ ਦੀਆਂ ਉੱਚੀਆਂ ਦਰਾਂ ਚੁੱਭਦੀਆਂ ਹਨ। ਉਹ ਵੀ ਮਜ਼ਦੂਰ ਜਥੇਬੰਦੀਆਂ ਵਾਂਗ ਸੜਕਾਂ 'ਤੇ ਮੁਜ਼ਾਹਰੇ ਕਰਨ ਤੇ ਹੜਤਾਲਾਂ ਕਰਨ ਲਈ ਮਜਬੂਰ ਹੋ ਜਾਂਦੇ। ਅਸਲੀਅਤ ਵਿੱਚ ਹੁੰਦੇ ਸਭ ਲੋਕ ਮਿਹਨਤਕਸ਼ ਮਜ਼ਦੂਰ ਹੀ ਹਨ। ਏਸੇ ਤਰ੍ਹਾਂ ਕਿਸਾਨੀ ਵਿੱਚ ਹੀ ਵੰਡੀਆਂ ਪਈਆਂ ਹੋਈਆਂ ਹਨ। ਜੇ ਕਿਤੇ ਇਹ ਇੱਕ ਵੱਡੀ ਜਥੇਬੰਦੀ ਵਿੱਚ ਜੁੜ ਜਾਣ ਤਾਂ ਵੇਖਿਓ, ਇਨਕਲਾਬ ਇਨ੍ਹਾਂ ਕਾਰਪੋਰੇਟਸ ਨੂੰ ਭੱਜਣ 'ਤੇ ਮਜਬੂਰ ਕਰ ਦੇਵੇਗਾ। ਮਾਰਕਸ ਦਾ ਕਥਨ "ਦੁਨੀਆਂ ਭਰ ਦੇ ਮਿਹਨਤਕਸ਼ੋ ਇੱਕ ਹੋ ਜਾਓ; ਤੁਹਾਡਾ ਕੁਝ ਨਹੀਂ ਗੁਆਚੇਗਾ; ਤੁਹਾਡੀਆਂ ਜ਼ੰਜੀਰਾਂ ਟੁੱਟ ਜਾਣਗੀਆਂ" ਯਾਦ ਆ ਜਾਂਦੈ। ਇਹ ਭਾਵੇਂ ਮੇਰਾ ਇੱਕ ਸੁਪਨਾ ਸਮਝੋ ਪਰ ਤਰਕ ਦੀ ਸਾਨ 'ਤੇ ਕਾਰਪੋਰੇਟਸ ਦੀ ਗੁਲਾਮੀ ਤੋਂ ਮੁਕਤੀ ਦਾ ਇਹ ਹੀ ਇੱਕੋ ਇੱਕ ਸ਼ਾਹਰਾਹ ਹੈ। ਸੋਚ ਬੱਸ ਏਥੇ ਆ ਖਲੋਂਦੀ ਹੈ ਜਿਹੜੀ ਆਪਣੇ ਭੋਲੇਪਨ ਵਿੱਚ ਸਮਝਦੀ ਹੁੰਦੀ ਸੀ ਕਿ ਭਾਰ ਢੋਇਆ ਕਰਾਂਗੇ ਅਤੇ ਪੈਸੇ ਲੁੱਟਿਆ ਕਰਾਂਗੇ। ਅਸਲ ਵਿੱਚ ਹੁਣ ਮੰਨਣ ਲੱਗ ਪਈ ਹੈ ਕਿ ਤੂੰ, ਤੁਸੀਂ ਤੇ ਅਸੀਂ ਸਭ (ਸਿਵਾਏ ਕਾਰਪੋਰੇਟ ਸਰਮਾਏਦਾਰਾਂ ਤੇ ਉਹਨਾਂ ਦੇ ਜ਼ਰਖ਼ਰੀਦਾਂ ਦੇ) ਲੁੱਟੇ ਹੀ ਜਾ ਰਹੇ ਹਾਂ। ਸਮਾਜ ਦੇ ਦੋ ਹੀ ਵਰਗ ਹਨ। ਇੱਕ ਲੁੱਟੇ ਜਾ ਰਹੇ ਅਤੇ ਦੂਜੇ ਲੋਟੂ। ਇੱਕ ਮਜ਼ਦੂਰ ਤੇ ਦੂਜੇ ਮਾਲਕ। ਇੱਕ ਭੋਏਂ ਮਾਲਕ ਦੂਜੇ ਖੇਤ ਮਜ਼ਦੂਰ। ਵੈਸੇ ਤਾਂ ਆਮ ਜੱਟ ਕਿਸਾਨ ਦੀ ਅੱਜ ਜਿਹੜੀ ਹਾਲਤ ਹੈ ਉਸਦਾ ਅੰਦਾਜ਼ਾ ਤਾਂ ਉਨ੍ਹਾਂ ਦੀਆਂ ਖੁਦਕੁਸ਼ੀਆਂ ਤੋਂ ਸਹਿਜੇ ਹੀ ਲੱਗ ਜਾਂਦੈ। ਪਰ ਕਿੱਲਾ/ਜੱਟ ਮਾਨਸਿਕਤਾ ਉਸ ਨੂੰ ਹਾਲੀ ਆਪਣੇ ਆਪ ਨੂੰ ਵੱਖਰੇ ਤੇ ਉੱਚੇ ਪੌਡੇ ਤੋਂ ਥੱਲੇ ਨਹੀਂ ਉਤਰਨ ਦਿੰਦੀ। ਪੰਜਾਬੀ ਦੇ ਨਾਮਵਰ ਸ਼ਾਇਰ ਪ੍ਰੋਫੈਸਰ ਮੋਹਨ ਸਿੰਘ ਦੇ ਸ਼ੇਅਰ ਨਾਲ ਹੀ ਗੱਲ ਮੁੱਕਦੀ ਐ:

ਦੋ ਟੋਟਿਆਂ ਦੇ ਵਿੱਚ ਭੋਂ ਟੁੱਟੀ,
ਇੱਕ ਮਹਿਲਾਂ ਦਾ ਇੱਕ ਢੋਕਾਂ ਦਾ।
ਦੋ ਧੜਿਆਂ ਵਿੱਚ ਖ਼ਲਕਤ ਵੰਡੀ,
ਇੱਕ ਲੋਕਾਂ ਦਾ ਇੱਕ ਜੋਕਾਂ ਦਾ।

ਪਿਆਰਿਓ ਪੈਸਾ ਹਮੇਸ਼ਾਂ ਨਚਾਉਂਦੈ ਪਰ ਹੁਣ ਅੱਗੇ ਨਾਲੋਂ ਕਿਤੇ ਵਧੇਰੇ ਨਚਾ ਰਿਐ!

ਫੋਨ: 647-402-2170 (ਕੈਨੇਡਾ), 95305 17132 (ਭਾਰਤ)

### 9 ਅਪ੍ਰੈਲ ਬਰਸੀ 'ਤੇ ਵਿਸ਼ੇਸ਼

# ਸੇਵੇਵਾਲਾ 'ਚ ਡੁਲ੍ਹਿਆ ਲਹੂ ਗੀਤ ਗਾਉਂਦਾ ਹੈ

**ਅਮੋਲਕ ਸਿੰਘ**

9 ਅਪ੍ਰੈਲ 1991 ਦਾ ਦਿਹਾੜਾ, ਪੰਜਾਬ ਦੇ ਇਤਿਹਾਸ ਅੰਦਰ ਵਿਲੱਖਣ ਸਥਾਨ ਰੱਖਦਾ ਹੈ। ਇਹ ਦਿਹਾੜਾ ਇੱਕ ਵਾਰ ਫੇਰ 13 ਅਪ੍ਰੈਲ 1919 ਨੂੰ ਜੱਲ੍ਹਿਆਂਵਾਲਾ ਬਾਗ਼ 'ਚ ਵਾਪਰੇ ਖ਼ੂਨੀ ਕਾਂਡ ਦੀ ਯਾਦ ਤਾਜ਼ਾ ਕਰਾਉਂਦਾ ਹੈ। ਸਮੇਂ ਦੀ ਤੋਰ ਨਾਲ ਜਿਵੇਂ 1919 ਤੋਂ 1991 'ਚ ਹਿੰਦਸੇ ਬਦਲੇ, ਇਉਂ ਹੀ ਹੁਕਮਰਾਨ ਜ਼ਰੂਰ ਬਦਲੇ ਪਰ ਲੋਕਾਂ ਉਪਰ ਜ਼ੁਲਮੀ ਝੱਖੜ ਝੁਲਾਉਣ ਵਾਲੀਆਂ ਤਾਕਤਾਂ ਦਾ ਚਰਿੱਤਰ ਅਤੇ ਅਮਲ ਨਹੀਂ ਬਦਲਿਆ। ਨਿਹੱਥੇ, ਬੇਦੋਸ਼ੇ ਅਤੇ ਪੁਰਅਮਨ ਇਕੱਤਰਤਾ ਕਰਦੇ ਲੋਕਾਂ ਦਾ ਲਹੂ ਗੀਤ ਗਾਉਂਦਾ ਹੈ ਕਿ ਜੱਲ੍ਹਿਆਂਵਾਲਾ ਹੋਵੇ ਭਾਵੇਂ ਸੇਵੇਵਾਲਾ, ਗੋਲੀਆਂ ਦਾਗਣ ਵਾਲਿਆਂ ਦੇ ਚਿਹਰੇ ਜ਼ਰੂਰ ਬਦਲੇ ਪਰ ਲੋਕਾਂ ਨਾਲ ਇਹਨਾਂ ਦਾ ਦੁਸ਼ਮਣਾਨਾ ਰਿਸ਼ਤਾ ਨਹੀਂ ਬਦਲਿਆ।




9 ਅਪ੍ਰੈਲ 1991 ਨੂੰ ਜੈਤੋ ਲਾਗੇ ਪਿੰਡ ਸੇਵੇਵਾਲਾ ਦੇ ਮਜ਼ਦੂਰ ਵਿਹੜੇ ਦੀ ਧਰਮਸ਼ਾਲਾ ਵਿੱਚ ਜੁੜੇ ਪੁਰ-ਅਮਨ ਲੋਕਾਂ ਉਪਰ ਬੰਬਾਂ-ਬੰਦੂਕਾਂ ਨਾਲ ਹੱਲਾ ਬੋਲਿਆ ਗਿਆ। ਇਸ ਮੌਕੇ 'ਜਬਰ ਤੇ ਫ਼ਿਰਕਾਪ੍ਰਸਤੀ ਵਿਰੋਧੀ ਫਰੰਟ ਪੰਜਾਬ' ਦੀ ਜੈਤੋ ਇਕਾਈ ਵੱਲੋਂ ਰੱਖੀ ਕਾਨਫਰੰਸ ਵਿੱਚ ਪ੍ਰੋ. ਅਜਮੇਰ ਸਿੰਘ ਔਲਖ ਦਾ ਲਿਖਿਆ ਨਾਟਕ 'ਅੰਨ੍ਹੇ ਨਿਸ਼ਾਨਚੀ', ਪੰਜਾਬ ਨਾਟਕ ਕਲਾ ਕੇਂਦਰ (ਇਕਾਈ ਪਲਸ ਮੰਚ) ਵੱਲੋਂ ਖੇਡਿਆ ਗਿਆ। ਨਾਟਕ ਉਪਰੰਤ 'ਫਰੰਟ' ਦੇ ਬਤੌਰ ਸੂਬਾ ਕਨਵੀਨਰ ਲੇਖਕ ਅਜੇ ਸੰਬੋਧਨ ਕਰ ਰਿਹਾ ਸੀ ਕਿ ਜਦੋਂ ਫੌਜੀ ਵਰਦੀਆਂ ਦੇ ਭੁਲੇਖਾ-ਪਾਊ ਬਾਣੇ 'ਚ ਬੰਬਾਂ-ਬੰਦੂਕਾਂ ਨਾਲ ਲੈਸ ਹੋ ਕੇ ਆਏ ਟੋਲੇ ਨੇ ਬਾਰੂਦੀ ਵਰਖਾ ਕਰ ਦਿੱਤੀ।

ਪਲਾਂ ਛਿਣਾਂ 'ਚ ਪੰਜਾਬ ਦੀ ਇਨਕਲਾਬੀ ਜਮਹੂਰੀ ਲਹਿਰ 'ਚ ਜਾਣੇ-ਪਹਿਚਾਣੇ ਮੇਘ ਰਾਜ ਭਗਤੂਆਣਾ, ਜਗਪਾਲ ਸੇਲਬਰਾਹ, ਮਾਤਾ ਸਦਾ ਕੌਰ, ਗੁਰਜੰਟ ਸਿੰਘ ਢਿੱਲਵਾਂ, ਕਰਮ ਸਿੰਘ ਰਾਮਪੁਰਾ ਫੂਲ, ਲਖਵੀਰ ਸਿੰਘ ਸੇਵੇਵਾਲਾ, ਗੁਰਨਾਮ ਸਿੰਘ ਜੀਦਾ ਅਤੇ ਤੇਜਿੰਦਰ ਸਿੰਘ ਭਗਤੂਆਣਾ ਸਮੇਤ 18 ਲੋਕ ਗੋਲੀਆਂ ਨਾਲ ਭੁੰਨ ਦਿੱਤੇ। ਦਰਜਨਾਂ ਨੂੰ ਗੰਭੀਰ ਰੂਪ 'ਚ ਜ਼ਖ਼ਮੀ ਕਰ ਦਿੱਤਾ। ਵਹਿਸ਼ੀਆਨਾ ਕਾਂਡ ਤੋਂ ਦਹਿਸ਼ਤਜ਼ਦਾ ਹੋਣ ਦੀ ਬਜਾਏ ਪਿੰਡ ਵਾਸੀਆਂ, ਮ੍ਰਿਤਕਾਂ ਦੇ ਪਰਿਵਾਰਾਂ ਅਤੇ ਨਾਲ ਲੱਗਦੇ ਪਿੰਡਾਂ ਅਤੇ ਜੈਤੋ ਨਿਵਾਸੀਆਂ ਨੇ ਸਿਦਕਦਿਲੀ ਨਾਲ ਆਪਣੇ ਫਰਜ਼ ਪਹਿਚਾਣੇ। ਉਹਨਾਂ ਨੇ ਮੌਤ ਦੀ ਪਰਵਾਹ ਨਾ ਕਰਦਿਆਂ ਹਾਅ ਦਾ ਨਾਅਰਾ ਮਾਰਿਆ। ਫੱਟੜਾਂ ਨੂੰ ਤੁਰੰਤ ਜੈਤੋ ਸਿਵਲ ਹਸਪਤਾਲ ਪਹੁੰਚਾਇਆ ਅਤੇ ਸ਼ਹੀਦਾਂ ਨੂੰ ਸਿਜਦਾ ਕੀਤਾ। ਲੋਕਾਂ ਦੀ ਹਮਦਰਦੀ ਅਤੇ ਵਹਿਸ਼ੀ ਕਾਰੇ ਖਿਲਾਫ਼ ਗੁੱਸੇ ਨੇ ਹਮਲਾਵਰਾਂ ਦੇ ਇਰਾਦੇ ਮਿੱਟੀ 'ਚ ਮਿਲਾ ਦਿੱਤੇ।

ਖ਼ੂਨੀ ਕਾਰਾ ਕਰਨ ਵਾਲਿਆਂ ਜਾਂਦੇ ਸਮੇਂ ਘਟਨਾ ਸਥਾਨ 'ਤੇ ਧਮਕੀ ਪੱਤਰ ਸੁੱਟਿਆ। ਇਸ ਪੱਤਰ 'ਚ ਖਾਸ ਕਰਕੇ ਵਿਹੜੇ ਵਾਲੇ ਮਜ਼ਦੂਰਾਂ ਨੂੰ ਜਬਰ ਤੇ ਫ਼ਿਰਕਾਪ੍ਰਸਤੀ ਵਿਰੋਧੀ ਫਰੰਟ ਦੇ ਇਕੱਠਾਂ ਵਿੱਚ ਜਾਣ ਤੋਂ ਰੋਕਣ ਲਈ ਚਿਤਾਵਨੀ ਦਿੱਤੀ। ਪੱਤਰ 'ਚ ਇਹ ਵੀ ਕਿਹਾ, "ਜੇ ਤੁਸੀਂ ਇਕੱਠਾਂ 'ਚ ਜਾਣ ਤੋਂ ਨਾ ਰੁਕੇ ਤਾਂ ਇਸ ਤੋਂ ਵੀ ਵੱਡੇ ਹੱਲੇ ਬੋਲੇ ਜਾਣਗੇ।"

ਇਸ ਧਮਕੀ ਪੱਤਰ ਉਪਰ ਖ਼ਾਲਿਸਤਾਨ ਕਮਾਂਡੋ ਫੋਰਸ, ਖ਼ਾਲਿਸਤਾਨੀ ਲਿਬਰੇਸ਼ਨ ਫੋਰਸ, ਬੱਬਰ ਖਾਲਸਾ ਸਮੇਤ ਪੰਜ ਜੱਥੇਬੰਦੀਆਂ ਵੱਲੋਂ ਇਹ ਸਾਂਝਾ ਕਾਰਾ ਕਰਨ ਦੀ ਜ਼ਿੰਮੇਵਾਰੀ ਲੈਣ ਦਾ ਜ਼ਿਕਰ ਕੀਤਾ ਗਿਆ ਸੀ। ਇਸ ਉਪਰ ਪ੍ਰਗਟ ਸਿੰਘ ਫੌਜੀ ਸੰਗਤਪੁਰਾ ਦੇ ਦਸਤਖ਼ਤ ਸਨ। ਇਹ ਚਿੱਠੀ ਪ੍ਰੈਸ ਵਿੱਚ ਨਸ਼ਰ ਹੋਣ 'ਤੇ ਵੀ ਇਨ੍ਹਾਂ 'ਚੋਂ ਕਿਸੇ ਵੀ ਜੱਥੇਬੰਦੀ ਨੇ ਦੋਸ਼ ਤੋਂ ਇਨਕਾਰ ਨਹੀਂ ਕੀਤਾ।

ਵਿਆਪਕ ਕਤਲੇਆਮ ਅਤੇ ਧਮਕੀਆਂ ਭਰੀ ਚਿੱਠੀ ਦੇ ਬਾਵਜੂਦ ਲੋਕ ਮੈਦਾਨ 'ਚ ਨਿੱਤਰੇ। ਅਗਲੇ ਹੀ ਦਿਨ ਸੇਵੇਵਾਲਾ, ਭਗਤੂਆਣਾ, ਸੇਲਬਰਾਹ, ਢਿੱਲਵਾਂ ਅਤੇ ਜੀਦਾ ਆਦਿ ਪਿੰਡਾਂ 'ਚ ਸਸਕਾਰ ਸਮੇਂ ਵਿਸ਼ਾਲ ਇਕੱਠ ਹੋਏ। ਤਿਆਰੀ ਮੁਹਿੰਮ ਉਪਰੰਤ ਇਨ੍ਹਾਂ ਪਿੰਡਾਂ 'ਚ ਸ਼ਰਧਾਂਜਲੀ ਸਮਾਗਮ ਹੋਏ। ਵਿਸ਼ੇਸ਼ ਤਿਆਰੀ ਉਪਰੰਤ ਇਸ਼ਤਿਹਾਰ ਜਾਰੀ ਕਰਕੇ ਸੇਵੇਵਾਲਾ, ਭਗਤੂਆਣਾ, ਸੇਲਬਰਾਹ ਅਤੇ ਜੈਤੋ ਮੰਡੀ ਵਿੱਚ ਰਵਾਇਤੀ ਹਥਿਆਰਾਂ ਨਾਲ ਲੈਸ ਹੋ ਕੇ ਹਜ਼ਾਰਾਂ ਲੋਕਾਂ ਨੇ ਰੋਹ ਭਰਿਆ ਮਾਰਚ ਕੀਤਾ।

ਇਹਨਾਂ ਮਿਸਾਲੀ ਇਕੱਠਾਂ 'ਚ ਲੋਕਾਂ ਨੂੰ ਭਾਈਚਾਰਕ ਸਾਂਝ ਬਣਾਈ ਰੱਖਣ, ਫ਼ਿਰਕੂ ਅਤੇ ਹਕੂਮਤੀ ਦਹਿਸ਼ਤਗਰਦੀ ਖਿਲਾਫ਼ ਵਿਸ਼ਾਲ ਲਾਮਬੰਦੀ ਕਰਨ, ਤਿਲਕਾਊ ਚਾਲਾਂ ਨੂੰ ਨਾਕਾਮ ਕਰਦੇ ਹੋਏ ਅਸਲੀ ਲੋਕ-ਮੁੱਦਿਆਂ ਉਪਰ ਲੋਕ-ਸੰਗਰਾਮ ਤੇਜ਼ ਕਰਨ ਦਾ ਸੱਦਾ ਦਿੱਤਾ। ਹਾਕਮ ਧੜਿਆਂ ਵੱਲੋਂ ਪੰਜਾਬ ਸਮੱਸਿਆ ਦੇ ਨਾਂਅ 'ਤੇ ਲੋਕਾਂ ਦੇ ਸਿਵਿਆਂ ਉਪਰ ਆਪਣੀ ਲੋਕ-ਦੋਖੀ ਰਾਜਨੀਤੀ ਦੀਆਂ ਰੋਟੀਆਂ ਸੇਕਣ ਦੇ ਮਨੋਰਥਾਂ ਤੋਂ ਪਰਦਾ ਚੁੱਕਿਆ ਗਿਆ। ਲੋਕਾਂ ਨੂੰ ਆਪਣੀ ਮਹਾਨ ਸਾਂਝੀ ਵਿਰਾਸਤ ਤੋਂ ਸੇਧ ਲੈਂਦਿਆਂ ਆਪਣੀ ਮੁਕਤੀ ਲਈ ਜੂਝਣ ਵਾਸਤੇ ਅੱਗੇ ਆਉਣ ਦਾ ਸੱਦਾ ਦਿੱਤਾ। ਪੰਜਾਬ ਦੀ ਲੋਕ-ਪੱਖੀ, ਇਨਕਲਾਬੀ, ਜਮਹੂਰੀ ਲਹਿਰ ਨੇ ਵੱਡੀ ਕੀਮਤ ਅਦਾ ਕਰਕੇ ਵੀ, ਡੇਢ ਦਹਾਕੇ ਤੋਂ ਵੀ ਵੱਧ ਅਰਸੇ ਦੇ ਦੋ-ਮੂੰਹੀ ਦਹਿਸ਼ਤਗਰਦੀ ਦੇ ਅਗਨ-ਪ੍ਰੀਖਿਆ ਭਰੇ ਦੌਰ 'ਚ ਸ਼ਾਨਾਂਮੱਤੀ ਭੂਮਿਕਾ ਅਦਾ ਕੀਤੀ। ਖ਼ੂਨੀਕਾਰਾ ਕਰਨ ਵਾਲਿਆਂ ਦੇ ਸਿੱਧੇ/ਅਸਿੱਧੇ ਹਮਾਇਤੀਆਂ ਨੇ ਕੂੜ ਪਰਚਾਰ ਦੇ ਝੱਖੜ ਝੁਲਾ ਕੇ 'ਫਰੰਟ' ਨਾਲੋਂ ਲੋਕਾਂ ਨੂੰ ਦੂਰ ਕਰਨ ਲਈ ਹਰ ਵਾਹ ਲਾਈ ਪਰ ਪੰਜਾਬ ਦੇ ਲੋਕਾਂ ਨੇ ਅਜੇਹੇ ਕੋਝੇ ਯਤਨ ਧੂੜ 'ਚ ਮਿਲਾ ਦਿੱਤੇ।

ਅੱਜ ਸੇਵੇਵਾਲਾ ਕਾਂਡ ਨੂੰ 25 ਵਰ੍ਹੇ ਬੀਤਣ ਉਪਰੰਤ ਲਹੂ ਬੋਲਦਾ ਹੈ। ਸਾਂਝੀ ਵਿਰਾਸਤ ਦੀ ਸਰਗਮ ਛੇੜਦਾ ਹੈ। ਲਹੂ ਨਾਲ ਸਿੰਜੀ, ਫ਼ਿਰਕੂ ਅਤੇ ਹਕੂਮਤੀ ਦਹਿਸ਼ਤਗਰਦੀ ਵਿਰੋਧੀ ਲਹਿਰ ਨੇ ਨਵੀਂ ਕਰਵਟ ਲਈ ਹੈ। ਜੇ ਅੱਜ ਪਿੰਡ ਪਿੰਡ ਕਿਰਤੀ ਕਾਮੇ ਜਥੇਬੰਦ ਹੋ ਰਹੇ ਹਨ। ਸਰਕਾਰੀ ਦਫ਼ਤਰਾਂ ਅੱਗੇ ਚੜ੍ਹਦੇ ਸੂਰਜ ਹਾਕਮਾਂ ਦਾ ਪਿੱਟ ਸਿਆਪਾ ਕਰਦੇ ਹਨ। ਖੁਦਕੁਸ਼ੀਆਂ ਕਰ ਰਹੇ ਕੜੀਆਂ ਵਰਗੇ ਪੁੱਤਾਂ ਦੀ ਮੌਤ ਦੇ ਜ਼ਿੰਮੇਵਾਰਾਂ ਉਪਰ ਉਂਗਲ ਧਰਨ ਦੇ ਕਾਬਲ ਹੋਏ ਹਨ। ਧੰਨ ਅਤੇ ਧਰਤੀ ਉਪਰ ਆਪਣਾ ਬਣਦਾ ਹਿੱਸਾ ਮੰਗਦੇ ਹਨ। ਆਪਣੀ ਕਿਰਤ, ਆਬਰੂ ਅਤੇ ਸਵੈ-ਮਾਣ ਲਈ ਸੰਗਰਾਮ ਦੇ ਪਰਚਮ ਉਠਾ ਕੇ ਨਿਤਰਦੇ ਹਨ ਤਾਂ ਜੋਬਨ 'ਤੇ ਆਈ ਮਜ਼ਦੂਰ ਕਿਸਾਨ ਲਹਿਰ ਦੀਆਂ ਰਗਾਂ ਵਿੱਚ ਸੇਵੇਵਾਲਾ ਦੀ ਧਰਤੀ 'ਤੇ ਡੁੱਲ੍ਹਿਆ ਲਹੂ ਦੌੜਦਾ ਹੈ। ਏ.ਕੇ. 47 ਰਾਹੀਂ ਗੋਲੀਆਂ ਦੀ ਵਾਛੜ ਅਤੇ ਬੰਬ ਧਮਾਕਿਆਂ ਨਾਲ ਮਜ਼ਦੂਰਾਂ ਕਿਸਾਨਾਂ ਦੀ ਸਾਂਝ ਨੂੰ ਛਲਣੀ ਕਰਨ ਦਾ ਪਾਲਿਆ ਭਰਮ, ਅੱਜ ਪੰਜਾਬ ਅੰਦਰ ਨਵੀਂ ਅੰਗੜਾਈ ਭਰ ਰਹੀ ਜਨਤਕ ਲਹਿਰ ਨੇ ਚੂਰ-ਚੂਰ ਕਰ ਦਿੱਤਾ ਹੈ।

ਅੱਜ ਜਦੋਂ ਸੇਵੇਵਾਲਾ ਕਾਂਡ ਤੋਂ 25 ਵਰ੍ਹੇ ਮਗਰੋਂ 'ਅੰਨ੍ਹੇ ਨਿਸ਼ਾਨਚੀ' ਨਾਟਕ ਦੇ ਲੇਖਕ ਪ੍ਰੋ. ਅਜਮੇਰ ਸਿੰਘ ਔਲਖ ਨੂੰ ਭਾਈ ਲਾਲੋ ਕਲਾ ਸਨਮਾਨ ਨਾਲ 8 ਮਾਰਚ, 2015 ਨੂੰ ਬਰਨਾਲੇ ਹਜ਼ਾਰਾਂ ਲੋਕਾਂ ਨੇ ਇਨਕਲਾਬੀ ਜਨਤਕ ਸਲਾਮ ਅਤੇ ਸਨਮਾਨ ਭੇਟ ਕੀਤਾ ਤਾਂ ਸੇਵੇਵਾਲਾ, ਭਗਤੂਆਣਾ, ਸੇਲਬਰਾਹ, ਜੀਦਾ, ਢਿਲਵਾਂ ਅਤੇ ਜੈਤੋ ਤੋਂ ਵਹੀਰਾਂ ਘੱਤ ਕੇ ਮਜ਼ਦੂਰਾਂ ਕਿਸਾਨਾਂ ਦਾ ਆਉਣਾ ਸੇਵੇਵਾਲਾ ਕਾਂਡ ਮੌਕੇ ਦਹਿਸ਼ਤਗਰਦਾਂ ਵਲੋਂ ਦਿੱਤੀ ਧਮਕੀ ਨੂੰ ਪੂਰੀ ਠੁੱਕ ਨਾਲ ਮਲ ਸੁੱਟਣ ਦਾ ਪ੍ਰਗਟਾਵਾ ਹੈ। ਇਹ ਐਲਾਨ ਵੀ ਹੈ ਕਿ ਸੁਜਾਖੇ ਨਿਸ਼ਾਨਚੀਆਂ ਨੂੰ ਅੰਨੇ ਨਿਸ਼ਾਨਚੀ ਕਦੇ ਵੀ ਆਪਣੇ ਮਾਰਗ ਤੋਂ ਥਿੜਕਾ ਨਹੀਂ ਸਕਦੇ।

ਅੱਜ ਜ਼ਮੀਨਾਂ ਦੀ ਮੁੜ ਵੰਡ ਲਈ, ਜ਼ਮੀਨਾਂ ਜਬਰੀ ਗ੍ਰਹਿਣ ਕਰਨ ਨੂੰ ਠੱਲ ਪਾਉਣ ਲਈ, ਐਫ.ਸੀ. ਆਈ. ਵਰਗੀਆਂ ਏਜੰਸੀਆਂ ਰਾਹੀਂ ਖ੍ਰੀਦ ਬੰਦ ਕਰਨ ਦੇ ਫੈਸਲੇ ਰੋਕਣ ਲਈ, ਹਰ ਵੰਨਗੀ ਦੀ ਦੇਸੀ-ਵਿਦੇਸ਼ੀ ਲੁੱਟ, ਦਾਬੇ, ਫ਼ਿਰਕਾਪ੍ਰਸਤੀ, ਜਾਤਪਾਤ ਅਤੇ ਜਬਰ ਖ਼ਿਲਾਫ ਇੱਕਠੇ ਹੋਣ, ਕਾਲੇ ਕਨੂੰਨਾਂ ਨਾਲ ਜ਼ੁਬਾਨਬੰਦੀ ਕਰਨ ਅਤੇ ਲੋਕਮਾਰੂ ਸਭਿੱਆਚਾਰਕ ਹੱਲੇ ਨੂੰ ਪਛਾੜਣ ਲਈ ਸਿਰ ਜੋੜ ਰਹੀ ਸ਼ਕਤੀ ਇਹ ਕਹਿ ਰਹੀ ਜਾਪਦੀ ਹੈ ਕਿ ਸੇਵੇਵਾਲਾ ਵਿੱਚ ਡੁੱਲ੍ਹਿਆ ਲਹੂ ਅਜਾਂਈ ਨਹੀਂ ਜਾਏਗਾ। ਪੰਜਾਬ ਨੇ ਜੇ ਉਸ ਮੌਕੇ ਆਪਣੀ ਸਾਂਝੀ ਵਿਰਾਸਤ ਨੂੰ ਬੁਲੰਦ ਕੀਤਾ ਹੈ ਤਾਂ ਹੀ ਅੱਜ ਪੰਜਾਬ ਅੰਦਰ ਆਪਸੀ ਸਾਂਝ ਉਸਾਰਦੀ ਲੋਕ-ਲਹਿਰ ਨਵੇਂ ਰਾਹ ਸਿਰਜ ਰਹੀ ਹੈ। ਇਤਿਹਾਸ ਨੇ ਇੱਕ ਵਾਰ ਫੇਰ ਸਾਬਤ ਕਰ ਵਿਖਾਇਆ ਹੈ ਕਿ ਰਾਜ ਸ਼ਕਤੀ ਜਾਂ ਬੰਬ ਬੰਦੂਕਾਂ ਦੇ ਜੋਰ ਨਾਲ ਕਦੇ ਵੀ ਲੋਕ ਸ਼ਕਤੀ ਨੂੰ ਹਰਾਇਆ ਨਹੀਂ ਜਾ ਸਕਦਾ।ਸੇਵੇਵਾਲਾ ਕਾਂਡ ਤੋਂ ਲੈ ਕੇ ਅੱਜ ਤੱਕ ਦੀ ਲੋਕ-ਲਹਿਰ ਦਾ ਸਫ਼ਰ ਅੱਜ ਬਰਸੀ ਮੌਕੇ, ਲੋਕਾਂ ਦੇ ਡੁੱਲੇ ਲਹੂ ਦਾ ਗੀਤ ਗਾਉਂਦਾ ਹੈ ਅਤੇ ਗਾਉਂਦਾ ਰਹੇਗਾ :

ਥੋਡੇ ਖ਼ੂਨ 'ਚ ਰੰਗੀ ਧਰਤੀ 'ਤੇ
ਅਸੀਂ ਬੰਨ੍ਹ ਕਾਫ਼ਲੇ ਆਵਾਂਗੇ

ਸੰਪਰਕ: 94170 76735

# ਜੇ ਭਗਤ ਪੂਰਨ ਸਿੰਘ ਇੰਗਲੈਂਡ ਜੰਮਿਆ ਹੁੰਦਾ



ਜੇ ਭਗਤ ਪੂਰਨ ਸਿੰਘ ਇੰਗਲੈਂਡ ਜੰਮਿਆ ਹੁੰਦਾ, ਅੱਜ ਨੂੰ ਸਾਰੀ ਦੁਨੀਆਂ 'ਚ ਤੂਤੀ ਬੋਲਦੀ ਹੋਣੀ ਸੀ, ਜਿਵੇਂ ਮਦਰ ਟਰੇਸਾ ਦੀ ਬੋਲਦੀ ਹੈ। ਗਲਤੀ ਨਾਲ ਇੱਧਰ ਜੰਮ ਪਿਆ, ਉੱਤੋਂ ਗਿਆਨ ਵੰਡਣ ਵਰਗਾ ਪੁੱਠਾ ਕੰਮ ਕਰਨ ਲੱਗ ਪਿਆ। ਓ ਬਜ਼ੁਰਗਾ ਤੂੰ ਭੁੱਕੀ ਵੰਡ, ਸਮੈਕ ਜਾਂ ਚਿੱਟਾ ਵੰਡ, ਕਿਤਾਬਾਂ ਵੀ ਕੋਈ ਵੰਡਣ ਵਾਲੀ ਸ਼ੈ ਨੇ ਭਲਾ! ਅਖੇ ਅੰਨਿਆਂ ਦੇ ਸ਼ਹਿਰ 'ਚ ਸ਼ੀਸ਼ਾ ਲੈ ਕੇ ਜਾਊਂਗਾ। ਮਾਰਿਆ ਨਾ ਚੱਕ ਕੇ ਤੇਰਾ ਸਟਾਲ ਅਗਲਿਆਂ ਨੇ ਹਰੀ ਦੇ ਮੰਦਰ 'ਚੋਂ ਬਾਹਰ !!

# ਸਿੱਖ ਵਿਰਸਾ ਵਲੋਂ ਕੈਲਗਰੀ 'ਚ ਇੱਕ ਸਫਲ 'ਸਿੱਖ ਅਵੇਅਰਨੈਸ ਸੈਮੀਨਾਰ'





ਕੈਲਗਰੀ: ਕੈਲਗਰੀ ਵਿੱਚ ਲੰਬੇ ਸਮੇਂ ਤੋਂ ਛਪਦੇ ਮਾਸਿਕ ਮੈਗਜ਼ੀਨ 'ਸਿੱਖ ਵਿਰਸਾ' ਵਲੋਂ ਸਮੇਂ-ਸਮੇਂ ਵਿਸ਼ਵ ਪ੍ਰਸਿੱਧ ਸਿੱਖ ਵਿਦਾਵਾਨਾਂ ਨੂੰ ਸੈਮੀਨਾਰਾਂ ਰਾਹੀਂ ਸੰਗਤਾਂ ਦੇ ਰੂਬਰੂ ਕੀਤਾ ਜਾਂਦਾ ਹੈ। ਜਿਸਦਾ ਮਕਸਦ ਜਿਥੇ ਵੱਖ-ਵੱਖ ਖੇਤਰਾਂ ਵਿੱਚ ਕੰਮ ਕਰਦੇ ਸਿੱਖ ਵਿਦਵਾਨਾਂ ਦਾ ਮਾਣ-ਸਨਮਾਨ ਕਰਨਾ ਹੁੰਦਾ ਹੈ, ਉਥੇ ਉਨ੍ਹਾਂ ਦੀਆਂ ਗੁਰਬਾਣੀ, ਇਤਿਹਾਸ ਤੇ ਸਿੱਖ ਕਮਿਊਨਿਟੀ ਪ੍ਰਤੀ ਨਿਭਾਈਆਂ ਜਾਂਦੀਆਂ ਸੇਵਾਵਾਂ ਤੋਂ ਸੰਗਤ ਨੂੰ ਜਾਣੂ ਕਰਾਉਣਾ ਵੀ ਹੁੰਦਾ ਹੈ। ਬਾਹਰੋਂ ਆਏ ਵਿਦਵਾਨ ਅਕਸਰ ਅਜਿਹੇ ਮੌਕਿਆਂ ਤੇ ਵੱਖ-ਵੱਖ ਵਿਸ਼ਿਆਂ ਤੇ ਆਪਣੇ ਖੋਜ ਭਰਪੂਰ ਪਰਚੇ ਪੜ੍ਹਦੇ ਹਨ। ਜਿਸ ਨਾਲ ਸੰਗਤਾਂ ਵਿੱਚ ਸਿੱਖ ਧਰਮ ਪ੍ਰਤੀ ਜਾਗਰੂਕਤਾ ਪੈਦਾ ਹੁੰਦੀ ਹੈ। ਵਿਦਵਾਨਾਂ ਦੇ ਗੁਰਬਾਣੀ ਤੇ ਦਲੀਲ ਅਧਾਰਿਤ ਵਿਚਾਰਾਂ ਨੂੰ ਸੁਣ ਕੇ ਅਨੇਕਾਂ ਲੋਕ ਵਹਿਮਾਂ, ਭਰਮਾਂ, ਪਾਖੰਡਾਂ, ਕਰਮਕਾਂਡਾਂ ਵਿੱਚੋਂ ਨਿਕਲ ਕੇ ਗੁਰਬਾਣੀ ਦੇ ਲੜ ਲਗਦੇ ਹਨ।ਇਸ ਵਾਰ 11 ਅਪਰੈਲ ਨੂੰ ਕਰਵਾਏ ਗਏ ਸੈਮੀਨਾਰ ਵਿੱਚ ਸਾਇੰਟਿਸਟ, ਲੇਖਕ ਤੇ 'ਅੰਡਰ ਸਟੈਂਡਿੰਗ ਸਿੱਖਇਜ਼ਮ-ਏ ਰਿਸਰਚ ਜਰਨਲ' ਦੇ ਐਡੀਟਰ ਡਾ. ਦਵਿੰਦਰ ਸਿੰਘ ਚਾਹਲ ਅਤੇ 'ਸਿੱਖ ਬੁਲੇਟਿਨ' ਦੇ ਐਡੀਟਰ ਤੇ 'ਸਿੰਘ ਸਭਾ ਇੰਟਰਨੈਸ਼ਨਲ' ਦੇ ਬਾਨੀ ਆਗੂ ਸ. ਹਰਦੇਵ ਸਿੰਘ ਸ਼ੇਰਗਿੱਲ ਸ਼ਾਮਿਲ ਹੋਏ। ਡਾ. ਚਾਹਲ ਵਲੋਂ ਇਸ ਮੌਕੇ 'ਗੁਰਬਾਣੀ, ਸਾਇੰਸ ਤੇ ਤਰਕ' ਵਿਸ਼ੇ ਤੇ ਬੜੇ ਵਿਸਥਾਰ ਵਿੱਚ ਗੁਰਬਾਣੀ ਤੇ ਸਾਇੰਸ ਦੀਆਂ ਦਲੀਲਾਂ ਭਰਪੂਰ ਪਰਚਾ ਪੜ੍ਹਿਆ ਗਿਆ।'ਟੈਂਪਲ ਕਮਿਊਨਿਟੀ ਹਾਲ' ਵਿੱਚ ਹੋਏ ਇਸ ਪ੍ਰਭਾਵਸ਼ਾਲੀ ਸੈਮੀਨਾਰ ਵਿੱਚ ਹਰਦੇਵ ਸਿੰਘ ਸ਼ੇਰਗਿੱਲ ਵਲੋਂ ਗੁਰੂ ਨਾਨਕ ਸਾਹਿਬ ਦੇ ਸਰਬੱਤ ਦੇ ਭਲੇ ਤੇ ਮਨੁੱਖਤਾਵਾਦੀ ਸੰਦੇਸ਼ ਤੇ ਆਪਣੇ ਵਿਚਾਰ ਪੇਸ਼ ਕੀਤੇ ਗਏ ਉਨ੍ਹਾਂ ਵਿਸਥਾਰ ਵਿੱਚ ਗੁਰੂ ਨਾਨਕ ਸਾਹਿਬ ਦੇ ਫਲਸਫੇ ਤੇ ਚਾਨਣਾ ਪਾਉਂਦੇ ਹੋਏ ਇਸ ਗੱਲ ਤੇ ਦੁੱਖ ਦਾ ਇਜ਼ਹਾਰ ਕੀਤਾ ਕਿ ਅਗਰ ਗੁਰੂ ਨਾਨਕ ਸਾਹਿਬ ਹਿੰਦੁਸਤਾਨ ਦੀ ਜਗ੍ਹਾ ਯੂਰਪ ਵਿੱਚ ਪੈਦਾ ਹੋਏ ਹੁੰਦੇ ਤਾਂ ਅੱਜ ਸਾਰੀ ਦੁਨੀਆਂ ਉਨ੍ਹਾਂ ਦੀ ਅਨੁਆਈ ਹੁੰਦੀ, ਪਰ ਬਦਕਿਸਮਤੀ ਨਾਲ ਅਸੀਂ ਗੁਰੂ ਨਾਨਕ ਸਾਹਿਬ ਦੇ ਫਲਸਫੇ ਨੂੰ ਸਮਝ ਨਹੀਂ ਸਕੇ ਤੇ ਉਨ੍ਹਾਂ ਦੀ ਕਦਰ ਨਹੀਂ ਪਾ ਸਕੇ ? ਉਨ੍ਹਾਂ ਸਿੱਖਾਂ ਵਿੱਚ ਵਧ ਰਹੇ ਪਾਖੰਡਵਾਦ ਅਤੇ ਕਰਮਕਾਂਡਾਂ ਤੇ ਵੀ ਚਿੰਤਾ ਦਾ ਪ੍ਰਗਟਾਵਾ ਕੀਤਾ।

ਇਸੇ ਤਰ੍ਹਾਂ ਡਾ. ਚਾਹਲ ਵਲੋਂ ਆਪਣੇ ਵਿਚਾਰਾਂ ਵਿੱਚ ਦੱਸਿਆ ਕਿ ਦੁਨੀਆਂ ਦੇ ਹੋਰ ਗ੍ਰੰਥਾਂ ਵਿੱਚ ਅਨੇਕਾਂ ਤਰ੍ਹਾਂ ਦੀਆਂ ਸਾਇੰਸ ਵਿਰੋਧੀ ਧਾਰਨਾਵਾਂ ਮਿਲ ਜਾਣਗੀਆਂ, ਪਰ ਗੁਰੂ ਨਾਨਕ ਸਾਹਿਬ ਦਾ ਫਲਸਫਾ ਪੂਰੀ ਤਰ੍ਹਾਂ ਸਾਇੰਟਿਫਿਕ ਹੈ। ਗੁਰੂ ਨਾਨਕ ਸਾਹਿਬ ਦਾ ਆਪਣੀ ਗੱਲ ਨੂੰ ਤਰਕ ਨਾਲ ਕਹਿਣ ਦਾ ਆਪਣਾ ਵੱਖਰਾ ਹੀ ਅੰਦਾਜ਼ ਸੀ। ਉਨ੍ਹਾਂ ਇਸ ਗੱਲ ਤੇ ਜ਼ੋਰ ਦਿੱਤਾ ਕਿ ਗੁਰਬਾਣੀ ਦੀ ਨਵੇਂ ਸਿਰਿਉਂ ਵਿਆਖਿਆ ਕਰਨ ਦੀ ਲੋੜ ਹੈ ਕਿਉਂਕਿ ਹੁਣ ਤੱਕ ਦੀਆਂ ਵਿਆਖਿਆਵਾਂ ਵਿੱਚ ਵੇਦਾਂਤਕ ਤੱਤ ਭਾਰੂ ਹੈ, ਜਿਸ ਕਾਰਨ ਗੁਰਮਤਿ ਦਾ ਪੂਰਾ ਪ੍ਰਕਾਸ਼ ਨਹੀਂ ਹੋ ਸਕਿਆ। ਇਸ ਲਈ ਵੱਖ-ਵੱਖ ਖੇਤਰਾਂ ਦੇ ਵਿਦਵਾਨਾਂ ਨੂੰ ਮਿਲ ਕੇ ਗੁਰਬਾਣੀ ਨੂੰ ਉਸਦੇ ਸਹੀ ਸੰਦਰਭ ਵਿੱਚ ਸਮਝ ਕੇ ਅਰਥ ਕਰਨ ਦੀ ਲੋੜ ਹੈ।ਅੱਜ ਸਾਡੇ ਗੁਰਦੁਆਰਿਆਂ ਅਤੇ ਪ੍ਰਚਾਰ ਸਿਸਟਮ ਵਿੱਚ ਅਜਿਹੇ ਲੋਕ ਭਾਰੂ ਹਨ, ਜਿਨ੍ਹਾਂ ਕੋਲ ਨਾ ਕੋਈ ਦੁਨਿਆਵੀ ਪੜ੍ਹਾਈ ਹੈ ਤੇ ਨਾ ਹੀ ਗੁਰਬਾਣੀ ਦੀ ਸਮਝ ਹੈ, ਜਿਸ ਕਰਕੇ ਅੱਜ ਗੁਰਦੁਆਰਿਆਂ ਵਿੱਚ ਅੰਧ ਵਿਸ਼ਵਾਸ਼, ਪਾਖੰਡ ਤੇ ਕਰਮਕਾਂਡ ਹੀ ਭਾਰੂ ਹਨ।

ਇਸ ਮੌਕੇ ਤੇ ਕੈਲਗਰੀ ਸ਼ਹਿਰ ਦੀਆਂ ਵੱਖ-ਵੱਖ ਸੰਸਥਾਵਾਂ ਦੇ ਨੁਮਾਇੰਦਿਆਂ ਤੇ ਅਨੇਕਾਂ ਨਾਮਵਰ ਸਖਸ਼ੀਅਤਾਂ ਵਲੋਂ ਸੈਮੀਨਾਰ ਦੀ ਹਾਜ਼ਰੀ ਭਰੀ।ਹਾਜ਼ਿਰ ਸਰੋਤਿਆਂ ਦਾ ਵਿਚਾਰ ਸੀ ਕਿ ਅਜਿਹੇ ਜਾਣਕਾਰੀ ਭਰਪੂਰ ਸੈਮੀਨਾਰ ਭਵਿੱਖ ਵਿੱਚ ਵੀ ਹੁੰਦੇ ਰਹਿਣੇ ਚਾਹੀਦੇ ਹਨ। ਸਾਡੇ ਗੁਰਦੁਆਰਿਆਂ ਵਿੱਚ ਕੁਝ ਅਜਿਹਾ ਰਿਵਾਜ ਚੱਲ ਪਿਆ ਹੈ ਕਿ ਪੇਸ਼ਾਵਰ ਪ੍ਰਚਾਰਕਾਂ ਜਾਂ ਡੇਰਿਆਂ ਵਾਲੇ ਬਾਬਿਆਂ ਨੂੰ ਹੀ ਅਹਿਮੀਅਤ ਦਿੱਤੀ ਜਾਂਦੀ ਹੈ ਤੇ ਨਿਸ਼ਕਾਮ ਵਿਦਵਾਨਾਂ ਜਾਂ ਪ੍ਰਚਾਰਕਾਂ ਦੀ ਕੋਈ ਕਦਰ ਨਹੀਂ। ਇਸੇ ਕਰਕੇ ਇਨਕਲਾਬੀ ਸਿੱਖ ਧਰਮ ਦਿਨੋ-ਦਿਨ ਪਿਛਾਂਹਖਿਚੂ ਤੇ ਕਰਮਕਾਂਡੀ ਬਣਦਾ ਜਾ ਰਿਹਾ ਹੈ। ਪ੍ਰੋਗਰਾਮ ਦੇ ਅਖੀਰ ਵਿੱਚ ਦੋਨਾਂ ਵਿਦਵਾਨਾਂ ਅਤੇ ਇੱਕ ਹੋਰ ਵਿਦਵਾਨ ਡਾ. ਪ੍ਰਤਾਪ ਸਿੰਘ ਮਦਾਨ (ਜਿਨ੍ਹਾਂ ਨੇ ਸ਼ਹਿਦ ਤੇ ਕਾਫੀ ਖੋਜ ਕੀਤੀ ਹੈ) ਦਾ ਵੱਖ-ਵੱਖ ਸੰਸਥਾਵਾਂ ਤੇ ਮੀਡੀਆ ਦੇ ਨੁਮਾਇੰਦਿਆਂ ਵਲੋਂ ਪਲੈਕਾਂ ਨਾਲ ਸਨਮਾਨ ਕੀਤਾ ਗਿਆ। ਬਾਅਦ ਵਿੱਚ ਵਿਦਵਾਨਾਂ ਵਲੋਂ ਸਰੋਤਿਆਂ ਵਲੋਂ ਪੁਛੇ ਸਵਾਲਾਂ ਦੇ ਜਵਾਬ ਵੀ ਦਿੱਤੇ ਗਏ।

SINGH & PARTNERS
LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Tel. : 285-7070
Barristers, Solicitors and Notary Public
Our law group practices in
IMMIGRATION
Applications for Family Class and APPEALS,
Skilled Workers, Investors, Refugee Claims
REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW
SMALL BUSINESS
Buying and Selling
Franchises, Shareholder
Agreements and Incorporations
FORMATION OF PUBLIC COMPANIES
PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals.
We donate part of our fees to Alberta Children Hospital.
* Experienced lawyers, caring, confidential
* Reasonable fees
* Free Initial Consultation
* Weekend & Evening Appointments (available upon request)

FOR ALL YOUR REAL ESTATE NEEDS
Contact Long time trusted name in the community
HARCHARAN SINGH PARHAR
* RESIDENTIAL * BUSINESS * LAND
* COMMERCIAL * INDUSTRIAL * INVESTMENT
403-681-8689
www.parharrealty.com
hp8689@gmail.com
ਰੀਅਲ ਅਸਟੇਟ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਜ਼ਰੂਰਤਾਂ ਲਈ ਸੰਪਰਕ ਕਰੋ।
* Free no obligation evaluation
* Full time commitment
* Assistance to arrange best mortgage rates
urban
1A-4101 19 ST N.E, CALGARY, AB T2E 6X8
Ph: 403-590-2233 Fax: 403-776-1942



Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (TI)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

FOR ALL YOUR REAL ESTATE NEEDS
Contact Long time trusted name in the community
Gurbachan Singh Brar
REALTOR
* RESIDENTIAL * BUSINESS * LAND
* COMMERCIAL * INDUSTRIAL * INVESTMENT
403-470-2628
gsbrar@gsbrar.com
www.gsbrar.com
ਰੀਅਲ ਅਸਟੇਟ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਜ਼ਰੂਰਤਾਂ ਲਈ ਸੰਪਰਕ ਕਰੋ।
* Free no obligation evaluation
* Full time commitment
* Assistance to arrange best mortgage rates
urban
1A-4101 19 ST N.E, CALGARY, AB T2E 6X8
Ph: 403-590-2233 Fax: 403-776-1942





# ਪ੍ਰੋਗਰੈਸਿਵ ਕਲਚਰਲ ਐਸੋਸ਼ੀਏਸ਼ਨ ਕੈਲਗਰੀ ਵੱਲੋਂ ਸਿਲਵਰ ਜੁਬਲੀ ਸਮਾਗਮ ਸਫਲਤਾ ਨਾਲ ਮਨਾਇਆ






## ਸੈਮੂਅਲ ਜੌਨ ਦੇ ਨਾਟਕਾਂ ਦੀ ਪ੍ਰਭਾਵਸ਼ਾਲੀ ਪੇਸ਼ਕਾਰੀ ਹੋਈ

- ਬਲਜਿੰਦਰ ਸੰਘਾ -

ਪ੍ਰੋਗਰੈਸਿਵ ਕਲਚਰਲ ਐਸੋਸ਼ੀਏਸ਼ਨ ਕੈਲਗਰੀ ਵੱਲੋਂ ਆਪਣਾ 25 ਸਾਲਾਂ ਸਿਲਵਰ ਜੁਬਲੀ ਸਮਾਗਮ ਸੇਂਟ ਕਾਲਜ ਦੇ ਔਰਫੀਅਸ ਥੀਏਟਰ ਵਿਚ ਸਫਲਤਾ ਪੂਰਵਕ ਮਨਾਇਆ ਗਿਆ। ਜਿਸ ਵਿਚ ਕੈਲਗਰੀ ਸ਼ਹਿਰ ਦੇ ਪਰਿਵਾਰਾਂ ਨੇ ਭਾਰੀ ਗਿਣਤੀ ਵਿਚ ਅਦਾਕਾਰ ਸੈਮੂਅਲ ਜੌਨ ਦੇ ਦੋ ਨਾਟਕਾਂ ਜੂਠ ਅਤੇ ਕਿਰਤੀ ਦਾ ਬੜੀ ਸੰਜੀਦਗੀ ਨਾਲ ਅਨੰਦ ਮਾਣਿਆ। ਪਹਿਲਾ ਇਕ ਪਾਤਰੀ ਨਾਟਕ ਜੂਠ ਜੋ ਓਮ ਪ੍ਰਕਾਸ਼ ਬਾਲਮੀਕੀ ਦੀ ਸਵੈ-ਜੀਵਨੀ ਦੇ ਅਧਾਰਿਤ ਬਲਰਾਮ ਦਾ ਲਿਖਿਆ ਹੋਇਆ ਹੈ ਸੈਮੂਅਲ ਜੌਨ ਦੀ ਅਦਾਕਾਰੀ ਨੇ ਅਜਿਹੇ ਢੰਗ ਨਾਲ ਦਰਸ਼ਕਾਂ ਮੂਹਰੇ ਰੱਖਿਆ ਕਿ ਜਾਤ-ਪਾਤ ਦੇ ਵਖਰੇਵੇਂ ਦਰਸਾਉਦਾਂ ਇਹ ਨਾਟਕ ਦੇਖਦੇ, ਸੁਣਦੇ, ਸਮਝਦੇ ਲਗਭਗ ਬਹੁਤੇ ਦਰਸ਼ਕ ਗੰਭੀਰ ਅਤੇ ਭਾਵੁਕ ਹੋ ਗਏ। ਇਸ ਨਾਟਕ ਵਿਚ ਗਰੀਬ ਪਰਿਵਾਰ ਦੇ ਲੜਕੇ ਦੀ ਕਹਾਣੀ ਹੈ ਕਿ ਕਿਸ ਤਰਾਂ ਕਿਸੇ ਨੂੰ ਬੋਲੇ ਜਾਤੀ-ਸੂਚਕ ਸ਼ਬਦ ਉਸਦੀ ਜਿੰਦਗੀਂ ਅਤੇ ਮਾਨਸਿਕਤਾ ਤੇ ਅਸਰ ਕਰਦੇ ਹਨ। ਇਹ ਨਾਟਕ ਜਾਤ-ਪਾਤ ਦੇ ਵਖਰੇਵੇਂ ਦਾ ਵਿਕਰਾਲ ਰੂਪ ਪੇਸ਼ ਕਰਦਾ ਹੈ ਜੋ ਅਜੇ ਵੀ ਜਾਰੀ ਹੈ। ਦੂਸਰਾ ਨਾਟਕ ਕਿਰਤੀ ਨਿਮਨ ਮੱਧਵਰਗੀ ਅਤੇ ਭੂਮੀਹੀਣ ਹੋ ਚੁੱਕੀ ਕਿਸਾਨੀ ਦੇ ਦੁਖਾਂਤ ਨੂੰ ਪੇਸ਼ ਕਰਦਾ ਸੀ ਕਿਸ ਤਰ੍ਹਾਂ ਇਹ ਨਿਮਨ ਮੱਧਰਵਗੀ ਲੋਕ ਆਪਣਾ ਅਤੇ ਪਰਿਵਾਰ ਦਾ ਜੀਵਨ ਪੱਧਰ ਉੱਪਰ ਚੁੱਕਣ ਲਈ ਹੱਥ-ਪੈਰ ਮਾਰਦੇ ਹਨ ਪਰ ਆਰਥਿਕ ਪੱਧਰ ਤੇ ਹੌਲੀ-ਹੌਲੀ ਹੇਠਾਂ ਖਿਸਕਦੇ ਜਾਂਦੇ ਤੇ ਗੱਲ ਫਾਹੇ ਲੈਣ ਤੱਕ ਪਹੁੰਚ ਜਾਂਦੀ ਹੈ। ਜੇਕਰ ਗੱਲ ਅਦਾਕਾਰੀ ਦੀ ਕਰੀਏ ਤਾਂ ਸੈਮੂਅਲ ਜੌਨ ਦਾ ਨਾਟਕ ਕਰਨ ਦਾ ਢੰਗ ਬੜਾ ਸਾਦਾ ਹੈ। ਉਹ ਬਿਨਾਂ ਲਾਈਟਿੰਗ, ਬਿਨਾ ਬੈਕਗਰਾਊਂਡ ਸੰਗੀਤ ਦੇ ਬੜੇ ਸਾਦੇ ਢੰਗ ਨਾਲ ਪਰਦੇ ਤੇ ਆਉਂਦਾ ਹੈ, ਆਪਣੀ ਸਾਦਗੀ ਭਰੀ ਤੇ ਲੋਕ ਦਿਲਾਂ ਦੀ ਗਹਿਰਾਈ ਵਿਚ ਲਹਿ ਜਾਣ ਵਾਲੀ ਅਦਾਕਾਰੀ ਨਾਲ ਦਰਸ਼ਕਾਂ ਨੂੰ ਆਪਣੇ ਨਾਲ ਜੋੜ ਲੈਂਦਾ ਹੈ। ਕਿਉਂਕਿ ਉਹ ਸਟੇਜ ਤੇ ਕੋਈ ਅਲੋਕਾਰ ਗੱਲਾਂ ਨਹੀਂ ਕਰਦਾ ਬਲਕਿ ਆਮ ਅਤੇ ਗਰੀਬ ਲੋਕਾਂ ਦੇ ਨਿੱਤ ਦਿਨ ਦੀ ਕਸ਼ਮਕਸ਼ ਅਤੇ ਮਾਨਸਿਕਤਾ ਹੀ ਉਸਦੇ ਨਾਟਕਾਂ ਦਾ ਵਿਸ਼ਾ ਹੈ। ਭਾਵ ਉਸਦਾ ਥੀਏਟਰ ਮੰਨੋਰੰਜਨ ਨਹੀਂ ਕਰਦਾ ਪਰ ਦਰਸ਼ਕ ਫਿਰ ਵੀ ਧੁਰ ਅੰਦਰ ਤੱਕ ਉਸਦੀ ਅਦਾਕਾਰੀ ਅਤੇ ਮਸਲੇ ਦੀ ਗੰਭੀਰਤਾਂ ਵਿਚ ਲਹਿ ਜਾਂਦੇ ਹਨ। ਇਸੇ ਤਰਾਂ ਕੈਲਗਰੀ ਦੇ ਦਰਸ਼ਕਾਂ ਨਾਲ ਭਰੇ ਔਰਫੀਅਸ ਥੀਏਟਰ ਵਿਚ ਹੋਇਆ। ਉਸ ਵੱਲੋਂ ਇਸ ਨਾਟਕ ਲਈ ਰਿਹਸਲਾਂ ਰਾਹੀਂ ਤਰਾਸ਼ੇ ਕੈਲਗਰੀ ਦੇ ਕਲਾਕਾਰ ਜੋ ਪਹਿਲਾਂ ਵੀ ਨਾਟਕਾਂ ਵਿਚ ਆਪਣੀ ਪ੍ਰਭਾਵਸ਼ਾਲੀ ਅਦਾਕਾਰੀ ਪੇਸ਼ ਕਰ ਚੁੱਕੇ ਹਨ ਜਿਸ ਵਿਚ ਜਸ਼ਨਪ੍ਰੀਤ ਗਿੱਲ, ਗੁਰਿੰਦਰਪਾਲ ਬਰਾੜ, ਨਵਕਿਰਨ ਢੁੱਡੀਕੇ ਨੇ ਆਪਣੇ ਕਿਰਦਾਰ ਬਾਖੂਬੀ ਨਿਭਾਏ। ਪ੍ਰੋਗਰੈਸਿਵ ਕਲਚਰਲ ਐਸੋਸ਼ੀਏਸ਼ਨ ਤਰ੍ਹਾਂ ਦੇ ਬਿਖੜੇ ਰਾਹਾਂ ਵਿਚੋਂ ਨਿਕਲਕੇ ਹੁਣ ਕੈਲਗਰੀ ਦੀ ਉਸਾਰੂ ਅਤੇ ਲੋਕਪੱਖੀ ਸੰਸਥਾਂ ਦੇ ਨਾਮ ਨਾਲ ਜਾਣੀ ਜਾਂਦੀ ਸਫਲ ਸੰਸਥਾਂ ਹੈ। ਇਸ ਲਈ ਇਸ 25 ਸਾਲਾਂ ਸਿਲਵਰ ਜੁਬਲੀ ਸਮਾਗਮ ਵਿਚ ਸੰਸਥਾਂ ਦੇ ਸਿਰੜੀ ਪ੍ਰਧਾਨ ਸੋਹਨ ਮਾਨ ਦਾ ਸਨਮਾਨ ਚਿੰਨ੍ਹ ਨਾਲ ਭਰੇ ਹਾਲ ਵਿਚ ਸਨਮਾਨ ਕੀਤਾ ਗਿਆ। ਸਿੱਖ ਵਿਰਸਾ ਮੈਗਜੀਨ ਅਤੇ ਸੰਸਥਾ ਵੱਲੋਂ ਸਨਮਾਨ ਚਿੰਨ ਦੇ ਕੇ ਸੈਮੂਅਲ ਜੌਨ ਦਾ ਸਨਮਾਨ ਕੀਤਾ ਗਿਆ। ਸੰਸਥਾਂ ਵੱਲੋਂ ਫੈਸਲਾ ਕੀਤਾ ਗਿਆ ਸੀ ਕਿ ਇਸ 25 ਸਾਲਾਂ ਸਿਲਵਰ ਜੁਬਲੀ ਸਮਾਗਮ ਲਈ ਕੋਈ ਸਪਾਂਸਰਸ਼ਿੱਪ ਨਹੀਂ ਲਈ ਜਾਵੇਗੀ। ਪਰ ਆਰਥਿਕ ਕਮਜ਼ੋਰੀ ਦੇ ਚੱਲਦਿਆਂ ਦ੍ਰਿੜ ਇਰਾਦੇ ਨਾਲ ਲੋਕਪੱਖੀ ਨਾਟਕ ਨਾਲ ਜੁੜੇ ਸੈਮੂਅਲ ਜੌਨ ਦੀ ਹਾਜ਼ਰੀਨ ਕੈਲਗਰੀ ਨਿਵਾਸੀਆਂ ਨੇ ਦਿਲ ਖੋਲ੍ਹਕੇ ਮਦਦ ਕੀਤੀ। ਜਿਸਦਾ ਸੰਸਥਾਂ ਦੇ ਸਕੱਤਰ ਮਾ.ਭਜਨ ਸਿੰਘ ਨੇ ਸਟੇਜ ਤੋ ਤਹਿ ਦਿਲੋਂ ਧੰਨਵਾਦ ਕੀਤਾ। ਅਗਾਂਹਵਧੂ ਸਾਹਿਤਕ ਕਿਤਾਬਾਂ ਦਾ ਸਟਾਲ ਵੀ ਲਗਾਇਆ ਗਿਆ। ਅਖੀਰ ਵਿਚ ਸਟੇਜ ਸੰਚਾਲਕ ਮਾ.ਭਜਨ ਸਿੰਘ ਨੇ ਸਹਿਯੋਗੀ ਮੀਡੀਏ, ਕੈਲਗਰੀ ਦੀਆਂ ਸਭਾ ਸੁਸਾਇਟੀਆਂ ਅਤੇ ਹਾਜ਼ਰ ਦਰਸ਼ਕਾਂ ਦਾ ਤਹਿ ਦਿਲੋ ਧੰਨਵਾਦ ਕੀਤਾ। ਪ੍ਰੋਗਰੈਸਿਵ ਕਲਚਰਲ ਐਸੋਸ਼ੀਏਸ਼ਨ ਦੇ ਕਾਰਜਕਾਰੀ ਮੈਂਬਰਾਂ ਅਤੇ ਹੋਰ ਬਹੁਤ ਸਾਰੇ ਵਲੰਟੀਅਰਾਂ ਨੇ ਇਸ ਸਮਾਗਮ ਨੂੰ ਸਫ਼ਲ ਕਰਨ ਵਿਚ ਹਰ ਤਰ੍ਹਾਂ ਦਾ ਯੋਗਦਾਨ ਪਾਇਆ। ਸੰਸਥਾਂ ਦਾ ਸਲਾਨਾ ਸੱਭਿਆਚਾਰਕ ਨਾਟਕ ਸਮਾਗਮ ਇਸ ਸਾਲ 26 ਸਤੰਬਰ ਨੂੰ ਹੋਵੇਗਾ। ਹੋਰ ਜਾਣਕਾਰੀ ਲਈ ਸਕੱਤਰ ਮਾ.ਭਜਨ ਸਿੰਘ ਨਾਲ 403-455-4220 ਜਾਂ ਪ੍ਰੋ.ਗੋਪਾਲ ਜੱਸਲ ਨਾਲ 403-970-3588 ਤੇ ਸਪੰਰਕ ਕੀਤਾ ਜਾ ਸਕਦਾ ਹੈ।


Hiring Drivers/Owners/Operators

GALAXY Frightline inc.

We Offer:
* Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time

We Require:
* 2 Years Experience
* Clean Current Abstract
* Ability to Cross Border
* Positive, Professional Attitude

For:
* GTA
* ON-QC
* ON-MB-AB-BC
* USA

TEL: 1-877-251-5299
FAX: 416-644-8882
EMAIL: dispatch@galaxyfreightline.com
www.galaxyfreightline.com
*1580 Britannia Road East *Mississauga *ON *L4W 1J2

1996 ਤੋਂ ਨਿਰਵਿਘਨ ਮਾਂ ਬੋਲੀ ਪੰਜਾਬੀ, ਗੁਰਬਾਣੀ ਦੀ ਵਿਚਾਰਧਾਰਾ ਅਤੇ ਮਾਨਵੀ ਕਦਰਾਂ-ਕੀਮਤਾਂ ਦੀ ਤਰਜ਼ਮਾਨੀ ਕਰਦਾ ਮਾਸਿਕ ਮੈਗਜੀਨ...

ਸਿੱਖ ਵਿਰਸਾ
ਸਾਡਾ ਵਿਰਸਾ

24 ਘੰਟੇ ਆਨ ਲਾਇਨ
ਰੇਡੀਓ ਸਾਂਝ
www.radiosanjh.com

Ph: 403-250-8898 Fax: 403-250-8825

Website : www.sikhvirsa.com, Email : virsa@sikhvirsa.com


GILL
Truck & Trailer Repair
and Mobile Service
OPEN 7 DAYS
A WEEK
Cell: 416.312.4707
Tel: 905.458.3455
Fax: 905.458.3456
04 Blair Dr.
Brampton, ON
L6P 2X5
gilltruckandtrailer@yahoo.com
Inderjit Gill
Heavy Duty Truck & Trailer
Mechanic


STAR★TUTORING
MATH & SCIENCE
GRADE 6 TO 12
ONTARIO CERTIFIED TEACHER
Punjabi Classes Also Available
647-891-8500


Village of India
Restaurant & Sweets
Tel : 905-450-3333 www.villageofindia.ca
*Open days a week *Pur Veg. Authentic Fine Indian Cuisine
PARTY HALL (up to 100 people)
Party Hall+Catering+Seating
Arrangement+Sound System+Lighting
*DINE IN * TAKE OUT *CATERING *SWEETS&SNACKS
114 Kennedy Road, South, Brampton, ON L6W 3E7
(Between Queen/HWY 7 & Steeles)


Kulwant Singh Pannu
Sales Representative
416.276.1566
k.pannu@hotmail.com
Century 21
Century 21 Green Realty Inc., Brokerage
REALTOR
Bus: 905.565.9565
Fax: 905.565.9522
24 Hour Pager Service
151 Superior Blvd. Unit 19-21
Mississauga ON L5T 1L2
M L S
Buy Green, Build Green...Save Environment!!!
Each office is independently owned and operated.
Trademarks of AIRMILES International Trading B.V.
used under license by Loyalty Management Group
Canada Inc. and Century 21 Canada Ltd.
Partnership


RushLube Inc.
Complete Truck Repairs & Truck
Wash with Drive Thru Truck Services
Jaskaranjit Singh (Jas)
TEL: 905 - 453 - 6344
FAX: 905 - 456 - 2065
EMAIL: rushlube@hotmail.com
32 Rutherford Road South
Brampton, ON, L6W 3J1


Brampton
www.BcVc.info
Brampton
Crematorium & Visitation Centre
30 Bramwin Court, Brampton, ON, L6T 5A9
ਫਿਊਨਰਲ ਹੋਮ
24/7
Service
Available
Inderjit S. Bal
416-666-7655
Tel: 905-458-2222


WE GETTHINGS DONE
Metro Immiaration
(Division of Metro Legal & Immigration Inc.)
*Family Sponsorship *Spousal *Super Visa *Visitor Visa
*Skilled Workers *Investors *PNP *Nannies *Business
Applicants *Student Visa *Work Permits (LMO) *Appeals
Head Office : 2355 Derry Rd. E *#12 Miss. *ON *L551V6
*905-673-1200 *1-800-694-133 India Office : 98148-66633
*Brampotn : 905-794-6003 *Toronto : 416-840-7554
*info@metroimmigration.com
*www.metroimmigration.com *www.metroimmigration.org
Suresh Gupta
Certified Immigration
Practitioner (RCIC)





# ਸੈਮੂਅਲ ਜੌਹਨ ਦੇ ਨਾਟਕਾਂ ਦੀ ਇਕ ਹੋਰ ਕਾਮਯਾਬ ਪੇਸ਼ਕਾਰੀ

**- ਨਵਦੀਪ ਸਿੱਧੂ-**

ਸ਼ੁਕਰਵਾਰ 17 ਅਪ੍ਰੈਲ 2015 ਨੂੰ ਨੌਰਥ ਡੈਲਟਾ ਸੈਕੰਡਰੀ ਸਕੂਲ ਵਿਚ ਸੈਮੂਅਲ ਜੌਹਨ ਤੇ ਉਸਦੀ ਟੀਮ ਵੱਲੋਂ ਦੋ ਨਾਟਕਾਂ -ਜੂਠ ਅਤੇ ਕਿਰਤੀ ਦਾ ਮੰਚਨ ਕੀਤਾ ਗਿਆ। 'ਰੰਗ-ਮੰਚ ਪੰਜਾਬੀ ਥੀਏਟਰ' ਵੱਲੋਂ ਕਰਵਾਏ ਗਏ ਇਨ੍ਹਾਂ ਨਾਟਕਾਂ ਨੂੰ ਦਰਸ਼ਕਾਂ ਵੱਲੋਂ ਨਿੱਘਾ ਹੁੰਗਾਰਾ ਮਿਲਿਆ। ਪ੍ਰੋਗਰਾਮ ਦੇ ਸ਼ੁਰੂ ਵਿਚ ਕਵਾਂਟਲਿਨ ਪੌਲੀਟਿਕਨਿਕ ਯੂਨੀਵਰਸਿਟੀ ਵਿਚ ਪੰਜਾਬੀ ਅਧਿਆਪਕਾ ਰਣਬੀਰ ਜੌਹਲ ਨੇ ਰੰਗ-ਮੰਚ ਪੰਜਾਬੀ ਥੀਏਟਰ ਦੀਆਂ ਗਤੀ ਵਿਧੀਆਂ ਬਾਰੇ ਦਰਸ਼ਕਾਂ ਨੂੰ ਜਾਣੂੰ ਕਰਵਾਇਆ।



ਸੈਮੂਅਲ ਜੌਹਨ ਵਲੋਂ ਕੀਤਾ ਗਿਆ ਪਹਿਲਾ ਨਾਟਕ ਪ੍ਰਸਿੱਧ ਹਿੰਦੀ ਦਲਿਤ ਲੇਖਕ ਓਮ ਪ੍ਰਕਾਸ਼ ਬਾਲਮੀਕੀ ਦੀ ਜੀਵਨੀ 'ਜੂਠ' 'ਤੇ ਅਧਾਰਤ ਸੀ। ਇਸ ਨਾਟਕ ਵਿਚ ਸੈਮੂਅਲ ਜੌਹਨ ਨੇ ਆਪਣੀ ਕਲਾ ਅਤੇ ਆਵਾਜ਼ ਦੀ ਸ਼ਕਤੀ ਨਾਲ ਓਮ ਪ੍ਰਕਾਸ਼ ਬਾਲਮੀਕੀ ਦੀ ਜਾਤ-ਪਾਤ ਕਾਰਨ ਨਰਕ ਬਣੀ ਜ਼ਿੰਦਗੀ ਨੂੰ ਦਰਸ਼ਕਾਂ ਦੇ ਸਾਹਮਣੇ ਜੀਵਤ ਕਰ ਦਿੱਤਾ। ਉਸ ਦੀ ਇਸ ਪੇਸ਼ਕਾਰੀ ਨੂੰ ਦਰਸ਼ਕਾਂ ਵੱਲੋਂ ਬਹੁਤ ਸਲਾਹਿਆ ਗਿਆ। ਦੂਜਾ ਨਾਟਕ 'ਕਿਰਤੀ' ਬੇਜ਼ਮੀਨ ਹੋਏ ਕਿਸਾਨ ਦੇ ਖੇਤ ਕਾਮਾ ਬਣਨ ਨੂੰ ਬਿਆਨ ਕਰਦਾ ਹੈ। ਇਸ ਨਾਟਕ ਵਿਚ ਸੈਮੂਅਲ ਜੌਹਨ ਦੇ ਨਾਲ ਸਥਾਨਕ ਕਲਾਕਾਰ ਰੁਪਿੰਦਰ ਸ਼ਰਮਾ, ਮੀਰਾਂ ਗਿੱਲ ਤੇ ਹਰਜੀਤ ਸਹੋਤਾ ਸ਼ਾਮਲ ਸਨ। ਅਜੋਕੇ ਪੰਜਾਬ ਵਿਚ ਗਰੀਬ ਕਿਸਾਨਾਂ ਦੀ ਹਾਲਤ ਅਤੇ ਜਾਤਪਾਤ ਦੀ ਘਿਨੌਣੀ ਤਸਵੀਰ ਉਘਾੜਦਾ ਇਹ ਨਾਟਕ ਵੀ ਦਰਸ਼ਕਾਂ ਵਲੋਂ ਬੇਹੱਦ ਪਸੰਦ ਕੀਤਾ ਗਿਆ। ਇਸ ਨਾਟਕ ਵਿਚ ਸੈਮੂਅਲ ਦੇ ਨਾਲ ਨਾਲ ਸਹਿਯੋਗੀ ਕਲਾਕਾਰਾਂ ਨੇ ਵੀ ਸ਼ਾਨਦਾਰ ਤੇ ਜਾਨਦਾਰ ਭੂਮਿਕਾਵਾਂ ਨਿਭਾਈਆਂ।

ਯੂ ਬੀ ਸੀ ਵਿਚ ਪੰਜਾਬੀ ਪੜ੍ਹਾ ਰਹੇ ਸੁਖਵੰਤ ਹੁੰਦਲ ਹੋਰਾਂ ਸੈਮੂਅਲ ਜੌਹਨ ਵਲੋਂ ਪੰਜਾਬ ਵਿਚ ਦਲਿਤ ਭਾਈਚਾਰੇ ਦੇ ਮਸਲਿਆਂ ਨੂੰ ਉਭਾਰਨ ਲਈ ਕੀਤੇ ਜਾ ਰਹੇ ਨਵੀਂ ਪਹੁੰਚ ਵਾਲੇ ਰੰਗ-ਮੰਚ ਬਾਰੇ ਦੱਸਿਆ। ਉਨ੍ਹਾਂ ਦੱਸਿਆ ਕਿ ਸੈਮੂਅਲ ਜੌਹਨ ਦਲਿਤ ਵੇਹੜਿਆਂ ਵਿਚ ਜਾ ਕੇ ਖੁਦ ਲੋਕਾਂ ਨੂੰ ਨਾਲ ਲੈ ਕੇ ਉਨ੍ਹਾਂ ਦੇ ਜੀਵਨ ਬਾਰੇ ਰੰਗ ਮੰਚ ਕਰ ਰਹੇ ਹਨ ਜੋ ਆਪਣੇ ਆਪ ਵਿਚ ਇਕ ਵਿਲੱਖਣ ਕੰਮ ਹੈ। ਇਸ ਪਹੁੰਚ ਨਾਲ ਜਿੱਥੇ ਉਹ ਲੋਕਾਂ ਨੂੰ ਉਨ੍ਹਾਂ ਦੇ ਦਰਪੇਸ਼ ਮਸਲਿਆਂ ਤੋਂ ਚੇਤਨ ਕਰ ਰਹੇ ਹਨ ਉੱਥੇ ਨਾਲ ਹੀ ਲੋਕਾਂ ਨੂੰ ਰੰਗ-ਮੰਚ ਵਰਗੀ ਕਲਾ ਨਾਲ ਵੀ ਜੋੜ ਰਹੇ ਹਨ।
















# ਹਿੰਦੋਸਤਾਨ 'ਚ ਘੱਟ ਗਿਣਤੀਆਂ ਦੀ ਸੁਰੱਖਿਆ ਦਾ ਸਵਾਲ

- **ਆਜ਼ਾਦੀ ਦੇ ਪਰਵਾਨਿਆਂ ਦੀ ਸੋਚ ਦੇ ਭਾਰਤ ਤੋਂ ਅਜੇ ਅਸੀਂ ਕੋਹਾਂ ਦੂਰ ਹਾਂ**
- **ਸ਼ਹੀਦਾਂ ਦੇ ਸੁਪਨਿਆਂ ਦੇ ਭਾਰਤ ਦੀ ਉਹ ਤਸਵੀਰ ਕਾਇਮ ਨਹੀਂ ਕਰ ਸਕੇ**

**ਗੁਰਮੀਤ ਸਿੰਘ ਪਲਾਹੀ**

ਜਿਵੇਂ ਜਗੀਰੂ ਰੁਚੀਆਂ ਵਾਲੇ ਧਨੀ ਕਿਸਮ ਦੇ ਲੋਕ, ਕਮਜ਼ੋਰ, ਪਛੜੇ ਲੋਕਾਂ ਨੂੰ ਕਿਸੇ ਨਾ ਕਿਸੇ ਢੰਗ ਨਾਲ ਮਿੱਧ ਕੇ, ਉਨ੍ਹਾਂ ਉਤੇ ਆਪਣੀ ਆਕੜ, ਹੈਂਕੜ ਕਾਇਮ ਰੱਖਦੇ ਹਨ। ਆਪਣਾ ਦਬ ਦਬਾਅ ਬਨਾਉਣ, ਹਰ ਹੀਲੇ ਆਪਣੀ ਚੌਧਰ ਕਾਇਮ ਰੱਖਣ ਲਈ ਉਹ ਹਰ ਹਰਬਾ ਵਰਤਦੇ ਹਨ। ਉਵੇਂ ਹੀ ਦੇਸ਼ ਦੇ ਹਿੰਦੂ ਕੱਟੜ ਪੰਥੀ ਦੇਸ਼ ਦੇ ਘੱਟ ਗਿਣਤੀ ਲੋਕਾਂ ਉਤੇ ਆਪਣਾ ਰੋਹਬ ਬਣਾਕੇ ਉਨ੍ਹਾਂ ਦੇ ਮਨੁੱਖੀ ਅਧਿਕਾਰ ਖੋਹਕੇ, ਉਨ੍ਹਾਂ ਨੂੰ ਅਜ਼ਾਦੀ ਨਾਲ ਵਿਚਰਣ, ਬੋਲਣ ਅਤੇ ਵਿਕਸਤ ਹੋਣ ਤੋਂ ਰੋਕਣ ਲਈ ਕੁਝ ਵੀ ਕਰਨ ਨੂੰ ਤਿਆਰ ਰਹਿੰਦੇ ਹਨ।

ਦੇਸ਼ ਵਿੱਚ ਸਮੇਂ ਸਮੇਂ ਤੇ ਵਾਪਰੀਆਂ ਫਿਰਕੂ ਕਤਲੇਆਮ, ਬੁਛਾਗਰਦੀ, ਲੁੱਟ ਖੋਹ, ਘੱਟ ਗਿਣਤੀ ਫਿਰਕੇ ਦੀਆਂ ਔਰਤਾਂ ਨਾਲ ਸਮੂਹਿਕ ਬਲਾਤਕਾਰ ਦੀਆਂ ਹਿਰਦੇ ਵੇਦਕ ਸ਼ਰਮਨਾਕ ਘਟਨਾਵਾਂ, ਨੇ ਦੇਸ਼'ਚ ਵਸਦੇ ਘੱਟ ਗਿਣਤੀ ਲੋਕਾਂ'ਚ ਸਦਾ ਹੀ ਅਸੁਰੱਖਿਆ ਪੈਦਾ ਕੀਤੀ ਰੱਖੀ ਹੈ। ਇਹ ਅਸੁਰੱਖਿਅਤਾ ਦੀ ਭਾਵਨਾ ਨਵੀਂ ਭਾਜਪਾ ਸਰਕਾਰ ਦੇ ਹੋਂਦ ਵਿੱਚ ਆਉਣ ਉਪਰੰਤ ਹੋਰ ਵੀ ਤਿੱਖੀ ਤੇ ਤੇਜ਼ ਹੋਈ ਹੈ, ਕਿਉਂਕਿ ਆਰ.ਐਸ.ਐਸ, ਸ਼ਿਵ ਸੈਨਾ, ਬਜਰੰਗ ਦਲ ਵਰਗੇ ਹਿੰਦੂ ਸੰਗਠਨਾਂ ਨੇ ਦੇਸ਼ ਦੇ ਲੋਕਾਂ ਉਤੇ ਆਪਣਾ ਹਿੰਦੂਤਵ ਦਾ ਲੁਕਵਾਂ ਏਜੰਡਾ ਲਾਗੂ ਕਰਨ ਦੇ ਯਤਨ ਸਰਕਾਰੀ ਅਤੇ ਗੈਰ-ਸਰਕਾਰੀ ਪੱਧਰ ਉੱਤੇ ਤੇਜ ਕਰ ਦਿਤੇ ਹੋਏ ਹਨ। ਜੇਕਰ ਇਹ ਅਜੰਡਾ ਪ੍ਰਤੱਖ, ਅਪ੍ਰਤੱਖ ਰੂਪ ਵਿੱਚ ਦੇਸ਼'ਚ ਜੇਕਰ ਲਾਗੂ ਹੋ ਜਾਏਗਾ ਤਾਂ ਦੇਸ਼ ਦੀ ਧਰਮ ਨਿਰਪੱਖ ਸ਼ਵੀ ਦਾ ਕੀ ਬਣੇਗਾ?

ਹਿੰਦੋਸਤਾਨ ਸਰਕਾਰ ਵਲੋਂ ਹਿੰਦੋਸਤਾਨ ਵਿੱਚ ਮੁਸਲਮਾਨਾਂ, ਸਿੱਖਾਂ, ਇਸਾਈਆਂ, ਬੋਧੀਆਂ, ਪਾਰਸੀਆਂ ਅਤੇ ਜੈਨੀਆਂ ਨੂੰ ਧਾਰਮਿਕ ਪੱਖੋਂ ਘੱਟ ਗਿਣਤੀਆਂ ਵਜੋਂ ਪ੍ਰਵਾਨਤ ਕੀਤਾ ਗਿਆ ਹੈ। ਦੇਸ਼ ਦੀ 2014 ਸਾਲ ਦੀ ਕੁਲ ਅਬਾਦੀ 1 ਅਰਬ 27 ਕਰੋੜ ਹੈ। ਦੁਨੀਆਂ ਭਰ ਦੇ 97% ਜੈਨੀ, 90% ਸਿੱਖ, 87% ਹਿੰਦੂ, 50% ਪਾਰਸੀ, 20% ਸ਼ੀਆ ਮੁਸਲਿਮ , 10% ਮੁਸਲਿਮ, 5% ਅਹਿਮਦੀ, 2% ਬੋਧੀ ਅਤੇ 1% ਈਸਾਈ ਭਾਰਤ ਵਿੱਚ ਵਸਦੇ ਹਨ।

ਦੇਸ਼ ਦੀ ਕੁਲ ਅਬਾਦੀ ਦਾ 78.35% ਹਿੰਦੂ, 14.2% ਮੁਸਲਿਮ ਹਨ ਅਤੇ ਬਾਕੀ ਹੋਰ ਘੱਟ ਗਿਣਤੀ ਧਰਮਾਂ ਦੇ ਲੋਕ! ਦੇਸ਼ ਵਿੱਚ ਹਿੰਦੂਆਂ ਦੀ ਅਬਾਦੀ ਜੋ 1951 ਵਿੱਚ 84.1 ਪ੍ਰਤੀਸ਼ਤ ਸੀ ਹੁਣ 78.35% ਰਹਿ ਗਈ ਹੈ। ਜਦਕਿ ਮੁਸਲਿਮ ਅਬਾਦੀ ਜੋ 1951 ਵਿੱਚ 9.8 ਸੀ ਹੁਣ 14.2% ਹੋ ਗਈ ਹੈ। ਬਾਕੀ ਧਰਮਾਂ ਦੀ ਅਬਾਦੀ ਵਿੱਚ ਕੋਈ ਬਹੁਤਾ ਵਰਨਣ ਯੋਗ ਵਾਧਾ ਘਾਟਾ ਨਹੀਂ ਹੋਇਆ।

ਵਸ਼ਿੰਗਟਨ ਸਥਿਤ ਇੱਕ ਨਿਰਪੱਖ ਖੋਜੀ ਸੰਸਥਾ "ਪੀਊ ਰਿਸਰਚ ਸੈਂਟਰ" ਨੇ ਆਪਣੀ ਇੱਕ ਰਿਪੋਰਟ ਵਿੱਚ ਦੱਸਿਆ ਹੈ ਕਿ ਸਾਲ 2050 ਤੱਕ ਵਿਸ਼ਵ ਭਰ ਵਿੱਚ ਹਿੰਦੂਆਂ ਦੀ ਅਬਾਦੀ ਇੱਕ ਅਰਬ 40 ਕਰੋੜ ਹੋ ਜਾਵੇਗੀ ਅਰਥਾਤ ਦੁਨੀਆਂ ਦੀ ਕੁਲ ਵਸੋਂ ਦਾ 15%। ਸਾਲ 2010 ਤੋਂ 2050 ਦੇ ਦੌਰਾਨ ਯੂਰਪੀ ਦੇਸ਼ਾਂ'ਚ ਹਿੰਦੂਆਂ ਦੀ ਗਿਣਤੀ ਦੁਗਣੀ ਹੋ ਜਾਵੇਗੀ। ਭਾਰਤ ਵਿੱਚ ਇਸ ਸਮੇਂ ਦੌਰਾਨ ਵੀ ਹਿੰਦੂ ਬਹੁਗਿਣਤੀ ਵਿੱਚ ਰਹਿਣਗੇ। ਮੁਸਲਿਮ ਬਹੁਲਤਾ ਵਾਲੇ ਦੇਸ਼ ਇੰਡੋਨੇਸ਼ੀਆਂ ਦੀ ਅਬਾਦੀ ਨੂੰ ਪਾਰ ਕਰਕੇ ਭਾਰਤ ਵਿੱਚ ਮੁਸਲਿਮ ਅਬਾਦੀ ਇੰਡੋਨੇਸ਼ੀਆਂ ਦੇ ਮੁਸਲਮਾਨਾਂ ਨਾਲੋਂ ਵੱਧ ਜਾਏਗੀ। ਇੰਜ ਜਿਥੇ ਭਾਰਤ ਵਿੱਚ ਹਿੰਦੂ ਅਬਾਦੀ ਦੁਨੀਆਂ ਭਰ 'ਚ ਸਭ ਤੋਂ ਵੱਧ ਹੋਵੇਗੀ, ਉਥੇ ਮੁਸਲਿਮ ਅਬਾਦੀ ਵੀ ਦੁਨੀਆਂ ਭਰ ਵਿੱਚ ਗਿਣਤੀ ਦੇ ਹਿਸਾਬ ਨਾਲ ਸਭ ਤੋਂ ਵੱਧ ਬਣ ਜਾਵੇਗੀ। ਇਸ ਖੋਜ਼ ਅਨੁਸਾਰ ਹਿੰਦੂ ਔਰਤਾਂ 2.4 ਬੱਚੇ ਪੈਦਾ ਕਰਦੀਆਂ ਹਨ, ਜਦਕਿ ਦੁਨੀਆਂ ਦੀਆਂ ਔਰਤਾਂ ਦੀ ਬੱਚੇ ਪੈਦਾ ਕਰਨ ਦੀ ਔਸਤ 2.5 ਬੱਚੇ ਹੈ। ਹਿੰਦੂ ਔਰਤਾਂ ਦੀ ਬੱਚੇ ਪੈਦਾ ਕਰਨ ਦੀ ਸਮਰਥਾ ਮੁਸਲਮਾਨ ਅਤੇ ਈਸਾਈ ਔਰਤਾਂ ਨਾਲ ਘੱਟ ਅਤੇ ਬੋਧੀਆਂ ਪਾਰਸੀਆਂ ਨਾਲੋਂ ਵੱਧ ਹੈ।

ਸ਼ਾਇਦ ਇਹੋ ਜਿਹੀ ਸਥਿਤੀ ਨੂੰ ਭਾਂਪਦਿਆਂ ਹੀ ਹਿੰਦੀ, ਹਿੰਦੂ, ਹਿੰਦੋਸਤਾਨ ਦਾ ਨਾਹਰਾ ਦੇਣ ਵਾਲੇ ਅਤੇ ਭਾਰਤ ਨੂੰ ਸਿਰਫ ਹਿੰਦੂਆਂ ਦਾ ਦੇਸ਼ ਮੰਨਣ ਜਾਂ ਬਨਾਉਣ ਵਾਲੇ ਕੱਟੜ ਹਿੰਦੂ, ਅਜ਼ੀਬ ਕਿਸਮ ਦੇ ਬਿਆਨ ਦਿੰਦੇ ਹਨ। ਹਿੰਦੂ, ਮੁਸਲਮਾਨਾਂ ਤੇ ਈਸਾਈਆਂ ਦੀ ਵੱਧਦੀ ਅਬਾਦੀ ਦੇ ਮੱਦੇ ਨਜ਼ਰ ਇਨ੍ਹਾਂ ਦੇ ਮਰਦਾਂ ਦੀ ਨਸਬੰਦੀ ਕਰਵਾਉਣੀਚਾਹੀਦੀ ਹੈ ਤਾਂ ਜੋ ਇਨ੍ਹਾਂ ਧਰਮਾਂ ਦੀ ਅਬਾਦੀ ਵੱਧ ਨਾ ਸਕੇ। ਇਸ ਬਿਆਨ ਤੋਂ ਪਹਿਲਾਂ ਸਾਧਵੀ ਪ੍ਰਾਚੀ, ਰਿਤੰਬਰਾ, ਬਾਲਿਕਾ ਆਦਿ ਨੇ ਵੀ ਅਜਿਹੇ ਬਿਆਨ ਦਿਤੇ ਹਨ। ਉਧਰ ਸ਼ਿਵ ਸੈਨਾ ਦੇ ਸੰਸਦ ਮੈਂਬਰ ਸੰਜੇ ਰਾਊਤ ਦੀ ਰਾਇ ਹੈ ਕਿ ਮੁਸਲਮਾਨ ਭਾਈਚਾਰੇ ਤੋਂ ਵੋਟ ਪਾਉਣ ਦਾ ਹੱਕ ਖੋਹ ਲੈਣਾ ਚਾਹੀਦਾ ਹੈ। ਭਾਜਪਾ ਦੇ ਸਾਕਸ਼ੀ ਮਹਾਰਾਜ ਨੇ ਇਹ ਬਿਆਨ ਦੇ ਕੇ ਸਿਰਾ ਹੀ ਲਗਾ ਦਿਤਾ ਕਿ ਚਾਰ ਬੀਵੀਆਂ ਤੇ 40 ਔਲਾਦਾਂ ਵਾਲੇ ਜ਼ਮਾਨੇ ਲੱਦ ਗਏ ਹਨ। ਉਨ੍ਹਾਂ ਕਿਹਾ ਕਿ ਜੇਕਰ ਅਸੀ ਚਾਰ ਬੱਚੇ ਪੈਦਾ ਕਰਨ ਦੀ ਗੱਲ ਕਰੀਏ ਤਾਂ ਰੋੜਕਾ ਪੈ ਜਾਂਦਾ ਹੈ। ਜਦਕਿ 4 ਬੀਵੀਆਂ ਅਤੇ 40 ਬੱਚੇ ਪੈਦਾ ਕਰਨ ਵਾਲਿਆਂ ਨੂੰ ਕੋਈ ਕੁਝ ਨਹੀਂ ਕਹਿੰਦਾ। ਉਨ੍ਹਾਂ ਇਹ ਵੀ ਕਿਹਾ ਕਿ ਪੂਰੇ ਮੁਲਕ ਵਿੱਚ ਪਰਿਵਾਰ ਨਿਯੋਜਨ ਨੂੰ ਲੈਕੇ ਇੱਕ ਵਿਧਾਨ ਲਾਗੂ ਕਰਨਾ ਚਾਹੀਦਾ ਹੈ ਅਤੇ ਜਿਹੜਾ ਉਸਦੀ ਪਾਲਣਾ ਨਹੀਂ ਕਰਦਾ , ਨੂੰ ਵੋਟ ਦੇ ਹੱਕ ਤੋਂ ਵਾਂਝੇ ਕਰ ਦੇਣਾ ਚਾਹੀਦਾ ਹੈ।

ਇਹੋ ਜਿਹੇ ਕੱਟੜ ਕਿਸਮ ਦੇ ਬਿਆਨਾਂ ਤੋਂ ਪ੍ਰੇਰਿਤ ਹੋਕੇ ਹੀ ਕੱਟੜ ਪੰਥੀਆਂ ਵਲੋਂ ਸਮੇਂ ਸਮੇਂ ਤੇ ਦੇਸ਼ ਭਰ ਵਿੱਚ ਘੱਟ ਗਿਣਤੀਆਂ ਉੱਤੇ ਹਮਲੇ ਹੁੰਦੇ ਰਹੇ ਹਨ। ਕਿਧਰੇ ਈਸਾਈ ਪ੍ਰਚਾਰਕਾਂ ਨੂੰ ਮਾਰਿਆ ਗਿਆ, ਕਿਧਰੇ ਮੁਸਲਮਾਨਾਂ ਉਤੇ ਹਮਲੇ ਹੋਏ। ਸਿੱਖਾਂ ਦੇ ਧਾਰਮਿਕ ਸੰਸਥਾਨਾਂ ਨੂੰ ਵੀ ਬਖਸ਼ਿਆ ਨਹੀਂ ਗਿਆ। ਯੂਨਾਈਟਿਡ ਸਟੇਟਸ ਕਮਿਸ਼ਨ ਫਾਰ ਇੰਟਰਨੈਸ਼ਨਲ ਰਿਲੀਜੀਅਸ ਫਰੀਡਮ ਦੀ ਰਿਪੋਰਟ ਅਨੁਸਾਰ ਪਿਛਲੇ ਇੱਕ ਸਾਲ ਵਿੱਚ ਭਾਰਤ'ਚ ਘੱਟ ਗਿਣਤੀਆਂ ਉਤੇ ਹਮਲੇ ਵਧੇ ਹਨ। ਇਹ ਹਮਲੇ ਆਮ ਤੌਰ'ਤੇ ਉਨ੍ਹਾਂ ਕੱਟੜਵਾਦੀ ਹਿੰਦੂਆਂ ਦੇ ਗਰੁੱਪਾਂ ਵਲੋਂ ਘੱਟ ਗਿਣਤੀਆਂ ਉਤੇ ਕੀਤੇ ਜਾਂਦੇ ਹਨ, ਜਿਹੜੇ ਭਾਰਤ ਨੂੰ ਹਿੰਦੂਆਂ ਦਾ ਦੇਸ਼ ਮੰਨਦੇ ਹਨ ਅਤੇ ਦੂਜੇ ਧਰਮਾਂ ਵਾਲਿਆਂ ਨੂੰ ਦੋ ਨੰਬਰ ਦੇ ਸ਼ਹਿਰੀ ।

ਇਸ ਰਿਪੋਰਟ ਅਨੁਸਾਰ ਪਿਛਲੇ ਕੁਝ ਸਾਲਾਂ ਵਿੱਚ ਈਸਾਈਆਂ ਉਤੇ ਭਾਰਤ ਵਿੱਚ 150 ਹਿੰਸਕ ਹਮਲੇ ਕੱਟੜ ਹਿੰਦੂ ਗਰੁੱਪਾਂ ਵਲੋਂ ਈਸਾਈਆਂ ਵਿਰੁੱਧ ਸਾਲ 1964 ਤੋਂ 1996 ਤੱਕ 38, ਸਾਲ 1997 ਵਿੱਚ 24, ਸਾਲ 1998 ਵਿੱਚ 90 ਹਿੰਸਕ ਘਟਨਾਵਾਂ ਵਾਪਰੀਆਂ। ਇਨ੍ਹਾਂ ਘਟਨਾਵਾਂ ਦਾ ਮੁੱਖ ਕਾਰਨ ਸੰਘ ਪਰਿਵਾਰ ਵਲੋਂ "ਧਰਮ ਪਰਿਵਰਤਨ" ਦਰਸਾਇਆ ਗਿਆ। ਇਹ ਘਟਨਾਵਾਂ ਗੁਜਰਾਤ, ਮਹਾਂਰਾਸ਼ਟਰ, ਉਤਰ ਪ੍ਰਦੇਸ਼, ਮੱਧ ਪ੍ਰਦੇਸ਼ ਅਤੇ ਇਥੋਂ ਤੱਕ ਕਿ ਦੇਸ਼ ਦੇ ਦਿਲ "ਦਿਲੀ 'ਚ ਵੀ ਵਾਪਰੀਆਂ। 2008 ਵਿੱਚ ਕੇਰਲਾ 'ਚ ਦੋ ਚਰਚ ਜਲਾਏ ਗਏ, 2000 ਵਿੱਚ ਚਾਰ ਚਰਚਾਂ ਉਤੇ ਬੰਬ ਸੁੱਟੇ ਗਏ। ਮੋਦੀ ਸਰਕਾਰ ਦੀ ਆਮਦ ਤੋਂ ਬਾਅਦ ਦਿਲੀ ਦੇ ਕਈ ਚਰਚਾਂ ਤੇ ਹਮਲੇ ਹੋਏ, ਫਰਵਰੀ 2015'ਚ ਮੰਗਲੌਰ 'ਚ ਇੱਕ ਚਰਚ ਤਬਾਹ ਕਰਨ ਦਾ ਯਤਨ ਹੋਇਆ। ਪੱਛਮੀ ਬੰਗਾਲ ਵਿੱਚ ਇੱਕ 71 ਸਾਲਾ ਈਸਾਈ ਨੰਨ ਦਾ ਸਮੂਹਿਕ ਬਲਾਤਕਾਰ ਹੋਇਆ। ਹਿੰਦੂਆਂ ਦੀਆਂ ਮੁੱਖ ਸੰਸਥਾਵਾਂ ਵਿਸ਼ਵ ਹਿੰਦੂ ਪ੍ਰੀਸ਼ਦ, ਬਜਰੰਗ ਦਲ, ਆਰ. ਐਸ. ਐਸ. ਵਲੋਂ ਮੁਸਲਮਾਨਾਂ ਤੇ ਈਸਾਈ ਪ੍ਰਚਾਰਕਾਂ ਵਿਰੁੱਧ ਸ਼ਬਦੀ ਹਮਲੇ ਤੇਜ ਹੋਏ ਹਨ। ਈਸਾਈਆਂ ਉਤੇ ਹਮਲਿਆਂ ਪ੍ਰਤੀ ਦੇਸ਼ ਦੇ ਘੱਟ ਗਿਣਤੀ ਕਮਿਸ਼ਨ ਨੇ ਬਜਰੰਗ ਦਲ ਵਲੋਂ ਕਰਨਾਟਕ ਵਿੱਚ ਕੀਤੇ ਈਸਾਈਆਂ ਤੇ ਹਮਲਿਆਂ ਲਈ ਸੂਬਾ ਸਰਕਾਰ ਵਲੋਂ ਘੱਟ ਗਿਣਤੀਆਂ ਦੀ ਸੁਰੱਖਿਆ ਨਾ ਦਿਤੇ ਜਾਣ ਤੇ ਚਿੰਤਾ ਪ੍ਰਗਟ ਕੀਤੀ ਹੈ।

ਗੁਜਰਾਤ ਦੇ ਗੋਧਰਾ ਕਾਂਡ'ਚ ਮੁਸਲਿਮਾਂ ਵਿਰੁੱਧ ਹਿੰਸਾ ਅਤੇ ਦਿੱਲੀ ਤੇ ਦੇਸ਼ ਦੇ ਹੋਰ ਹਿੱਸਿਆਂ 'ਚ 1984 ਦੇ ਸਿੱਖ ਕਤਲੇਆਮ ਨੇ ਦੇਸ਼ ਦੀਆਂ ਘੱਟ ਗਿਣਤੀਆਂ ਵਿੱਚ ਅਸੁਰੱਖਿਆ ਦੀ ਭਾਵਨਾ ਪੈਦਾ ਕੀਤੀ ਹੋਈ ਹੈ। ਅਜ਼ਾਦੀ ਤੋਂ ਬਾਅਦ ਦੇਸ਼ ਵਿੱਚ ਵਾਪਰੀਆਂ ਇਨ੍ਹਾਂ ਘਟਨਾਵਾਂ ਨੇ ਦੇਸ਼ ਨੂੰ ਤਾਂ ਸ਼ਰਮਸਾਰ ਕੀਤਾ ਹੀ, ਪਰ ਲੰਮਾ ਸਮਾਂ ਬੀਤਣ ਬਾਅਦ ਵੀ ਦੋਸ਼ੀਆਂ ਨੂੰ ਸਜ਼ਾਵਾਂ ਨਾ ਮਿਲਣ ਕਾਰਨ ਦੇਸ਼ ਵਿੱਚ ਘੱਟ ਗਿਣਤੀ ਫਿਰਕਿਆਂ ਵਿੱਚ ਅਸੁਰੱਖਿਆ ਦੇ ਨਾਲ ਨਾਲ, ਅਵਿਸ਼ਵਾਸ ਦੀ ਭਾਵਨਾ ਵਧੀ ਅਤੇ ਡਰ, ਚਿੰਤਾ, ਨਾ ਬਰਾਬਰਤਾ ਦੀ ਭਾਵਨਾ ਵੀ ਪੈਦਾ ਹੋਈ, ਜਿਸਦੇ ਸਿੱਟੇ ਵਜੋਂ ਸਵੈ-ਸੁਰੱਖਿਆ ਲਈ ਇਨ੍ਹਾਂ ਫਿਰਕਿਆਂ, ਧਰਮਾਂ'ਚ ਵੀ ਕੱਟੜ ਪੰਥੀ ਗਰੁੱਪ ਉਭਰੇ, ਜਿਸ ਨਾਲ ਕਈ ਥਾਂਈ ਫਿਰਕਿਆਂ'ਚ ਆਪਸੀ ਟੱਕਰ ਦੇ ਆਸਾਰ ਪੈਦਾ ਹੋਏ, ਸਿੱਟੇ ਵਜੋਂ ਘੱਟ ਗਿਣਤੀ ਫਿਰਕਿਆਂ'ਚ ਵੱਖਵਾਦੀ, ਅੱਤਵਾਦੀ ਸੋਚ ਨੇ ਜਨਮ ਲਿਆ। ਜਿਹੜਾ ਕਿਸੇ ਵੀ ਹਾਲਤ ਵਿੱਚ ਦੇਸ਼ ਦੇ ਹਿੱਤ ਵਿੱਚ ਨਹੀਂ ਹੈ।

ਧਾਰਮਿਕ ਘੱਟ ਗਿਣਤੀਆਂ ਤੋਂ ਇਲਾਵਾ ਦੇਸ਼ ਦੀਆਂ ਦੂਜੀਆਂ ਹੋਰ ਘੱਟ ਗਿਣਤੀਆ, ਜਿਨ੍ਹਾਂ ਵਿਚ ਆਦਿਵਾਸੀ, ਦਲਿਤ, ਨਾਗੇ, ਕਸ਼ਮੀਰੀ ਆਦਿ ਸ਼ਾਮਲ ਹਨ ਅਜ਼ਾਦੀ ਦੇ ਦੋ ਤਿਹਾਈ ਸਦੀ ਬੀਤਣ ਬਾਅਦ ਵੀ ਸਮੱਸਿਆਵਾਂ ਦਾ ਸਾਹਮਣਾ ਕਰ ਰਹੀਆਂ ਹਨ। ਇਨ੍ਹਾਂ ਦੀ ਹੋਂਦ, ਸਮਾਜਿਕ ਸਭਿਆਚਾਰਕ ਵਖਰੇਵਾਂ, ਇਤਿਹਾਸਕ ਪਿਛੋਕੜ, ਅਸੁਰੱਖਿਆ ਦੀ ਭਾਵਨਾ, ਬੇਗਾਨਗੀ ਦੀ ਭਾਵਨਾ, ਬਹੁਗਿਣਤੀ ਫਿਰਕਿਆਂ ਨਾਲ ਸਹਿਹੋਂਦ ਦੀ ਘਾਟ, ਆਪਸੀ ਕੌੜੇ ਕੁਸੈਲੇ ਰਿਸ਼ਤੇ, ਨਾਬਰਾਬਰਤਾ ਬਹੁਗਿਣਤੀ ਤੇ ਘੱਟ ਗਿਣਤੀ ਦਰਮਿਆਨ ਇੱਕ ਦੂਜੇ ਤੋਂ ਦੂਰੀ ਬਣਾਈ ਰੱਖਣ ਦੇ ਕਾਰਨ ਬਣੇ ਹੋਏ ਹਨ।

ਦੇਸ਼ ਵਿਚਲੀਆਂ ਬਹੁਤੀਆਂ ਰਾਜਨੀਤਕ ਪਾਰਟੀਆਂ ਦੇਸ਼ ਦੇ ਹਿੱਤਾਂ ਨਾਲੋਂ ਆਪਣੀ "ਸੱਤਾ ਦੀ ਭੁੱਖ" ਨੂੰ ਪਹਿਲ ਦਿੰਦੀਆਂ ਹਨ। ਉਨ੍ਹਾਂ ਨੇ ਸਿਰਫ ਤੇ ਸਿਰਫ ਆਪਣੇ ਹਿੱਤਾਂ ਅਤੇ ਕੁਰਸੀ ਦੀ ਖਾਤਰ ਧਰਮ ਦੇ ਨਾਮ ਉਤੇ ਆਪਣਾ ਵੋਟ ਬੈਂਕ ਪੱਕਾ ਕਰਨ ਲਈ, ਇਹੋ ਜਿਹੇ ਰਾਜਨੀਤਕ ਪੱਤੇ ਸੁੱਟੇ ਹੋਏ ਹਨ, ਜਿਸ ਨਾਲ ਬਹੁਲ ਗਿਣਤੀ ਅਤੇ ਘੱਟ ਗਿਣਤੀ ਧਰਮਾਂ ਦੇ ਪੈਰਕਾਰਾਂ 'ਚ ਪਾੜਾ ਵਧਦਾ ਜਾ ਰਿਹਾ ਹੈ। ਵੋਟ ਬੈਂਕ ਪੱਕਾ ਕਰਨ ਲਈ ਜਾਤਾਂ ਕਬੀਲਿਆਂ, ਧਰਮਾਂ ਦੇ ਨਾਮ ਉਤੇ ਬੇਰੋਕ ਟੋਕ ਪਰਚਾਰ ਆਪਸੀ ਨਫ਼ਰਤ ਦਾ ਕਰਨ ਤਾਂ ਹੈ ਹੀ, ਦੇਸ਼ ਦੀ ਲੋਕ ਰਾਜੀ ਪ੍ਰਪੰਰਾ ਉਤੇ ਵੱਡਾ ਧੱਬਾ ਸਾਬਿਤ ਹੋ ਰਿਹਾ ਹੈ।

ਦੇਸ਼ ਨੂੰ ਇੱਕ ਮੁੱਠ ਰੱਖਣ, ਆਪਸੀ ਭਾਈਚਾਰਕ ਸਾਂਝ ਬਣਾਈ ਰੱਖਣ ਲਈ, ਘੱਟ ਗਿਣਤੀਆਂ 'ਚ ਘੱਟ ਰਹੀ ਸੁਰੱਖਿਆ ਦੀ ਭਾਵਨਾ ਮੁੜ ਸਥਾਪਿਤ ਕਰਨਾ ਸਮੇਂ ਦੀ ਲੋੜ ਹੈ।

# ਬਦਲਾਅ ਦਾ ਹਥਿਆਰ ਹੈ, ਸੂਚਨਾ ਦਾ ਅਧਿਕਾਰ

**ਹਰਪ੍ਰੀਤ ਸਿੰਘ ਬਰਾੜ**

ਦੇਸ਼ ਦੀ ਜਨਤਾ ਨੂੰ ਭ੍ਰਿਸ਼ਟਾਚਾਰ ਨਾਲ ਲੜਨ ਅਤੇ ਆਪਣੇ ਆਲੇ ਦੁਆਲੇ ਦੇ ਹਾਲਾਤਾਂ ਨੂੰ ਸੁਧਾਰਨ ਦੇ ਲਈ ਦਸ ਸਾਲ ਪਹਿਲਾਂ ਆਰ. ਟੀ. ਆਈ. ਐਕਟ ਦਾ ਹਥਿਆਰ ਮਿਲਿਆ ਸੀ ਪਰ ਇਸ ਦਾ ਇਸਤੇਮਾਲ ਕੁਝ ਉਤਸ਼ਾਹੀ ਲੋਕਾਂ ਤੱਕ ਹੀ ਸੀਮਤ ਰਿਹਾ। ਇਹੋ ਹੁਣ ਤੱਥ ਆਮ ਜਨਤਾ ਦਾ ਹਥਿਆਰ ਨਹੀਂ ਬਣ ਸਕਿਆ। ਕਾਮਨਵੈਲਥ ਖੇਡਾਂ ਅਤੇ ਟੂ ਜੀ ਸਪੈਕਟਰਮ ਵਰਗੇ ਘੁਟਾਲੇ ਆਰ. ਟੀ. ਆਈ. ਨਾਲ ਹੀ ਸਾਹਮਣੇ ਆਏ। ਹਰ ਕੋਈ ਇਸ ਪਰਿਵਰਤਣ ਦੇ ਹਥਿਆਰ ਨੂੰ ਹੱਥ 'ਚ ਲੈ ਲਵੇ ਤਾਂ ਹਾਲਾਤ ਹੀ ਬਦਲ ਜਾਣ। ਸੂਚਨਾ ਦਾ ਅਧਿਕਾਰ ਕਾਨੂੰਨ ਨੇ ਸਾਡੇ ਦੇਸ਼ ਵਿਚ ਲੰਬੀ ਕ੍ਰਾਂਤੀ ਦਾ ਕੰਮ ਕੀਤਾ ਹੈ। ਇਸ ਕਾਨੂੰਨ ਨੇ ਪਾਰਦਰਸ਼ਤਾ ਅਤੇ ਜਵਾਬਦੇਹੀ ਦੇ ਪੈਰਾਂ ਦੇ ਸਦਕਾ ਕਈ ਕਈ ਵਾਰ ਪ੍ਰਣਾਲੀ ਨੂੰ ਬਦਲਣ ਲਈ ਮਜ਼ਬੂਰ ਕੀਤਾ ਹੈਅਤੇ ਕਈ ਭ੍ਰਿਸ਼ਟਾਂ ਨੂੰ ਵੀ ਬੇਵਸ ਕੀਤਾ ਹੈ। ਸੂਚਨਾ ਦਾ ਅਧਿਕਾਰ ਕਾਨੂੰਨ ਦਾ ਉਦੇਸ਼ ਸਿਸਟਮ ਨੂੰ ਪਾਰਦਰਸ਼ੀ ਬਣਾਉਣ ਦਾ ਸੀ ਜਿਸ ਵਿਚ ਇਕ ਹੱਦ ਤੱਕ ਇਹ ਐਕਟ ਕਾਮਯਾਬ ਰਿਹਾ ਹੈ। ਆਰ. ਟੀ. ਐਕਟ ਦੇ ਆਉਣ ਤੋਂ ਬਾਅਦ ਪਹਿਲਾਂ ਚਲ ਰਹੇ ਸਿਸਟਮ ਦੇ ਮੁਕਾਬਲੇ ਬਹੁਤ ਸਾਰੀਆਂ ਸੂਚਨਾਵਾਂ ਬਾਹਰ ਆਈਆਂ ਹਨ। ਕਾਫ਼ੀ ਅਜਿਹੀਆਂ ਯੋਜਨਾਵਾਂ ਸਨ ਜਿਨ੍ਹਾਂ ਦਾ ਫਾਇਦਾ ਲੋਕਾਂ ਤੱਕ ਨਹੀਂ ਪਹੁੰਚਦਾ ਸੀ। ਆਰ. ਟੀ. ਆਈ. ਐਕਟ ਦੇ ਆਉਣ ਤੋਂ ਬਾਅਦ ਉਹੋ ਹੋਣ ਲੱਗਿਆ ਹੈ ਮਸਲਣ ਰਾਸ਼ਨ ਹੋਵੇ ਜਾਂ ਗ੍ਰਾਮੀਣ ਰੋਜ਼ਗਾਰ ਯੋਜਨਾ, ਸਕੂਲੀ ਬੱਚਿਆਂ ਦੀ ਵਜ਼ੀਫ਼ਾ ਯੋਜਨਾ ਜਾਂ ਫਿਰ ਬਜ਼ੁਰਗਾਂ ਲਈ ਪੈਨਸ਼ਨ। ਲੋਕਾਂ ਨੂੰ ਇਨ੍ਹਾਂ ਯੋਜਨਾਵਾਂ ਦਾ ਲਾਭ ਮਿਲਣ ਲੱਗਿਆ ਹੈ ਅਤੇ ਸਿਸਟਮ ਤੱਕ ਉਨ੍ਹਾਂ ਦੀ ਪਹੁੰਚ ਵੀ ਵਧੀ ਹੈ। ਹੁਣ ਗੱਲ ਹੈ ਪਾਰਦਰਸ਼ਤਾ ਦੀ। ਆਰ. ਟੀ. ਆਈ. ਐਕਟ ਆਉਣ ਤੋਂ ਬਾਅਦ ਨਾਗਰਿਕ ਹੁਣ ਸਰਕਾਰੀ ਸੰਸਥਾਵਾਂ ਤੋਂ ਉਨ੍ਹਾਂ ਦੀ ਜਵਾਬਦੇਹੀ ਮੰਗਣ ਲੱਗੇ ਹਨ। ਇਸ ਨਾਲ ਭ੍ਰਿਸ਼ਟਾਚਾਰ ਦਾ ਪਰਦਾਫਾਸ਼ ਕਰਨ 'ਚ ਵੱਡੀ ਮਦਦ ਮਿਲੀ ਹੈ। ਜਿਵੇਂ ਕਿ ਆਦਰਸ਼ ਸੁਸਾਇਟੀ ਘੁਟਾਲਾ ਜਾਂ 2 ਜੀ ਜਾਂ ਫਿਰ ਕਾਮਨਵੈਲਥ ਘੁਟਾਲਾ। ਸਿਸਟਮ ਦੀਆਂ ਕਮਜ਼ੋਰੀਆਂ ਅਤੇ ਖਾਮੀਆਂ ਤਾਂ ਬਹੁਤ ਉਜਾਗਰ ਹੋਈਆਂ ਪਰ ਇਨ੍ਹਾਂ ਦੇ ਸਾਹਮਣੇ ਆਉਣ ਦੇ ਬਾਅਦ ਲੋੜੀਂਦੀ ਕਾਰਵਾਈ ਨਹੀਂ ਹੋ ਪਾਈ। ਇਸ ਦੇ ਪਿਛੇ ਵੱਡਾ ਕਾਰਨ ਰਾਜਨੀਤੀ ਅਤੇ ਨਿਆਂਪਾਲਿਕਾ 'ਚ ਇੱਛਾ ਸ਼ਕਤੀ ਨਾ ਹੋਣਾ ਹੈ। ਇਸ ਤੋਂ ਪਹਿਲਾਂ ਵਾਲੀ ਕੇਂਦਰ ਸਰਕਾਰ ਤਾਂ ਇਸ ਐਕਟ ਵਿਚ ਸੋਧ ਕਰਨ ਦੀ ਅਸਫ਼ਲ ਕੋਸ਼ਿਸ਼ ਕਰ ਚੁੱਕੀ ਹੈ। ਕਰਨਾਟਕ ਅਤੇ ਛਤੀਸ਼ਗੜ੍ਹ ਦੀਆਂ ਸਰਕਾਰਾਂ ਨੇ ਤਾਂ ਆਮ ਆਦਮੀ ਦੇ ਮੌਲਿਕ ਅਧਿਕਾਰ ਨੂੰ ਮਜ਼ਬੂਤੀ ਪ੍ਰਦਾਨ ਕਰਨ ਵਾਲੇ ਇਸ ਐਕਟ ਦੀ ਮਨਮਾਨੀ ਪਰਿਭਾਸ਼ਾ ਬਣਾ ਦਿੱਤੀ ਹੈ। ਇਥੇ ਇਕ ਆਰ. ਟੀ. ਆਈ. ਨੂੰ ਕੇਵਲ 50 ਸ਼ਬਦ ਅਤੇ ਸਿਰਫ਼ ਇਕ ਹੀ ਵਿਸ਼ੇ ਤੱਕ ਸੀਮਤ ਕਰ ਦਿੱਤਾ ਗਿਆ ਹੈ।ਚੰਗੇ ਸ਼ਾਸਨ ਦੀ ਆਤਮਾ ਪਾਰਦਰਸ਼ਤਾ 'ਚ ਹੀ ਵਸਦੀ ਹੈ। ਇਹ ਤਾਂ ਸਭ ਜਾਣਦੇ ਹਨ ਕਿ ਦਿਨ ਰਾਤ ਚੰਗੇ ਸ਼ਾਸਨ ਦਾ ਜਾਪ ਕਰਨ ਵਾਲੀ ਮੋਦੀ ਸਰਕਾਰ ਨੂੰ ਇਸ ਦੀ ਸ਼ਾਇਦ ਹੀ ਪ੍ਰਵਾਹ ਹੈ। ਹਰ ਸੂਚਨਾ ਅਯੋਗ 'ਚ ਇਕ ਮੁੱਖ ਸੂਚਨਾ ਅਯੁਕਤ ਅਤੇ ਦਸ ਸੂਚਨਾ ਅਧਿਕਾਰੀ ਦੇ ਪਦ ਹਨ ਪਰ ਭਾਰਤ ਦੇ ਜ਼ਿਆਦਾਤਰ ਸੂਚਨਾ ਅਯੋਗ ਵਿਚ ਅੱਧੇ ਤੋਂ ਜ਼ਿਆਦਾ ਪਦ ਖਾਲੀ ਹਨ ਅਤੇ ਜੋ ਭਰੇ ਹਨ ਉਨ੍ਹਾਂ 'ਚ ਅੱਸੀ ਪ੍ਰਤੀਸ਼ਤ ਨੌਕਰਸ਼ਾਹ ਸੂਚਨਾ ਅਯੁਕਤ ਹਨ ਜਿਨ੍ਹਾਂ ਨੇ ਜ਼ਿੰਦਗੀ ਭਰ ਅੰਗਰੇਜ਼ਾਂ ਦੇ ਬਣਾਏ ਗੋਪਨੀਅਤਾ ਕਾਨੂੰਨ ਦੇ ਤਹਿਤ ਕੰਮ ਕੀਤਾ ਹੈ। ਚੇਨਈ ਹਾਈਕੋਰਟ ਨੇ ਇਕ ਫੈਸਲਾ ਦਿੱਤਾ ਸੀ ਕਿ ਆਰ. ਟੀ. ਆਈ. ਵਿਚ ਅਰਜ਼ੀ ਪਾਉਣ ਵਾਲੇ ਨੂੰ ਸੂਚਨਾ ਲੈਣ ਦਾ ਕਾਰਨ ਦੱਸਣਾ ਪਵੇਗਾ ਪਰ ਧਾਰਾ 6 (ਆਰ. ਟੀ. ਆਈ.) ਵਿਚ ਸਾਫ਼ ਸਾਫ਼ ਦੱਸਿਆ ਹੈ ਕਿ ਆਵੇਦਕ ਨੂੰ ਕੋਈ ਕਾਰਨ ਦੱਸਣ ਦੀ ਲੋੜ ਨਹੀਂ ਹੈ ਕਿ ਸੂਚਨਾ ਕਿਉਂ ਚਾਹੀਦੀ ਹੈ। ਹੁਣ ਇਸ ਫੈਸਲੇ ਦੇ ਪਿਛੇ ਹੀ ਹਕੀਕਤ ਸਾਰੀ ਪੋਲ ਖੋਲ ਦਿੰਦੀ ਹੈ। ਅਸਲ 'ਚ ਇਹ ਸੂਚਨਾ ਚੇਨਈ 'ਚ ਲਾਅ ਅਸਫ਼ਰਾਂ ਦੀ ਨਿਯੁਕਤੀ ਬਾਰੇ ਮੰਗੀ ਗਈ ਸੀ। ਅੱਜ ਭਾਰਤ ਦੇ ਸਾਰੇ ਰਾਜਾਂ ਦੇ ਸੂਚਨਾ ਦਫ਼ਤਰਾਂ 'ਚ ਜਨਤਾ ਦੀ ਵਧਦੀ ਜਾਗਰੂਕਤਾ ਕਾਰਨ ਅਪੀਲਾਂ ਅਤੇ ਸ਼ਿਕਾਇਤਾਂ ਦੀ ਗਿਣਤੀ ਵੱਧ ਰਹੀ ਹੈ। ਪਰ ਸਰਕਾਰਾਂ ਦੇ ਸੌਤਲੇ ਰਵੱਈਏ ਦੇ ਕਾਰਨ ਸਮੇਂ ਸਿਰ ਨਿਪਟਾਰਾ ਨਹੀਂ ਹੁੰਦਾ। ਭਾਰਤ ਸਰਕਾਰ 'ਚ ਦਿੱਲੀ ਵਿਖੇ ਮੌਜੂਦ ਕੇਂਦਰੀ ਦਫ਼ਤਰਾਂ 'ਚ ਈ-ਮੇਲ ਰਾਹੀਂ ਆਰ. ਟੀ. ਆਈ. ਦੀ ਸੁਵਿਧਾ ਪਿਛਲੇ ਇਕ ਸਾਲ ਤੋਂ ਸਫ਼ਲਤਾਪੂਰਵਕ ਚਲ ਰਹੀ ਹੈ ਅਤੇ ਇਸ ਦਾ ਫਾਇਦਾ ਬਾਹਰ ਵੱਸਦੇ ਭਾਰਤੀਆਂ ਨੂੰ ਮਿਲ ਰਿਹਾ ਹੈ। ਹਾਲਾਤ ਸੁਧਰੇ ਹਨ ਪਰ ਹਾਲੇ ਵੀ ਕੁਝ ਅੜਚਨਾ ਬਾਕੀ ਹਨ। ਸਰਕਾਰ ਚਾਹੇ ਤਾਂ ਆਪਣੇ ਆਪ ਸਾਰੀਆਂ ਰੁਕਾਵਟਾਂ ਨੂੰ ਹਟਾ ਕੇ ਪਾਰਦਰਸ਼ਤਾ ਅਤੇ ਜਵਾਬਦੇਹੀ ਕਾਇਮ ਕਰ ਸਕਦੀ ਹੈ। ਆਰ. ਟੀ. ਆਈ. ਐਕਟ ਦੀ ਧਾਰਾ 4 ਨੂੰ ਠੀਕ ਤਰ੍ਹਾਂ ਲਾਗੂ ਕਰਦੇ ਤਾਂ ਸਾਰਾ ਹਿਸਾਬ ਕਿਤਾਬ, ਲੈਣ ਦੇਣ,ਚਿੱਠੀ ਪੱਤਰੀ, ਫਾਇਲਾਂ ਅਤੇ ਫੈਸਲੇ ਆਪਣੇ ਆਪ ਜਨਤਾ ਦੇ ਵਿਚ ਖੁੱਲ੍ਹੇ ਹੋ ਸਕਦੇ ਹਨਉਂ ਇਕ ਚੰਗੀ ਸਰਕਾਰ ਦੇ ਲਈ ਇਸ ਤੋਂ ਵਧੀਆ ਔਜਾਰ ਕੀ ਹੋ ਸਕਦਾ ਹੈ ਜਿਥੇ ਭਾਰਤ ਦੇ ਨਾਗਰਿਕ ਹਰ ਕਦਮ ਤੇ ਲੋਕਤੰਤਰ ਚਲਾਉਣ 'ਚ ਸਹਿਯੋਗ ਕਰਨ? ਆਰ. ਟੀ. ਆਈ. ਦੇ ਜ਼ਰੀਏ ਸੁਸਾਇਟੀ ਨੇ ਸਿਸਟਮ 'ਤੇ ਦਬਾਅ ਬਣਾਇਆ ਹੈ। ਇਸ ਨਾਲ ਸਰਕਾਰੀ ਵਿਭਾਗਾਂ ਦੀ ਜਵਾਬਦੇਹੀ ਵੱਧਣ ਲੱਗੀ ਹੈ। ਦੇਸ਼ ਵਿਚ ਹਰ ਸਾਲ 40 ਲੱਖ ਤੋਂ ਜ਼ਿਆਦਾ ਆਰ. ਟੀ. ਆਈ. ਅਰਜ਼ੀਆਂ ਲੱਗ ਰਹੀਆਂ ਹਨ ਅਤੇ ਲੋਕਾਂ ਨੂੰ ਵੀ ਚੰਗੀ ਤਰ੍ਹਾਂ ਪਤਾ ਲੱਗ ਗਿਆ ਹੈ ਕਿ ਰਾਜਨੀਤੀ, ਨੌਕਰਸ਼ਾਹੀ ਅਤੇ ਨਿਆਂਪਾਲਿਕਾ ਵਿਚ ਭ੍ਰਿਸ਼ਟਾਚਾਰ ਮੌਜੂਦ ਹੈ।

ਡੀ.ਓ., 174, ਮਿਲਟਰੀ ਹਸਪਤਾਲ
ਬਠਿੰਡਾ ਕੈਂਟ

# ਮਾਈਕਲ ਓਡਵਾਇਰ ਨੇ ਗ਼ਦਰ ਲਹਿਰ ਨੂੰ ਕਿਵੇਂ ਕੁਚਲਿਆ



ਰਾਕੇਸ਼ ਕੁਮਾਰ

**ਗ਼ਦਰ ਪਾਰਟੀ ਬੀੜਾ ਚੁੱਕਿਆ ਹਿੰਦ ਆਜ਼ਾਦ ਕਰਾਵਨ ਦਾ।**
**ਆਓ ਸ਼ੇਰੋ ਗ਼ਦਰ ਮਚਾਈਏ ਮੌਕਾ ਨਹੀਂ ਖੁੰਜਾਵਨ ਦਾ।**

ਹਿੰਦੋਸਤਾਨ ਨੂੰ ਅੰਗਰੇਜ਼ਾਂ ਤੋਂ ਆਜ਼ਾਦ ਕਰਵਾਉਣ ਲਈ ਗ਼ਦਰ ਪਾਰਟੀ ਦੇ ਹਿੰਦੋਸਤਾਨ ਵਿੱਚ ਜਾ ਕੇ ਗ਼ਦਰ ਕਰਨ ਦੇ ਪ੍ਰੋਗਰਾਮ ਤਹਿਤ ਅਕਤੂਬਰ 1914 ਦੇ ਪਹਿਲੇ ਹਫ਼ਤੇ ਗ਼ਦਰੀ ਹਿੰਦੋਸਤਾਨ ਪੁੱਜਣੇ ਸ਼ੁਰੂ ਹੋ ਗਏ। ਇਨ੍ਹਾਂ ਵਿੱਚੋਂ ਕੁਝ ਵਡੇਰੀ ਉਮਰ ਦੇ ਬੰਦੇ ਸਨ ਜਿਨ੍ਹਾਂ ਨੇ ਅਮਰੀਕਾ ਤੇ ਕੈਨੇਡਾ ਰਹਿ ਕੇ ਲੱਖਾਂ ਰੁਪਏ ਦੀ ਜਾਇਦਾਦ ਬਣਾਈ ਸੀ। ਉਹ ਲੋਕ ਜਾਇਦਾਦਾਂ ਨੂੰ ਲੱਤ ਮਾਰ ਕੇ ਭਾਰਤ ਆਏ। ਪਹਿਲੇ ਦੋ ਸਾਲਾਂ ਵਿੱਚ 8000 ਤੋਂ ਜ਼ਿਆਦਾ ਗ਼ਦਰੀ ਭਾਰਤ ਪਰਤੇ। ਇਨ੍ਹਾਂ ਵਿੱਚ ਹਿੰਦੂ, ਸਿੱਖ ਤੇ ਮੁਸਲਮਾਨ ਸਨ। ਗ਼ਦਰੀਆਂ ਦਾ ਮਨੋਰਥ ਹਿੰਦੋਸਤਾਨ 'ਚ ਦੇਸ਼ ਦੇ ਲੀਡਰਾਂ ਰਾਜਸੀ ਜਥੇਬੰਦੀਆਂ ਅਤੇ ਇਨਕਲਾਬੀਆਂ ਨਾਲ ਗ਼ਦਰ ਪਾਰਟੀ ਦੇ ਮਨੋਰਥਾਂ ਬਾਰੇ ਤਾਲਮੇਲ ਪੈਦਾ ਕਰਨਾ ਸੀ। ਇਨ੍ਹਾਂ ਨੇ ਆਪਸ ਵਿੱਚ ਸੰਪਰਕ ਬਣਾਉਣ ਲਈ ਗੁਪਤ ਅੱਡੇ ਕਾਇਮ ਕੀਤੇ ਅਤੇ ਲੋਕਾਂ ਤੇ ਫੌਜਾਂ ਵਿੱਚ ਪ੍ਰਚਾਰ ਕਰਨ ਲਈ ਇਲਾਕੇ ਵੰਡ ਕੇ ਜਥੇਬੰਦੀ ਉਸਾਰਨ ਅਤੇ ਪ੍ਰਚਾਰ ਦਾ ਕੰਮ ਸ਼ੁਰੂ ਕੀਤਾ 'ਗ਼ਦਰ ਸੰਦੇਸ਼' ਤੇ 'ਐਲਾਨੇ ਜੰਗ' ਨਾਮ ਦੇ ਪਰਚੇ ਹਜ਼ਾਰਾਂ ਦੀ ਗਿਣਤੀ ਵਿੱਚ ਛਾਪ ਕੇ ਲੋਕਾਂ ਤੇ ਫੌਜਾਂ ਵਿੱਚ ਵੰਡੇ, ਫੌਜੀ ਛਾਉਣੀਆਂ ਵਿਚਲੇ ਭਾਰਤੀ ਫੌਜੀਆਂ ਨਾਲ ਤਾਲਮੇਲ ਕਰਕੇ ਉਨ੍ਹਾਂ ਨੂੰ ਆਪਣੇ ਨਾਲ ਜੋੜਿਆ। ਉਨ੍ਹਾਂ ਦੀ ਯੋਜਨਾ ਅਨੁਸਾਰ ਬਗਾਵਤ ਪਹਿਲਾਂ ਲਾਹੌਰ ਛਾਉਣੀ ਤੋਂ ਹੋਣੀ ਸੀ ਕਿਉਂਕ ਡਵੀਜਨ ਹੈੱਡ ਕੁਆਟਰ ਹੋਣ ਕਰਕੇ ਪੰਜਾਬ ਦੀਆਂ ਸਾਰੀਆਂ ਛਾਉਣੀਆਂ ਇਸਦੇ ਅਧੀਨ ਆਉਂਦੀਆਂ ਸਨ। ਇਸ 'ਤੇ ਕਬਜ਼ਾ ਕਰਕੇ ਸੂਬੇ ਦੀ ਸਰਕਾਰ ਉਲਟਾਈ ਜਾ ਸਕਦੀ ਸੀ।

ਮਾਈਕਲ ਓਡਵਾਇਰ ਨੂੰ ਦਸੰਬਰ 1912 ਨੂੰ ਪੰਜਾਬ ਦਾ ਲੈਫਟੀਨੈਂਟ ਗਵਰਨਰ ਬਣਾਇਆ ਗਿਆ ਸੀ। ਲਾਹੌਰ ਉਨ੍ਹਾਂ ਦਿਨਾਂ 'ਚ ਪੰਜਾਬ ਦੀ ਰਾਜਧਾਨੀ ਹੁੰਦੀ ਸੀ ਅਤੇ ਲੈਫਨੀਟੈਂਟ ਗਵਰਨਰ ਦਾ ਦਫ਼ਤਰ ਵੀ ਲਾਹੌਰ ਵਿੱਚ ਹੀ ਸੀ। ਮਾਈਕਲ ਓਡਵਾਇਰ ਨੇ ਗ਼ਦਰ ਲਹਿਰ ਨੂੰ ਕੁਚਲਣ ਲਈ ਕਈ ਤਰ੍ਹਾਂ ਦੇ ਢੇਰਾਂ ਤਰੀਕੇ ਅਪਣਾਏ।

ਤਜ਼ਰਬੇਕਾਰ ਗ਼ਦਰੀ ਲੀਡਰਾਂ ਨੂੰ ਜਹਾਜੋਂ ਉਤਰਦੇ ਹੀ ਫੜ ਕੇ ਦੇਸ਼ ਵਿਚ ਨਜ਼ਰਬੰਦ ਕਰ ਦਿੱਤਾ ਗਿਆ। ਬਾਹਰੋਂ ਆਉਂਦੇ ਸਾਰੇ ਬੰਦਿਆਂ ਨੂੰ ਕੇਂਦਰੀ ਇਨਕੁਆਰੀ ਦਫ਼ਤਰ ਲੁਧਿਆਣੇ ਬੁਲਾਇਆ ਜਾਂਦਾ ਉੱਥੇ ਆਪਣੇ ਤੇਜ਼ ਤਰਾਰ ਅਫ਼ਸਰਾਂ ਨੂੰ ਲਗਾ ਕੇ ਉਨ੍ਹਾਂ ਦੀ ਕੂਟਨਿੰਗ ਕੀਤੀ। ਉਹਨਾਂ ਦੇ ਵਿਦੇਸ਼ਾਂ 'ਚ ਚਰਿੱਤਰ ਤੇ ਗ਼ਦਰ ਲਹਿਰ ਨਾਲ ਸਬੰਧਤ ਸਾਰੀਆਂ ਗਤੀਵਿਧੀਆਂ ਦਾ ਪਹਿਲਾਂ ਹੀ ਤਿਆਰ ਰਿਕਾਰਡ ਨਾਲ ਮਿਲਾ ਕੇ ਉਨ੍ਹਾਂ ਦੀ ਪੁੱਛਗਿੱਛ ਕਰਕੇ ਉਨ੍ਹਾਂ ਬਾਰੇ ਤਹਿ ਕੀਤਾ ਜਾਂਦਾ ਜਿਹੜੇ ਸਚਮੁੱਚ ਖਤਰਨਾਕ ਲਗਦੇ, ਉਨ੍ਹਾਂ ਨੂੰ ਜੇਲ੍ਹ ਭੇਜਿਆ ਜਾਂਦਾ। ਘੱਟ ਖਤਰਨਾਕ ਨੂੰ ਪਿੰਡ ਦ ਮੋਹਤਬਾਰ ਜਾਂ ਰਿਸ਼ਤੇਦਾਰਾਂ ਦੀ ਗਰੰਟੀ ਤੇ ਘਰ ਤੱਕ ਸੀਮਤ ਕੀਤਾ ਜਾਂਦਾ। ਕੁਝ ਨੂੰ ਚੇਤਾਵਨੀ ਦੇ ਕੇ ਛੱਡ ਦਿੱਤਾ ਜਾਂਦਾ ਤੇ ਲੋਕਲ ਅਥਾਰਟੀ ਨੂੰ ਉਸ 'ਤੇ ਨਜ਼ਰ ਰੱਖਣ ਲਈ ਕਿਹਾ ਜਾਂਦਾ ਸੀ।

ਓਡਵਾਇਰ ਅਨੁਸਾਰ ਜੰਗ ਦੇ ਪਹਿਲੇ ਦੋ ਸਾਲਾਂ ਦੌਰਾਨ ਅੱਠ ਹਜ਼ਾਰ ਤੋਂ ਵੱਧ ਬੰਦੇ ਵਾਪਿਸ ਮੁੜੇ ਸਨ ਇਨ੍ਹਾਂ ਵਿੱਚੋਂ ਚਾਰ ਸੌ ਨੂੰ ਜੇਲ੍ਹਾਂ ਅੰਦਰ ਡੱਕ ਦਿੱਤਾ ਗਿਆ ਸੀ, ਢਾਈ ਹਜ਼ਾਰ ਨੂੰ ਪਿੰਡਾਂ ਵਿੱਚ ਜੂਹਬੰਦ ਕਰ ਦਿੱਤਾ ਗਿਆ ਸੀ ਅਤੇ ਬਾਕੀ ਦੇ ਪੰਜ ਹਜ਼ਾਰ ਨੂੰ ਛੱਡ ਦਿੱਤਾ ਗਿਆ।

19 ਅਕਤੂਬਰ 1914 ਤੋਂ ਦਸੰਬਰ 1917 ਤੱਕ 400 ਨੂੰ ਜੇਲ੍ਹ ਭੇਜਿਆ ਗਿਆ। 2575 ਦੀ ਜੂਹਬੰਦੀ ਕੀਤੀ ਗਈ ਜੋ ਘੱਟੋ-ਘੱਟ ਪੰਜ ਸਾਲ ਬੰਦ ਰਹੇ। ਇਨ੍ਹਾਂ ਨੂੰ ਸੂਰਜ ਅਸਤ ਹੋਣ ਤੋਂ ਸੂਰਜ ਚੜ੍ਹਨ ਤੱਕ ਦਾ ਸਮਾਂ ਆਪਣੇ ਘਰ 'ਚ ਹਾਜ਼ਰ ਹੋਣਾ ਪੈਂਦਾ ਸੀ। ਇਸ ਵਾਸਤੇ ਪਤਾ ਨੀ ਕਦੋਂ ਪੁਲਸ ਉਨ੍ਹਾਂ ਦੀ ਹਾਜ਼ਰੀ ਲੈਣ ਪਹੁੰਚ ਜਾਵੇ। ਬਾਹਰ ਛੱਡਿਆਂ ਦੀ ਥਾਣਿਆਂ ਤੇ ਚੌਕੀਆਂ ਦੀ ਪੁਲਸ ਕਈ ਸਾਲ ਨਿਗਰਾਨੀ ਕਰਦੀ ਰਹੀ ਤੇ ਹਾਜ਼ਰੀ ਲਾਉਂਦੀ ਰਹੀ। ਉਹਨਾਂ ਦੀਆਂ ਹਰਕਤਾਂ ਉੱਤੇ ਅਤੇ ਸਥਾਨਕ ਲੋਕਾਂ ਨਾਲ ਉਨ੍ਹਾਂ ਦੇ ਸਬੰਧਾਂ ਬਾਰੇ ਨਿਗਰਾਨੀ ਰੱਖਦੀ ਰਹੀ।

ਤੋਸ਼ਾ ਮਾਰੂ ਜਹਾਜ਼ ਦੇ ਮੁਸਾਫ਼ਰਾਂ ਨੂੰ ਸਪੈਸਲ ਗੱਡੀਆਂ ਰਾਹੀਂ ਪੰਜਾਬ ਪਹੁੰਚਾਉਣ ਦਾ ਪ੍ਰਬੰਧ ਕੀਤਾ ਗਿਆ ਤੇ ਉਨ੍ਹਾਂ ਨੂੰ ਨਜ਼ਰਬੰਦ ਕੀਤਾ ਗਿਆ। ਇਨ੍ਹਾਂ ਵਿੱਚੋਂ ਕਈਆਂ ਨੇ ਗ਼ਦਰ ਕਰਾਉਣ 'ਚ ਨੁਮਾਇਆ ਹਿੱਸਾ ਲੈਣਾ ਸੀ।

ਮਾਈਕਲ ਓਡਵਾਇਰ ਦੇ ਲਫ਼ਜਾਂ ਵਿੱਚ ਜ਼ਿੰਮੇਵਾਰ ਲੀਡਰਾਂ ਦੀ ਨਜ਼ਰਬੰਦੀ ਕਾਰਨ ਮੁਹਿੰਮ ਦੀ ਮੁੱਢਲੀ ਪਲੈਨ ਜਿਸ ਦੀ ਕਾਮਯਾਬੀ ਜ਼ਿਆਦਾਤਰ ਦਰਪਰਦਾ ਰਹਿਣ ਅਤੇ ਅਚਾਨਕ ਹਮਲੇ ਉੱਤੇ ਨਿਰਭਰ ਸੀ, ਬੁਰੀ ਤਰ੍ਹਾਂ ਬਿਖਰ ਗਈ। ਇਸ ਤੋਂ ਪਹਿਲਾਂ ਕਿ ਉਹ ਹੋਰ ਪਲੈਨ ਬਣਾ ਸਕਣ ਅਤੇ ਨਜ਼ਰਬੰਦ ਹੋਏ ਲੀਡਰਾਂ ਦੀ ਥਾਂ ਨਵਿਆਂ ਨਾਲ ਕਰ ਸਕੇ ਸਾਨੂੰ ਉਨ੍ਹਾਂ ਦੇ ਭੈੜੇ ਇਰਾਦਿਆਂ ਦਾ ਪਤਾ ਲੱਗ ਗਿਆ ਅਤੇ ਅਸੀਂ ਉਨ੍ਹਾਂ ਦਾ ਮੁਕਾਬਲਾ ਕਰਨ ਦੇ ਵਧੇਰੇ ਯੋਗ ਹੋ ਗਏ।

ਓਡਵਾਇਰ ਨੇ ਬਾਹਰੋਂ ਮੁੜੇ ਪਰਵਾਸੀਆਂ ਨਾਲ ਨਿਪਟਣ ਲਈ ਸਥਾਨਕ ਅਫ਼ਸਰਾਂ ਦੀ ਮਦਦ ਵਿਸ਼ੇਸ਼ਕਰ ਉਨ੍ਹਾਂ ਦੀਆਂ ਨਜ਼ਰਬੰਦੀਆਂ ਸਬੰਧੀ ਸਲਾਹ ਦੇਣ ਲਈ ਸਿੱਖਾਂ ਦੀ ਇਕ ਸਥਾਈ ਕਮੇਟੀ ਨਿਯੁਕਤ ਕੀਤੀ। ਇਹ ਸਿੱਖ ਕਮੇਟੀਆਂ ਸਰਕਾਰੀ ਪ੍ਰਬੰਧਕਾਂ ਲਈ ਸਭ ਤੋਂ ਵੱਖ ਮੁੱਲਵਾਨ ਸਹਾਇਕ ਸਿੱਧ ਹੋਈਆਂ ਸਨ। ਸਰਦਾਰਾਂ, ਜ਼ੈਲਦਾਰਾਂ, ਜਾਗੀਰਦਾਰਾਂ ਨੇ ਵੱਧ ਚੜ੍ਹ ਕੇ ਅੰਗਰੇਜ਼ੀ ਹਕੂਮਤ ਦੀ ਹਮਾਇਤ ਕੀਤੀ। ਉਹ ਨੇਕਨਾਮੀ ਤੇ ਵਫ਼ਾਦਾਰੀ ਦੀਆਂ ਸਨਦਾ ਹਾਸਲ ਕਰ ਸਕਣ, ਗੌਰਮਿੰਟ ਪ੍ਰਸਤ ਸਿੱਖਾਂ ਨੇ ਗ਼ਦਰੀਆਂ ਦੇ ਖਿਲਾਫ਼ ਅਕਾਲ ਤਖ਼ਤ ਤੋਂ ਹੁਕਮਨਾਮਾ ਜਾਰੀ ਕਰਵਾ ਦਿੱਤਾ ਸੀ ਕਿ ਇਹ ਸਿੱਖ ਨਹੀਂ ਹਨ। ਇਨ੍ਹਾਂ ਨੂੰ ਕੋਈ ਮੂੰਹ ਨਾ ਲਾਵੇ। ਕਈ ਮਸ਼ਹੂਰ ਗੁਰਦੁਆਰਿਆਂ ਦੇ ਮਹੰਤਾਂ ਨੇ ਗ਼ਦਰੀਆਂ ਨੂੰ ਖ਼ੂਨੀ, ਗੁੰਡੇ, ਗੱਦਾਰ ਆਖ ਕੇ ਭੰਡਿਆ।



ਅਮੀਰ ਜ਼ਿੰਮੀਂਦਾਰਾਂ ਨੇ ਗਵਰਨਰ ਨੂੰ ਆਪਣੀ ਵਫ਼ਾਦਾਰੀ ਦਾ ਭਰੋਸਾ ਦਿੱਤਾ ਤੇ ਉਨ੍ਹਾਂ ਨੇ ਆਪਣੇ ਜ਼ਿਲ੍ਹਿਆਂ ਵਿੱਚ ਪਰਤ ਰਹੇ ਪ੍ਰਵਾਸੀ ਭਾਰਤੀਆਂ ਦੀਆਂ ਗ਼ਤੀਵਿਧੀਆਂ ਉੱਪਰ ਨਜ਼ਰ ਰੱਖਣ ਲਈ ਤੇ ਉਨ੍ਹਾਂ ਨੂੰ ਵਫ਼ਾਦਾਰੀ ਅਤੇ ਆਗਿਆ ਵਿੱਚ ਰਹਿਣ ਤੇ ਪ੍ਰੇਰਣ ਲਈ ਕਮੇਟੀਆਂ ਦੀ ਸਥਾਪਨਾ ਕੀਤੀ।

ਪੰਜਾਬ ਦੇ ਜ਼ੈਲਦਾਰ, ਸਫੈਦਪੋਸ਼, ਪਟਵਾਰੀ ਤੇ ਲੰਬੜਦਾਰ ਇਸ ਪ੍ਰਬੰਧਕੀ ਮਸ਼ੀਨਰੀ ਦੇ ਪੁਰਜੇ ਸਨ ਤੇ ਸਦਾ ਹੀ ਬਰਤਾਨਵੀ ਹਕੂਮਤ ਦਾ ਹੁਕਮ ਵਜਾਉਣ ਲਈ ਤਤਪਰ ਰਹਿੰਦੇ ਸਨ, ਉਹ ਸਥਾਨਕ ਪ੍ਰਸ਼ਾਸਨ ਦੇ ਅੱਖਾਂ ਤੇ ਕੰਨ ਸਨ ਅਤੇ ਪਿੰਡ ਦੀ ਹਰ ਘਟਨਾ ਬਾਰੇ ਪੁਲਸ ਤੇ ਸਰਕਾਰੀ ਅਫ਼ਸਰਾਂ ਨੂੰ ਖ਼ਬਰਾਂ ਦਿੰਦੇ ਸਨ ਇਹ ਗ਼ਦਰੀਆਂ ਦੀਆਂ ਗ੍ਰਿਫ਼ਤਾਰੀਆਂ ਵਿੱਚ ਮਦਦਗਾਰ ਹੋ ਕੇ ਅਦਾਲਤਾਂ ਵਿੱਚ ਉਨ੍ਹਾਂ ਦੇ ਖਿਲਾਫ਼ ਗਵਾਹੀਆਂ ਦਿੰਦੇ ਸਨ।

ਜ਼ੈਲਦਾਰਾਂ ਦੀ ਅਗਵਾਈ ਵਿੱਚ ਕਮੇਟੀਆਂ ਬਣਾਈਆਂ ਗਈਆਂ ਜਿਨ੍ਹਾਂ ਦਾ ਕੰਮ ਗ਼ਦਰੀਆਂ ਦੀਆਂ ਸਰਗਰਮੀਆਂ ਦੀ ਇਤਲਾਹ ਪੁਲਸ ਨੂੰ ਦੇ ਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਵਾਉਣਾ ਸੀ। ਇਹ ਕਮੇਟੀਆਂ ਗ਼ਦਰੀਆਂ ਵਿਰੁੱਧ ਚਲਾਏ ਜਾਂਦੇ ਮੁਕੱਦਮਿਆਂ ਵਿਚ ਗਵਾਹ ਪੈਦਾ ਕਰਦੀਆਂ ਸਨ।

ਪਿੰਡਾਂ ਵਿੱਚ ਟੋਡੀਆਂ ਨੂੰ ਗ਼ਦਰੀਆਂ ਨੂੰ ਗ੍ਰਿਫ਼ਤਾਰ ਕਰਵਾਉਣ ਬਦਲੇ, ਲੰਬੜਦਾਰ, ਜੈਲਦਾਰ ਦੀਆਂ ਪਦਵੀਆਂ ਦਿੱਤੀਆਂ ਗਈਆਂ, ਜ਼ਮੀਨਾਂ ਤੇ ਨਗਦ ਇਨਾਮ ਦਿੱਤੇ ਗਏ। ਇਹਨਾਂ ਲੰਬੜਦਾਰਾਂ, ਜ਼ੈਲਦਾਰਾਂ ਨੂੰ ਗ਼ਦਰੀਆਂ ਦੀਆਂ ਕਾਰਵਾਈਆਂ ਤੇ ਨਿਗਰਾਨੀ ਰੱਖਣ ਜਾਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਵਾਉਣ ਲਈ ਅੰਗਰੇਜ਼ੀ ਰਾਜ ਵੱਲੋਂ ਸਖ਼ਤ ਹਦਾਇਤਾਂ ਦਿੱਤੀਆਂ ਗਈਆਂ। ਗ਼ਦਰੀਆਂ ਵੱਲੋਂ ਆਪਣੇ ਮਨੋਰਥ ਲਈ ਪੈਸੇ ਦੀ ਤੋਟ ਨੂੰ ਪੂਰਾ ਕਰਨ ਲਈ ਡਾਕੇ ਮਾਰ ਕੇ ਪੂਰਾ ਕਰਨ ਦੀ ਕੋਸ਼ਿਸ਼ ਕੀਤੀ। ਸਰਕਾਰ ਨੇ ਆਪਣੇ ਪੈਂਡੂ ਦਲਾਲਾਂ, ਲੰਬੜਦਾਰਾਂ, ਜ਼ੈਲਦਾਰਾਂ ਤੇ ਹੋਰ ਪਿੱਠੂਆਂ ਅਤੇ ਸੀ.ਆਈ.ਡੀ. ਵੱਲੋਂ ਗ਼ਦਰੀਆਂ ਬਾਰੇ ਲੋਕਾਂ 'ਚ ਭੰਡੀ ਪ੍ਰਚਾਰ ਕੀਤਾ ਕਿ ਇਹ ਗ਼ਦਰੀ ਦੇਸ਼ ਭਗਤ ਨਹੀਂ ਡਾਕੂ ਹਨ। ਇਸ ਦਾ ਲੋਕਾਂ 'ਚ ਬਹੁਤ ਅਸਰ ਹੋਇਆ। ਲੋਕ ਇਨ੍ਹਾਂ ਨੂੰ ਸਾਧਾਰਨ ਡਾਕੂ ਸਮਝਣ ਲੱਗ ਪਏ।

ਸਰਕਾਰ ਨੇ ਗ਼ਦਰੀਆਂ ਦੀਆਂ ਸਰਗਰਮੀਆਂ 'ਤੇ ਨਜ਼ਰ ਰੱਖਣ ਲਈ ਸੀ.ਆਈ.ਡੀ. ਵਿੰਗ ਨੂੰ ਮਜ਼ਬੂਤ ਕੀਤਾ। ਸੂਹੀਆਂ ਦਾ ਜਾਲ ਵਿਛਾਇਆ, ਸੀ.ਆਈ.ਡੀ. ਨੇ ਕ੍ਰਾਂਤੀਕਾਰੀਆਂ ਦੀ ਸਰਵੱਤਮ ਕਮੇਟੀਆਂ ਤੱਕ ਆਪਣੇ ਜਾਸੂਸ ਘੁਸੇੜ ਦਿੱਤੇ। ਇਨਕਲਾਬੀਆਂ ਦੀ ਆਵਾਜਾਈ ਤਾੜਨ ਲਈ, ਰੋਕਣ ਤੇ ਬੰਦ ਕਰਨ ਲਈ ਰੇਲ ਤੇ ਸ਼ਹਿਰੀ ਸਟੇਸ਼ਨਾਂ ਤੇ ਜੰਕਸ਼ਨ ਉੱਤੇ ਸੀ.ਆਈ.ਡੀ. ਦੇ ਬੰਦੇ ਤੈਨਾਤ ਕੀਤੇ। ਪੁਲਸ ਗਾਰਦਾ ਸ਼ਹਿਰਾਂ ਵਿੱਚ ਤਾਂਗਿਆਂ ਦੇ ਅੱਡਿਆਂ, ਆਵਾਜਾਈ ਦੇ ਮੋੜਾਂ 'ਤੇ ਚੌਂਕਾ ਦੀ ਵੀ ਨਿਗਰਾਨੀ ਕੀਤੀ ਜਾਂਦੀ। ਦਰਿਆਵਾਂ, ਨਦੀਆਂ, ਨਹਿਰਾਂ ਦੇ ਪੁਲਾਂ 'ਤੇ ਪੁਲਸ ਤੇ ਫੌਜੀ ਗਾਰਦ ਪਹਿਰੇ ਦਿੰਦੇ।

ਓਡਵਾਇਰ ਨੇ ਫੌਜਦਾਰੀ ਕਾਨੂੰਨ ਨੂੰ ਹੋਰ ਵਧੇਰੇ ਗਲਘੋਟੂ ਬਣਾ ਦਿੱਤਾ ਸੀ। ਹਥਿਆਰ ਰੱਖਣਾ ਗੈਰ-ਕਾਨੂੰਨੀ, ਪਿੰਡ ਵਾਲਿਆਂ ਵਲੋਂ ਗ਼ਦਰੀਆਂ ਦੀ ਕੀਤੀ ਕਿਸੇ ਵੀ ਮਦਦ ਕਾਰਨ ਸਖ਼ਤ ਸਜ਼ਾ ਹੋ ਜਾਂਦੀ ਸੀ।

ਓਡਵਾਇਰ ਸਮਝਦਾ ਸੀ ਕਿ 'ਗ਼ਦਰ ਲਹਿਰ' ਹਿੰਦੋਸਤਾਨ ਵਿੱਚੋਂ ਅੰਗਰੇਜ਼ਾਂ ਰਾਜ ਨੂੰ ਉਲਟਾਉਣ ਦਾ ਕਿਤੇ ਹੀ ਜ਼ਿਆਦਾ ਖਤਰਨਾਕ ਯਤਨ ਸੀ।

ਉਸਨੇ ਕੇਂਦਰੀ ਅੰਗਰੇਜ਼ੀ ਹਕੂਮਤ ਨੂੰ ਦਸੰਬਰ 1914 ਵਿੱਚ ਲਿਖਿਆ ਸੀ ਕਿ ਗ਼ਦਰੀਆਂ ਦੇ ਮੁਕੱਦਮਿਆਂ ਨੂੰ ਛੇਤੀ ਤੋਂ ਛੇਤੀ ਨਿਬੇੜਨ ਲਈ ਸਾਮਰਾਜੀ ਕਾਨੂੰਨ ਜੋ ਦੋਸ਼ੀਆਂ ਦੇ ਹਿੱਤਾਂ ਦੀ ਰਾਖੀ ਲਈ ਕਹਿੰਦਾ ਹੈ, ਨੂੰ ਵਾਪਸ ਲੈ ਲਿਆ ਜਾਵੇ। ਮੁਕੱਦਮਿਆਂ ਨੂੰ ਪਹਿਲਾਂ ਮੈਜਿਸਟਰੇਟ ਦੀ ਅਦਾਲਤ ਵਿੱਚ ਪੇਸ਼ ਕਰਨ, ਫੇਰ ਸੈਸ਼ਨ ਸਪੁਰਦ ਕਰਨ ਤੋਂ ਪਿੱਛੋਂ ਅਪੀਲਾਂ ਕਰਨ ਦੀ ਰਵਾਇਤ ਨੂੰ ਖਤਮ ਕੀਤਾ ਜਾਵੇ ਤੇ ਇੱਕੋ ਹੀ ਅਦਾਲਤ ਮਿਥ ਕੇ ਇੱਕੋ ਵਾਰੀ ਹੀ ਮੁਕੱਦਮਾ ਕੀਤਾ ਜਾਵੇ, ਜਿਸ ਦਾ ਫੈਸਲਾ ਆਖਰੀ ਹੋਵੇ। ਅਪੀਲਾਂ ਬਿਲਕੁਲ ਬੰਦ ਕਰ ਦਿੱਤੀਆਂ ਜਾਣ। ਇਨ੍ਹਾਂ ਲੀਹਾਂ ਉੱਤੇ ਉਸ ਨੇ ਇੱਕ ਆਰਡੀਨੈਂਸ ਦਾ ਖਰੜਾ ਬਣਾ ਕੇ ਹਿੰਦ ਸਰਕਾਰ ਨੂੰ ਭੇਜਿਆ। ਸਰਕਾਰ ਹਿੰਦ ਉੱਤੇ ਆਪਣੀ ਤਜਵੀਜ਼ ਦਾ ਜ਼ੋਰ ਵਧਾਉਣ ਲਈ ਉਸ ਨੇ 27 ਫਰਵਰੀ 1915 ਨੂੰ ਸਿੱਖ ਸਰਦਾਰ (ਝੋਲੀ ਚੁੱਕ ਜਗੀਰਦਾਰਾਂ) ਦੀ ਇੱਕ ਮੀਟਿੰਗ ਸੱਦੀ, ਸਰਦਾਰਾਂ ਨੇ ਸਭ ਗ਼ਦਰੀਆਂ ਨੂੰ ਇੱਕ ਵਾਢਿਓਂ ਫੜ ਕੇ ਜੇਲ੍ਹਾਂ ਵਿੱਚ ਬੰਦ ਕਰਨ ਦੀ ਸਲਾਹ ਦਿੱਤੀ। ਲੁਧਿਆਣੇ ਦੇ ਗਜੂਨ ਸਿੰਘ ਨੇ ਤਾਂ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਜੇ ਇਨਕਲਾਬੀਆਂ ਦੇ ਵਿਰੁੱਧ ਚੱਲ ਰਹੇ ਮੁਕੱਦਮੇ ਲੰਮੇ ਹੋ ਗਏ ਤਾਂ ਇਹ ਲੋਕਾਂ ਵਿੱਚ ਬੜਾ ਭੈੜਾ ਅਸਰ ਪਾਉਣਗੇ। ਇਸ ਲਈ ਇਨ੍ਹਾਂ ਉੱਤੇ ਸਮਰੀ ਟਰਾਇਲ (ਪੁਲਸ ਦੀ ਰਿਪੋਰਟ ਉੱਤੇ ਹੀ) ਮੁਕੱਦਮੇ ਕੀਤੇ ਜਾਣ। ਇਸ ਸਲਾਹ ਨਾਲ ਸਾਰੇ ਟੋਡੀ ਸਰਦਾਰ ਸਹਿਮਤ ਸਨ। ਪੰਜਾਬ ਸਰਕਾਰ ਨੇ ਸਰਦਾਰਾਂ ਦੀ ਇਸ ਸਲਾਹ ਨੂੰ ਹਿੰਦ ਸਰਕਾਰ ਪਾਸੋਂ "ਹਿੰਦੁਸਤਾਨ ਦੀ ਰੱਖਿਆ" ਨਾਮੀ ਕਾਨੂੰਨ ਪਾਸ ਕਰਾਉਣ ਲਈ ਦਬਾ ਪਾਉਣ ਵਾਸਤੇ ਵਰਤਿਆ।

ਆਖਿਰ ਹਿੰਦ ਸਰਕਾਰ ਨੇ ਓਡਵਾਇਰ ਦੇ ਆਪ ਦਿੱਲੀ ਜਾ ਕੇ ਜ਼ੋਰ ਦੇਣ 'ਤੇ ਇਹ ਸਖ਼ਤ ਕਾਨੂੰਨ ਪਾਸ ਕਰ ਦਿੱਤਾ। ਪਹਿਲੇ ਹਿੰਦ ਅੰਦਰ ਆਉਣ ਦੇ ਕਾਨੂੰਨ ਅਨੁਸਾਰ ਕੇਵਲ ਬਾਹਰੋਂ ਹਿੰਦ ਵਿੱਚ ਦਾਖਲ ਹੋਣ ਵਾਲਿਆਂ ਨੂੰ ਹੀ ਫੜਿਆ ਤੇ ਬੰਦ ਕੀਤਾ ਜਾ ਸਕਦਾ ਸੀ ਪਰ ਹੁਣ ਇਸ ਕਾਨੂੰਨ ਰਾਹੀਂ ਹਿੰਦ ਵਿੱਚ ਵਸ ਰਹੇ ਕਿਸੇ ਵੀ ਬੰਦੇ ਨੂੰ ਬਿਨਾਂ ਵਾਰੰਟ ਤੇ ਜੇਲ੍ਹ ਵਿੱਚ ਬੰਦ ਕੀਤਾ, ਕਿਸੇ ਇਲਾਕੇ ਵਿੱਚੋਂ ਦੇਸ਼ ਨਿਕਾਲਾ ਜਾਂ ਕਿਸੇ ਖਾਸ ਥਾਂ ਨਜ਼ਰਬੰਦ ਕੀਤਾ ਜਾ ਸਕਦਾ ਸੀ।

ਗ਼ਦਰੀ ਮੁਕੱਦਮਿਆਂ ਵਾਸਤੇ ਖਾਸ ਅਦਾਲਤਾਂ (ਟਰਿਬਿਊਨਲ) ਸਥਾਪਤ ਕੀਤੀਆਂ ਜਾ ਸਕਦੀਆਂ ਸਨ ਜੋ ਇਹਨਾਂ ਨੂੰ ਮੌਤ ਦੀ ਸਜ਼ਾ ਤੱਕ ਦੇ ਸਕਦੀਆਂ ਸਨ। ਪਹਿਲਾਂ ਮੈਜਿਸਟਰੇਟਾਂ ਅੱਗੇ ਕੱਚਾ ਮੁਕੱਦਮਾ ਹੋਣ, ਪਿੱਛੋਂ ਅਪੀਲਾਂ ਕਰਨ ਦੀ ਸਾਮਰਾਜੀ ਰਿਆਇਤ ਗ਼ਦਰੀਆਂ ਤੋਂ ਖੋਹ ਲਈ ਗਈ। ਇਸ ਨੇ ਓਡਵਾਇਰ ਨੂੰ ਗ਼ਦਰੀਆਂ ਦੇ ਖ਼ੂਨ ਨਾਲ ਨਹਾਉਣ ਦੇ ਉਹ ਸਾਰੇ ਅਖ਼ਤਿਆਰ ਦੇ ਦਿੱਤੇ ਜਿਨ੍ਹਾਂ ਲਈ ਉਹ ਤਰਲੋਮੱਛੀ ਹੋ ਰਿਹਾ ਸੀ।

ਇਸ ਜਾਬਰ ਕਾਨੂੰਨ ਨੂੰ ਓਡਵਾਇਰ ਨੇ ਬੜੇ ਖੁੱਲ੍ਹੇ ਤਰੀਕੇ ਨਾਲ ਵਰਤਿਆ। ਕਾਨੂੰਨ ਦੀਆਂ ਆਮ ਦੋਸ਼ੀਆਂ ਨੂੰ ਦਿੱਤੀਆਂ ਜਾ ਰਹੀਆਂ ਰਿਆਇਤਾਂ ਖੋਹ ਲਈਆਂ। ਲਾਹੌਰ ਵਿੱਚ ਇੱਕ ਆਪਣੀ ਮਰਜੀ ਦਾ ਸਪੈਸ਼ਲ ਟਰਿਬਿਊਨਲ (ਤਿੰਨ ਜੱਜੀ ਅਦਾਲਤ) ਬਣਾਇਆ ਸੀ ਜਿਸ ਦਾ ਪ੍ਰਧਾਨ ਅ.ਅ. ਇਰਵਿਨ ਅਤੇ ਮੈਂਬਰ ਟ.ਪ. ਐਲਿਸ ਤੇ ਸ਼ਿਵ ਨਰਾਇਣ ਸਨ। ਆਪਣੀ ਕਾਰਵਾਈ ਨੂੰ ਲੋਕਾਂ ਤੋਂ ਲੁਕਾਉਣ ਲਈ ਇਹ ਲਾਹੌਰ ਸੈਂਟਰਲ ਜੇਲ੍ਹ ਅੰਦਰ ਹੀ ਬੈਠਦੀ ਰਹੀ। ਕਿਸੇ ਨੂੰ ਵੀ ਆਗਿਆ ਪੱਤਰ ਤੋਂ ਬਿਨਾ ਅੰਦਰ ਆਉਣ ਦੀ ਇਜਾਜ਼ਤ ਨਹੀਂ ਸੀ। ਇਸ ਦੀ ਕਾਰਵਾਈ ਅਖ਼ਬਾਰਾਂ ਵਾਲਿਆਂ ਨੂੰ ਨੋਟ ਕਰਨ ਨਹੀਂ ਦਿੱਤੀ ਜਾਂਦੀ ਸੀ। ਝੂਠੀਆਂ ਗਵਾਹੀਆਂ ਪੇਸ਼ ਕੀਤੀਆਂ ਜਾਂਦੀਆਂ। ਗਵਾਹਾਂ ਕੋਲੋਂ ਇਸ਼ਾਰੇ ਨਾਲ ਸਨਾਖ਼ਤ ਕਰਵਾਈ ਜਾਂਦੀ। ਪੁਲਸ ਇੱਕ ਮਾੜੀ ਮੋਟੀ ਕਹਾਣੀ ਜਿਹੀ ਬਣਾ ਕੇ ਪ੍ਰੈਸ ਨੂੰ ਖ਼ਬਰ ਦਿੰਦੀ ਸੀ ਜੋ ਅਖ਼ਬਾਰਾਂ ਵਿੱਚ ਛਾਪੀ ਜਾਂਦੀ। ਉਡਵਾਇਰ ਦੇ ਮਾਤਹਿੱਤ ਇਹ ਅਦਾਲਤ ਸਾਮਰਾਜੀ ਕਹਿਰ ਦੇ ਜ਼ੁਲਮ ਦਾ ਸਾਕਾਰ ਨਮੂਨਾ ਬਣ ਗਈ।

ਗ੍ਰਿਫ਼ਤਾਰ ਕੀਤੇ ਗ਼ਦਰੀਆਂ 'ਤੇ ਅੰਨ੍ਹਾ ਤਸ਼ੱਦਦ ਕੀਤਾ ਗਿਆ, ਬੈਂਤਾਂ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ। ਮਾੜੇ ਬੋਲ ਬੋਲੇ ਗਏ,





ਦਾੜ੍ਹੀਆਂ ਖਿੱਚੀਆਂ ਗਈਆਂ, ਰਾਈਫਲਾਂ ਦੇ ਵੱਟ ਮਾਰੇ ਗਏ। ਮਾਈਕਲ ਓਡਵਾਇਰ ਨੇ ਹਦਾਇਤਾਂ ਦਿੱਤੀਆਂ ਕਿ ਗ਼ਦਰੀਆਂ ਨੂੰ ਸਖ਼ਤ ਸਬਕ ਸਿਖਾਇਆ ਜਾਵੇ। ਜਿਨ੍ਹਾਂ ਨੇ ਇਨ੍ਹਾਂ ਦੀ ਮਦਦ ਕੀਤੀ ਅਤੇ ਇਥੋਂ ਤੱਕ ਜਿਨ੍ਹਾਂ ਨੇ ਰੋਟੀ ਤੱਕ ਖਵਾਈ, ਨੂੰ ਸਖ਼ਤੀ ਨਾਲ ਦਬਾਇਆ ਜਾਵੇ। ਇਹ ਉਮੀਦ ਕੀਤੀ ਗਈ ਕਿ ਇਹ ਸਖ਼ਤੀ ਦੂਸਰਿਆਂ ਨੂੰ ਇਸ ਰਸਤੇ ਤੁਰਨ ਤੋਂ ਰੋਕ ਸਕੇਗੀ।

ਪੁਲਸ ਨੇ ਦਬਾਅ ਬਣਾ ਕੇ ਕਈਆਂ ਨੂੰ ਵਾਅਦਾ ਮੁਆਫ਼ ਗਵਾਹ ਬਣਾ ਕੇ ਦੂਸਰੇ ਗ਼ਦਰੀਆਂ ਦੀਆਂ ਸ਼ਨਾਖਤਾਂ ਕਰਵਾ ਕੇ ਝੂਠੇ ਬਿਆਨ ਦੁਆ ਕੇ ਸਜ਼ਾਵਾਂ ਦਿੱਤੀਆਂ। ਪੁਲਸ ਵੱਲੋਂ ਅਪਨਾਏ ਵਹਿਸ਼ੀਆਨਾ ਢੇਰਾਂ ਤਰੀਕੇ ਜਿਨ੍ਹਾਂ ਨੇ ਬਹੁਤ ਸਾਰੇ ਨੇਤਾਵਾਂ ਨੂੰ ਆਪਣੇ ਹੀ ਸਹਿਯੋਗੀਆਂ ਵਿਰੁੱਧ ਸੂਹ ਦੇਣ ਲਈ ਮਜਬੂਰ ਕੀਤਾ।

ਸਰਕਾਰ ਨੇ ਗ਼ਦਰੀਆਂ ਨੂੰ ਗ੍ਰਿਫ਼ਤਾਰ ਕਰਵਾਉਣ ਦੇ ਇਨਾਮ ਵੀ ਦਿੱਤੇ ਨੇਕਨਾਮੀ ਦੀਆਂ ਚਿੱਠੀਆਂ ਤੇ ਲਾਇਸੈਂਸੀ ਰਾਈਫਲਾਂ ਦਿੱਤੀਆਂ।

ਜਿਨ੍ਹਾਂ ਜ਼ੈਲਦਾਰਾਂ, ਲੰਬੜਦਾਰਾਂ ਤੇ ਹੋਰ ਟੋਡੀਆਂ ਨੇ ਗ਼ਦਰੀਆਂ ਨੂੰ ਫੜਾਇਆ ਤਾਂ ਬਾਅਦ ਵਿਚ ਜਦੋਂ ਗ਼ਦਰੀਆਂ ਦੇ ਸਾਥੀਆਂ ਨੇ ਇਨ੍ਹਾਂ ਟੋਡੀਆਂ ਨੂੰ ਮਾਰ ਮੁਕਾਇਆ ਤਾਂ ਓਡਵਾਇਰ ਵਲੋਂ ਇਨ੍ਹਾਂ ਟੋਡੀਆਂ ਦੇ ਪਰਿਵਾਰਾਂ ਨੂੰ ਫੌਰੀ ਸਪੈਸ਼ਲ ਪੈਨਸ਼ਨਾਂ, ਸਰਕਾਰੀ ਜ਼ਮੀਨਾਂ ਉਸ ਵੇਲੇ ਦਿੱਤੀਆਂ ਉਨ੍ਹਾਂ ਦੇ ਪਿੰਡਾਂ ਨੂੰ ਇਨਾਮ ਵਜੋਂ ਟੈਕਸ ਮੁਆਫ ਕੀਤੇ ਅਤੇ ਨਾਲ ਹੀ ਦੋਸ਼ੀ ਗ਼ਦਰੀਆਂ ਨੂੰ ਫੜ ਕੇ ਜਲਦੀ ਤੋਂ ਜਲਦੀ ਸਜ਼ਾਵਾਂ ਦਿਵਾਈਆਂ।

ਸਰਕਾਰ ਵੱਲੋਂ ਗ਼ਦਰ ਪਾਰਟੀ ਵੱਲੋਂ ਬਾਹਰੋਂ ਭੇਜੇ ਜਾਂਦੇ ਗ਼ਦਰ ਅਖ਼ਬਾਰ ਇਸ ਦੀਆਂ ਕਟਿੰਗਾਂ, ਇਸਦੇ ਲੇਖ ਅਧਾਰਤ ਖ਼ਤਾਂ ਨੂੰ ਲੋਕਾਂ ਤੱਕ ਪਹੁੰਚਣ ਤੋਂ ਰੋਕਣ ਲਈ ਬਾਹਰੋਂ ਆਉਂਦੀ ਡਾਕ ਨੂੰ ਸੈਂਸਰ ਕੀਤਾ ਗਿਆ।

ਓਡਵਾਇਰ ਨੇ ਪੰਜਾਬ ਵਿੱਚ ਪੱਤਰਕਾਰਿਤਾ ਦਾ ਗਲਾ ਘੁੱਟ ਦਿੱਤਾ। ਕਈ ਅਖ਼ਬਾਰਾਂ ਜਬਤ ਕੀਤੀਆਂ, 'ਸਦਾਕਤ' ਜਮਹੂਰ, 'ਨਕਾਸ', ਨੀਓ ਇੰਡੀਆ' ਦੇ ਪੰਜਾਬ 'ਚ ਦਾਖਲੇ ਬੰਦ ਕਰ ਦਿੱਤੇ।

ਗ਼ਦਰੀਆਂ ਵਲੋਂ 12 ਫਰਵਰੀ 1915 ਨੂੰ ਫੈਸਲਾ ਕੀਤਾ ਗਿਆ ਕਿ 21 ਫਰਵਰੀ ਨੂੰ ਗ਼ਦਰ ਮਚਾ ਦਿੱਤਾ ਜਾਵੇ। ਇਸ ਅਨੁਸਾਰ 21 ਦੀ ਰਾਤ ਨੂੰ ਲਾਹੌਰ ਦੀ ਫੌਜੀ ਛਾਉਣੀ ਮੀਆਂ ਮੀਰ ਉੱਤੇ ਕਬਜ਼ਾ ਕਰਨ ਤੇ ਕਰਤਾਰ ਸਿੰਘ ਸਰਾਭਾ ਦੀ ਅਗਵਾਈ ਵਾਲੀ ਟੀਮ ਨੇ ਫਿਰੋਜ਼ਪੁਰ ਫੌਜੀ ਛਾਉਣੀ 'ਤੇ ਕਬਜ਼ਾ ਕਰਨਾ ਸੀ ਤੇ ਉਸੇ ਰਾਤ ਮੇਰਠ ਵਿਚ ਰੈਜਮੈਂਟ 'ਚ ਵਿਦਰੋਹ ਦੀ ਸਕੀਮ ਸੀ ਤੇ ਵਿਸ਼ਨੂੰ ਗਣੇਸ਼ ਪਿੰਗਲੇ ਨੇ ਮੋਰਚਾ ਲਾਉਣਾ ਸੀ।

21 ਫਰਵਰੀ ਦੀ ਯੋਜਨਾ ਦੀ ਖ਼ਬਰ ਇੱਕ ਮੁਖ਼ਬਰ ਕਿਰਪਾਲ ਸਿੰਘ ਨੇ ਸਰਕਾਰ ਨੂੰ ਦੇ ਦਿੱਤੀ। ਕਿਸੇ ਤਰ੍ਹਾਂ ਇਹ ਗ਼ਦਰੀਆਂ ਦੀ ਲੀਡਰਸ਼ਿਪ ਦੇ ਅੰਦਰੂਨੀ ਦਾਇਰੇ ਵਿਚ ਦਾਖਲ ਹੋਣ ਵਿਚ ਸਫਲ ਹੋ ਗਿਆ ਸੀ। ਗ਼ਦਰ ਦੀ ਤਾਰੀਖ 21 ਫਰਵਰੀ ਤੋਂ ਬਦਲ ਕੇ 19 ਫਰਵਰੀ ਰੱਖ ਦਿੱਤੀ। ਪਰ ਸਰਕਾਰ ਨੂੰ ਇਸ ਦਾ ਵੀ ਪਤਾ ਲੱਗ ਗਿਆ ਅਤੇ ਲਾਹੌਰ 'ਚ ਗ਼ਦਰੀਆਂ ਦੇ 4 ਟਿਕਾਣਿਆਂ 'ਤੇ ਛਾਪੇ ਮਾਰ ਕੇ 13 ਗ਼ਦਰੀ ਫੜ ਲਏ।

ਓਡਵਾਇਰ ਨੇ ਸਾਲ 1925 'ਚ ਛਾਪੀ ਆਪਣੀ ਕਿਤਾਬ 'ਭਾਰਤ ਜਿਵੇਂ ਕਿ ਮੈਂ ਜਾਣਿਆ' 'ਚ ਲਿਖਿਆ ਕਿ 19 ਫਰਵਰੀ 1915 ਦੀ ਰਾਤ ਨੂੰ ਲਾਹੌਰ ਛਾਉਣੀ ਦੀ ਬਗਾਵਤ ਦੀ ਸਕੀਮ ਫੇਲ੍ਹ ਕਰ ਦਿੱਤੀ ਤੇ ਹੋਰਨਾਂ ਛਾਉਣੀਆਂ ਸਿਆਲਕੋਟ, ਫਿਰੋਜ਼ਪੁਰ, ਰਾਵਲਪਿੰਡੀ ਆਦਿ 'ਚ ਤਾਰ ਭੇਜ ਕੇ ਚੌਕੰਨੇ ਕਰ ਦਿੱਤੇ। ਲਾਹੌਰ ਤੇ ਫਿਰੋਜ਼ਪੁਰ ਕੈਂਟ 'ਚ ਗ਼ਦਰ ਪਾਰਟੀ ਦੇ ਸਮੂਹ ਇਕੱਠੇ ਹੋ ਗਏ ਸਨ ਤਾਂ ਕਿ ਜਦੋਂ ਫੌਜ 'ਚ ਬਗਾਵਤ ਹੋਵੇ ਤਾਂ ਉਹ ਛਾਉਣੀ ਅੰਦਰ ਚਲੇ ਜਾਣ, ਕੁਝ ਬਾਗੀ ਸਿੱਖ ਫੌਜੀਆਂ ਦਾ ਕੋਰਟ ਮਾਰਸ਼ਲ ਕੀਤਾ ਗਿਆ ਅਤੇ 12 ਫੌਜੀਆਂ ਨੂੰ ਫਾਂਸੀ ਦਿੱਤੀ ਗਈ। ਮੈਂ ਇਸ ਗੱਲ ਨੂੰ ਜਾਨਣ 'ਚ ਰੁਝਿਆ ਰਿਹਾ ਸੀ ਕਿ ਇਨ੍ਹਾਂ 'ਚੋਂ ਕਿੰਨੇ ਫੌਜੀ ਮੇਰੇ ਸੁਰੱਖਿਆ ਅਮਲੇ 'ਚ ਲੱਗੇ ਸਨ।

ਗ਼ਦਰ ਲਹਿਰ ਦੇ ਮਹਾਨ ਸੂਰਬੀਰਾਂ ਸ਼ਹੀਦ ਕਰਤਾਰ ਸਿੰਘ ਸਰਾਭਾ, ਵਿਸ਼ਨੂੰ ਗਣੇਸ਼ ਪਿੰਗਲੇ, ਭਾਈ ਜਗਤ ਸਿੰਘ, ਭਾਈ ਹਰਨਾਮ ਸਿੰਘ ਟੁੰਡੀਲਾਟ, ਭਾਈ ਸੁਰੈਣ ਸਿੰਘ, ਕਾਂਸ਼ੀ ਰਾਮ ਮੜੌਲੀ, ਡਾ. ਮਥਰਾ ਦਾਸ ਤੇ ਹੋਰਨਾਂ ਗ਼ਦਰੀਆਂ ਨੂੰ ਫਾਂਸੀਆਂ ਦਿੱਤੀਆਂ, ਉਮਰ ਕੈਦ ਦੀਆਂ ਸਜ਼ਾਵਾਂ ਦਿਵਾਈਆਂ, ਕਾਲੇ ਪਾਣੀ ਭੇਜਿਆ, ਬਹੁਤ ਸਾਰਿਆਂ ਦੀਆਂ ਜਾਇਦਾਦਾਂ ਜਬਤ ਕਰਵਾਈਆਂ ਅਤੇ ਤਸੀਹੇ ਦਿੱਤੇ। ਜੇਲ੍ਹਾਂ 'ਚ ਰਿਸ਼ਤੇਦਾਰਾਂ ਨੂੰ ਮਿਲਣ ਨਾ ਦਿੱਤਾ। ਫਾਂਸੀ ਤੋਂ ਬਾਅਦ ਲਾਸ਼ਾਂ ਵੀ ਪਰਿਵਾਰਾਂ ਨੂੰ ਨਾ ਸੌਂਪੀਆਂ। ਕਈ ਗ਼ਦਰੀਆਂ ਨੂੰ ਗੁੱਪ ਚੁੱਪ ਤਰੀਕੇ ਨਾਲ ਫਾਂਸੀਆਂ ਦਿੱਤੀਆਂ।

ਅੰਗਰੇਜ਼ੀ ਸਰਕਾਰ ਨੇ ਨਿਯੁਕਤ ਕੀਤੇ ਗਏ ਵਿਸ਼ੇਸ਼ ਟ੍ਰਿਬਿਊਨਲ ਨੇ ਗ਼ਦਰ ਪਾਰਟੀ ਦੇ ਕ੍ਰਾਂਤੀਕਾਰੀਆਂ ਦੇ ਨੌਂ ਜੱਥਿਆਂ 'ਤੇ ਵੱਖ-ਵੱਖ ਸਮੇਂ 'ਤੇ ਮੁਕੱਦਮੇ ਚਲਾਏ, 291 ਨੂੰ ਫਾਂਸੀ ਦਿੱਤੀ, 114 ਨੂੰ ਦੇਸ਼ ਨਿਕਾਲਾ ਤੇ 93 ਨੂੰ ਵੱਖ-ਵੱਖ ਮਿਆਦ ਦੀਆਂ ਸਜ਼ਾਵਾਂ ਅਤੇ 42 ਨੂੰ ਛੱਡ ਦਿੱਤਾ।

ਅੰਡੇਮਾਨ ਦੀ ਸੈਲੂਲਰ ਜੇਲ੍ਹ (ਪੋਰਟ ਬਲੇਅਰ) 'ਚ ਤੇ ਹੋਰ ਜੇਲ੍ਹਾਂ 'ਚ ਗ਼ਦਰੀਆਂ ਤੇ ਬਹੁਤ ਜ਼ੁਲਮ ਢਾਇਆ ਗਿਆ। ਦੋ-ਦੋ ਨੂੰ ਮਿਲਾ ਕੇ ਹੱਥੀਂ ਪੱਕੇ ਕੜੇ ਲਗਾ ਕੇ ਬੇੜੀਆਂ ਪਾਈਆਂ ਗਈਆਂ। ਬੇੜੀਆਂ ਪਾ ਕੇ ਤੰਗ ਪਿੰਜਰੇ 'ਚ ਬੰਦ ਰੱਖ ਕੇ ਅੱਧੀ ਖੁਰਾਕ ਦਿੱਤੀ ਗਈ, ਖੜ੍ਹੇ ਹੱਥ ਕੜੀ ਦੀ ਸਜ਼ਾ,30 ਬੈਂਤਾਂ ਦੀ ਸਜ਼ਾ ਦਿੱਤੀ ਗਈ, ਕੋਹਲੂ ਤੇ ਚੱਕੀਆਂ ਦਾ ਕੰਮ ਲਿਆ ਗਿਆ, ਗੱਤੇ ਦੀ ਕੁਟਾਈ, ਨਾਰੀਅਲ ਦੇ ਛਿਲਕੇ ਦੀ ਕੁਟਾਈ ਆਦਿ ਗੈਰ ਮਨੁੱਖੀ ਮੁਸ਼ੱਕਤਾ ਲਾਈਆ ਗਈਆਂ। ਦਿੱਤੇ ਗਏ ਟਾਰਗੇਟ ਨੂੰ ਪੂਰਾ ਨਾ ਕਰਨ ਤੇ ਕੋੜੇ ਮਾਰਦੇ ਜਾਂਦੇ, ਬੇੜੀਆਂ ਪਾਈਆਂ ਜਾਂਦੀਆਂ, ਭੁੱਖੇ ਰੱਖਿਆ ਜਾਂਦਾ, ਕੋੜੇ ਮਾਰਦੇ ਜਾਣਾ ਜਦੋਂ ਤੱਕ ਖ਼ੂਨ ਨਾ ਨਿਕਲ ਜਾਵੇ, ਬਿਮਾਰ ਹੋਣ ਤੇ ਹਸਪਤਾਲ ਨਾ ਭੇਜਣਾ ਆਦਿ ਸਜ਼ਾਵਾਂ ਦਿੱਤੀਆਂ ਜਾਂਦੀਆਂ। ਕਈ ਗ਼ਦਰੀ ਜੇਲ੍ਹਾਂ 'ਚ ਹੀ ਮਰ ਗਏ। ਇੱਕ ਗ਼ਦਰੀ ਨੇ ਜੇਲ੍ਹਾਂ 'ਚ ਹਾਲਤ ਬਾਰੇ ਕਿਹਾ ਸੀ, ਜੇਲ੍ਹਾਂ 'ਚ ਪਸ਼ੂਆਂ ਤੋਂ ਵੀ ਭੈੜੀ ਖੁਰਾਕ, ਕੱਚੀ-ਪਿੱਲੀ ਕਿਰਕ ਵਾਲੀ ਨਾ ਮਾਤਰ ਰੋਟੀ, ਬਦਬੂ ਮਾਰਦੀ ਦਾਲ, ਨਹਾਉਣ ਲਈ ਨਾ ਸਾਬਣ ਨਾ ਤੇਲ, ਚੂਹਿਆਂ ਵਾਲੀਆਂ ਕੋਠੜੀਆਂ, ਜਿਨ੍ਹਾਂ 'ਚ ਨਾ ਲਾਈਟਾਂ ਨਾ ਰੌਸ਼ਨਦਾਨ, ਕੋਠੜੀਆਂ ਅੰਦਰ ਹੀ ਟੱਟੀ ਪਿਸ਼ਾਬ ਦਾ ਪ੍ਰਬੰਧ, ਰਾਤ ਦੇ ਸਮੇਂ ਬੇੜੀਆਂ ਵਿੱਚ ਵੀ ਸੰਗਲ ਲੰਘਾ ਕੇ ਦਰਵਾਜ਼ੇ ਨਾਲ ਬੰਨ੍ਹਿਆ ਜਾਂਦਾ ਸੀ। ਦਰਵਾਜ਼ਾ ਦਿਨ ਰਾਤ ਬੰਦ ਰਹਿੰਦਾ ਸੀ।

ਮਾਈਕਲ ਓਡਵਾਇਰ ਨੇ ਧੰਨਵਾਦ ਸਹਿਤ ਮੰਨਿਆ ਕਿ ਗ਼ਦਰ ਲਹਿਰ ਦੇ ਫਹਿ-ਫੇਰੀ ਹੋਣ ਦਾ ਬਹੁਤ ਸਿਹਰਾ ਸਿੱਖ ਕਮੇਟੀਆਂ ਦੇ ਮੈਂਬਰਾਂ ਸਿਰ ਜਾਂਦਾ ਹੈ ਜਿਹੜੀਆਂ ਚੀਫ਼ ਖਾਲਸਾ ਦੀਵਾਨ ਅਤੇ ਪਿੰਡਾਂ ਦੇ ਚੌਧਰੀਆਂ ਨੇ ਬਣਾਈਆਂ ਸਨ।

ਮਾਈਕਲ ਓਡਵਾਇਰ ਨੇ ਦਿੱਲੀ ਦੀ ਕਾਨੂੰਨ-ਘੜਨੀ ਕੌਂਸਲ ਵਿਚ ਤਕਰੀਰ ਕਰਦਿਆਂ ਕਿਹਾ ਕਿ ਜੇ ਸੀ.ਆਈ.ਡੀ. ਦੀ ਮਦਦ ਨਾਲ ਗ਼ਦਰ ਪਾਰਟੀ ਲਹਿਰ ਨੂੰ ਦਬਾਇਆ ਨਾ ਜਾਂਦਾ ਤਾਂ ਲੜਾਈ ਸ਼ੁਰੂ ਹੋਣ ਵੇਲੇ ਤੋਂ ਸਲਤਨਤ ਦੀ ਮਦਦ ਲਈ ਜੋ ਸਾਢੇ ਤਿੰਨ ਲੱਖ ਜਾਂ ਚਾਰ ਲੱਖ ਪੰਜਾਬੀ ਭਰਤੀ ਕੀਤੇ ਗਏ ਉਹ ਨਾ ਕੀਤੇ ਜਾ ਸਕਦੇ।

ਮਾਈਕਲ ਓਡਵਾਇਰ ਕਹਿੰਦਾ ਸੀ ਮੈਂ ਗ਼ਦਰ ਦਾ ਝੰਡਾ 'ਵਾਰ ਟਰਾਫੀ' ਵਜੋਂ ਸੇਵਾ ਮੁਕਤੀ ਪਿੱਛੋਂ ਇੰਗਲੈਂਡ ਲੈ ਗਿਆ।

ਨੋਟ : ਇਸੇ ਮਾਈਕਲ ਓਡਵਾਇਰ ਨੂੰ 13 ਮਾਰਚ 1940 ਨੂੰ ਊਧਮ ਸਿੰਘ ਨੇ (ਲੰਡਨ) ਇੰਗਲੈਂਡ ਦੇ ਕੈਕਸਟਨ ਹਾਲ 'ਚ ਗੋਲੀ ਮਾਰ ਕੇ ਮਾਰਿਆ ਸੀ।

**ਮੋਬਾ: 97792-32276**

# .ਗ਼ਦਰ ਪਾਰਟੀ ਸਥਾਪਨਾ ਦਿਹਾੜੇ 'ਤੇ ਸਮਾਗਮ

## ਮੌਜੂਦਾ ਲੋਕ-ਦੋਖੀ ਨਿਜ਼ਾਮ ਨੂੰ ਮੂਲੋਂ ਬਦਲਣਾ ਸਮੇਂ ਦੀ ਲੋੜ ਹੈ: ਡਾ. ਅਤੁਲ





ਜਲੰਧਰ : 21 ਅਪ੍ਰੈਲ 1913 ਨੂੰ ਅਮਰੀਕਾ 'ਚ ਜੱਥੇਬੰਦ ਹੋਈ ਗ਼ਦਰ ਪਾਰਟੀ ਦੇ ਸਥਾਪਨਾ ਦਿਹਾੜੇ 'ਤੇ ਅੱਜ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਦੇਸ਼ ਭਗਤ ਯਾਦਗਾਰ ਹਾਲ 'ਚ ਯਾਦਗਾਰੀ ਸਮਾਗਮ ਕੀਤਾ ਗਿਆ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਦਰਬਾਰਾ ਸਿੰਘ ਢਿੱਲੋਂ, ਜਨਰਲ ਸਕੱਤਰ ਡਾ. ਰਘਬੀਰ ਕੌਰ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਇਤਿਹਾਸ ਸਬ-ਕਮੇਟੀ ਦੇ ਕਨਵੀਨਰ ਨੌਨਿਹਾਲ ਸਿੰਘ ਦੀ ਪ੍ਰਧਾਨਗੀ 'ਚ ਹੋਏ ਇਸ ਸਮਾਗਮ ਦਾ ਉਦਘਾਟਨ, ਕਮੇਟੀ ਦੇ ਖਜ਼ਾਨਚੀ ਸੀਤਲ ਸਿੰਘ ਸੰਘਾ ਵੱਲੋਂ ਗ਼ਦਰ ਪਾਰਟੀ ਦਾ ਝੰਡਾ ਲਹਿਰਾਉਣ ਨਾਲ ਹੋਇਆ।

ਸੀਤਲ ਸਿੰਘ ਸੰਘਾ ਨੇ ਇਸ ਮੌਕੇ ਕਿਹਾ ਕਿ ਸਾਡੇ ਗੌਰਵਮਈ ਵਿਰਸੇ ਦੇ ਨਾਇਕ ਬਾਬਾ ਬੰਦਾ ਸਿੰਘ ਬਹਾਦਰ, ਗ਼ਦਰੀ, ਬੱਬਰ ਅਕਾਲੀ, ਕਿਰਤੀ ਅਤੇ ਭਗਤ ਸਿੰਘ ਹੋਰਾਂ ਨੇ ਜੋ ਪੈੜਾਂ ਪਾਈਆਂ ਉਹਨਾਂ ਦੀ ਸਿਰਫ ਮਹਿਮਾ ਗਾਇਨ ਕਰਨ ਦਾ ਵੇਲਾ ਨਹੀਂ ਸਗੋਂ ਲੋਕਾਂ ਨੂੰ ਜਾਗਰੂਕ ਕਰਕੇ ਲਾਮਬੰਦ ਕਰਨ ਅਤੇ ਸੰਗਰਾਮ ਦੇ ਰਾਹ ਤੋਰਨ ਦਾ ਵੇਲਾ ਹੈ।

ਡਾ. ਪਰਮਿੰਦਰ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਨੇ ਡਾ. ਅਤੁਲ ਬਾਰੇ ਅਤੇ ਅੱਜ ਦੀ ਵਿਚਾਰ-ਚਰਚਾ ਦੇ ਵਿਸ਼ੇ 'ਸਾਮਰਾਜੀ ਹੱਲਾ ਅਤੇ ਚੁਣੌਤੀਆਂ' ਬਾਰੇ ਚਾਨਣਾ ਪਾਇਆ।

ਸਮਾਗਮ 'ਚ ਸ਼੍ਰੋਮਣੀ ਨਾਟਕਕਾਰ ਸ੍ਰੀ ਗੁਰਸ਼ਰਨ ਸਿੰਘ ਦੇ ਦਾਮਾਦ, ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਨਵੀਂ ਦਿੱਲੀ ਦੇ ਪ੍ਰੋ. ਅਤੁਲ ਨੇ ਮੁੱਖ ਬੁਲਾਰੇ ਵਜੋਂ ਬੋਲਦਿਆਂ ਕਿਹਾ ਕਿ 100 ਵਰ੍ਹੇ ਪਹਿਲਾਂ ਗ਼ਦਰ ਪਾਰਟੀ ਵੱਲੋਂ ਮਿਥੇ ਉਦੇਸ਼ ਅੱਜ ਹੋਰ ਵੀ ਪ੍ਰਸੰਗਕ ਹਨ।

ਉਹਨਾਂ ਜ਼ੋਰ ਦੇ ਕੇ ਕਿਹਾ ਕਿ ਆਜ਼ਾਦ, ਜਮਹੂਰੀ, ਧਰਮ-ਨਿਰਪੱਖ ਅਤੇ ਸਾਂਝੀਵਾਲਤਾ ਵਾਲੇ ਸਮਾਜ ਦੀ ਸਿਰਜਣਾ ਕਰਨਾ ਹੀ ਗ਼ਦਰੀ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਹੈ।

ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਨਵੀਂ ਦਿੱਲੀ ਤੋਂ ਆਏ ਮੁੱਖ ਬੁਲਾਰੇ ਡਾ. ਅਤੁਲ ਨੇ ਕਿਹਾ ਕਿ ਜਿਸ ਤਰ੍ਹਾਂ ਸੁਨਹਿਰੀ ਸੁਪਨੇ ਸਾਡੇ ਗ਼ਦਰੀ ਦੇਸ਼ ਭਗਤਾਂ ਨੇ ਲਏ ਸਨ, ਅੱਜ ਸਮਾਂ ਆ ਗਿਆ ਕਿ ਅਸੀਂ ਰਵਾਇਤੀ ਅੰਦਾਜ਼ 'ਚ ਇਤਿਹਾਸਕ ਵਿਰਸੇ ਨੂੰ ਸਿਜਦਾ ਕਰਨ ਦੀ ਬਜਾਏ ਨਵੇਂ ਅੰਦਾਜ਼ 'ਚ ਨਵੇਂ ਗ਼ਦਰ ਲਈ ਚੇਤਨ ਇਨਕਲਾਬੀ ਜਨਤਕ ਲਹਿਰ ਦੀ ਉਸਾਰੀ ਕਰਦੇ ਹੋਏ ਅੱਗੇ ਵਧੀਏ।

ਉਹਨਾਂ ਕਿਹਾ ਕਿ ਰੰਗ ਬਰੰਗੇ ਭਾਰਤੀ ਹਾਕਮ ਧੜੇ ਸਾਮਰਾਜੀ ਦਿਸ਼ਾ ਨਿਰਦੇਸ਼ਾਂ ਦੇ ਬੱਝੇ ਹੋਏ ਹਮੇਸ਼ਾ ਅਜੇਹੇ ਕਦਮ ਚੁੱਕਦੇ ਹਨ, ਜਿਨ੍ਹਾਂ ਸਦਕਾ ਭਾਰਤ ਦੇ ਖਣਿਜ ਪਦਾਰਥ, ਜਲ, ਜੰਗਲ, ਜ਼ਮੀਨ ਖੋਹੀ ਜਾਂਦੀ ਹੈ। ਲੋਕਾਂ ਪੱਲੇ ਪੈਂਦੀ ਹੈ ਭੁੱਖ, ਨੰਗ, ਕਰਜ਼ੇ, ਖੁਦਕੁਸ਼ੀਆਂ, ਬੇਰੁਜ਼ਗਾਰੀ, ਵਹਿਸ਼ੀ ਲੁੱਟ ਅਤੇ ਆਰਥਿਕ ਸਮਾਜਕ ਡੂੰਘਾ ਪਾੜਾ। ਉਹਨਾਂ ਕਿਹਾ ਕਿ ਜਦੋਂ ਭਾਰਤੀ ਲੋਕ ਆਪਣੇ ਹੱਕਾਂ ਲਈ ਗ਼ਦਰੀ ਦੇਸ਼ ਭਗਤਾਂ ਦੇ ਰਾਹ 'ਤੇ ਉਠਕੇ ਜੂਝਦੇ ਹਨ ਤਾਂ ਉਹਨਾਂ ਨੂੰ 'ਦਹਿਸ਼ਤਗਰਦ', 'ਵਿਕਾਸ ਦੇ ਰਾਹ 'ਚ ਰੋੜੇ' ਆਦਿ ਨਾਵਾਂ ਨਾਲ ਲੇਬਲ ਕਰਕੇ ਉਹਨਾਂ ਉਪਰ ਪੁਲਸ ਫੌਜ, ਨੀਮ ਫੌਜੀ ਦਸਤਿਆਂ ਨਾਲ ਹੱਲਾ ਬੋਲਿਆ ਜਾਂਦਾ ਹੈ।

ਡਾ. ਅਤੁਲ ਨੇ ਕਿਹਾ ਕਿ ਮੌਜੂਦਾ ਪ੍ਰਬੰਧ ਦੇ ਅੰਦਰ ਲੋਕ ਭਲਾਈ, ਸ਼ਾਂਤੀ ਜਾਂ ਇਨਸਾਫ਼ ਦੀ ਆਸ ਕਰਨਾ ਝੋਟਿਆਂ ਵਾਲੇ ਘਰੋਂ ਲੱਸੀ ਭਾਲਣ ਦੇ ਬਰਾਬਰ ਹੈ। ਵਕਤ ਦੀ ਕੇਂਦਰੀ ਲੋੜ ਇਸ ਲੁੱਟ ਅਧਾਰਤ ਪ੍ਰਬੰਧ ਨੂੰ ਮੂਲੋਂ ਬਦਲਣਾ ਹੈ। ਇਨਕਲਾਬੀ ਸਮਾਜਕ ਤਬਦੀਲੀ ਕਰਨਾ ਹੈ।

ਉਹਨਾਂ ਕੇਂਦਰੀ ਨੁਕਤੇ ਵਜੋਂ ਜ਼ੋਰ ਦੇ ਕੇ ਕਿਹਾ ਕਿ ਲੋਕਾਂ ਲਈ ਅਸਲ ਚੁਣੌਤੀ ਦੇ ਮੁੱਦੇ ਆਰਥਕ, ਸਮਾਜਕ, ਰਾਜਨੀਤਕ ਮਾਰੂ ਹੱਲੇ ਦੇ ਨੇ, ਹਾਕਮ ਜਮਾਤਾਂ ਗਿਣੀ ਮਿਥੀ ਯੋਜਨਾ ਤਹਿਤ, ਸੰਪਰਦਾਇਕਤਾ, ਅਮਨ-ਕਾਨੂੰਨ, ਵਿਕਾਸ ਦੇ ਫੋਕੇ ਨਾਅਰੇ ਉਭਾਰਕੇ ਅਸਲ ਨਿਸ਼ਾਨੇ ਤੋਂ ਲੋਕਾਂ ਦਾ ਧਿਆਨ ਪਾਸੇ ਕਰਨ ਦੀਆਂ ਨਿਰੰਤਰ ਚਤੁਰਾਈਆਂ ਕਰਦੀਆਂ ਰਹਿੰਦੀਆਂ ਹਨ, ਜਿਨ੍ਹਾਂ ਤੋਂ ਖ਼ਬਰਦਾਰ ਰਹਿਣ ਦੀ ਲੋੜ ਹੈ।

ਡਾ. ਅਤੁਲ ਨੇ ਕਿਹਾ ਕਿ ਮੋਦੀ ਹਕੂਮਤ ਦੀ 'ਵਿਕਾਸ', 'ਸਵੱਛ ਭਾਰਤ' ਦੀ ਡੌਂਡੀ ਦੀ ਹਕੀਕਤ ਸਭ ਦੇ ਸਾਹਮਣੇ ਆ ਜਾਏਗੀ, ਉਹ ਸਿਰਫ ਸਾਮਰਾਜੀ ਕਾਰਪੋਰੇਟ ਘਰਾਣਿਆਂ ਦੀ ਸੇਵਾ ਲਈ ਸਾਡਾ ਪੂਰਾ ਮੁਲਕ ਉਹਨਾਂ ਦੇ ਹਵਾਲੇ ਕਰ ਰਹੇ ਹਨ ਅਤੇ ਸਮਾਰਟ ਸਿਟੀ ਦੇ ਬੋਝ ਹੇਠ ਲੋਕਾਂ ਦੇ ਕੋਠੜਿਆਂ ਨੂੰ ਦੱਬਣ ਦੀਆਂ ਗੋਂਦਾਂ ਗੁੰਦੀਆਂ ਜਾ ਰਹੀਆਂ ਹਨ।

ਪ੍ਰਧਾਨਗੀ ਮੰਡਲ ਦੀ ਤਰਫ਼ੋਂ ਬੋਲਦਿਆਂ ਇਤਿਹਾਸ ਕਮੇਟੀ ਦੇ ਕਨਵੀਨਰ ਨੌਨਿਹਾਲ ਸਿੰਘ ਨੇ ਕਿਹਾ ਕਿ ਡਾ. ਅਤੁਲ ਦਾ ਭਾਸ਼ਨ ਵਿਸ਼ੇਸ਼ ਤੌਰ 'ਤੇ ਸਾਡਾ ਧਿਆਨ ਖਿੱਚਦਾ ਹੈ ਕਿ ਸਾਨੂੰ ਆਪਣੇ ਮੁਲਕ ਦੀਆਂ ਠੋਸ ਹਾਲਤਾਂ ਦਾ ਠੋਸ ਵਿਸ਼ਲੇਸ਼ਣ ਕਰਦਿਆਂ ਜਨਤਕ ਲਹਿਰ ਉਸਾਰਨ 'ਤੇ ਮੁੱਖ ਜ਼ੋਰ ਦੇਣਾ ਚਾਹੀਦਾ ਹੈ।

ਜਨਰਲ ਸਕੱਤਰ ਡਾ. ਰਘਬੀਰ ਕੌਰ ਨੇ ਧੰਨਵਾਦੀ ਸ਼ਬਦ ਬੋਲਦਿਆਂ ਡਾ. ਅਤੁਲ ਦੇ ਭਾਸ਼ਨ ਨੂੰ ਅਰਥ ਭਰਪੂਰ, ਗੁੰਦਵਾਂ ਅਤੇ ਰੌਚਕ ਕਰਾਰ ਦਿੰਦਿਆਂ ਅਜੇਹੇ ਯਤਨ ਜਾਰੀ ਰੱਖਣ ਦਾ ਵਾਅਦਾ ਕੀਤਾ ਅਤੇ ਇਹ ਵੀ ਕਿਹਾ ਕਿ ਡਾ. ਅਤੁਲ ਦੇ ਅੱਜ ਦੇ ਭਾਸ਼ਨ ਨੂੰ ਪ੍ਰਕਾਸ਼ਿਤ ਕਰਕੇ ਲੋਕ ਹੱਥਾਂ ਤੱਕ ਪਹੁੰਚਾਇਆ ਜਾਏਗਾ। ਉਨ੍ਹਾਂ ਨੇ ਵਿਸ਼ਨੂੰ ਗਣੇਸ਼ ਪਿੰਗਲੇ ਹਾਲ, ਇਤਿਹਾਸ ਅਤੇ ਵਿਸ਼ੇਸ਼ ਆਰਥਿਕ ਸਹਾਇਤਾ ਦਾ ਵੇਰਵੇ ਸਹਿਤ ਜ਼ਿਕਰ ਕੀਤਾ।

ਇਸ ਇਤਿਹਾਸਕ ਦਿਹਾੜੇ 'ਤੇ ਵਿਸ਼ਨੂੰ ਗਣੇਸ਼ ਪਿੰਗਲੇ ਸੈਮੀਨਰ ਹਾਲ ਦੀ ਤਿਆਰੀ ਦਾ ਕਮੇਟੀ ਅਤੇ ਸਮੂਹ ਹਾਜ਼ਰੀਨ ਵਲੋਂ ਉਦਘਾਟਨ ਕੀਤਾ ਗਿਆ।

ਅੱਜ ਦੇ ਸਮਾਗਮ ਦਾ ਮੰਚ ਸੰਚਾਲਨ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕੀਤਾ।

# ਪਹਿਲਾ ਲਾਹੌਰ ਸਾਜ਼ਿਸ਼ ਕੇਸ

**'ਸਰੋਕਾਰਾਂ ਦੀ ਆਵਾਜ਼' ਵੱਲੋਂ 10 ਮਈ 2015 ਨੂੰ ਇਨ੍ਹਾਂ ਸ਼ਹੀਦਾਂ ਦੀ ਸ਼ਹਾਦਤ ਦੀ 100ਵੀਂ ਵਰ੍ਹੇ ਗੰਢੇ ਨੂੰ ਸਮਰਪਿਤ ਸੈਮੀਨਾਰ ਕਰਾਉਣਾ ਇਕ ਸ਼ਲਾਘਾਯੋਗ ਕਦਮ ਹੈ। ਅਜਿਹੇ ਸੈਮੀਨਾਰ ਕਰਾਉਣੇ ਇਸ ਲਈ ਵੀ ਜ਼ਰੂਰੀ ਹਨ ਕਿਉਂਕਿ ਭਾਰਤੀਆਂ ਨੂੰ ਉਹ ਆਜ਼ਾਦੀ ਨਹੀਂ ਮਿਲੀ, ਜਿਨ੍ਹਾਂ ਲਈ ਇਨ੍ਹਾਂ ਦੇਸ਼ ਭਗਤਾਂ ਨੇ ਕੁਰਬਾਨੀਆਂ ਕੀਤੀਆਂ ਸਨ। ਭਾਰਤ ਵਿਚ ਅੰਗਰੇਜ਼ੀ ਹਕੂਮਤ ਵਾਲੇ ਕਾਲੇ ਕਾਨੂੰਨਾਂ ਤੋਂ ਵੀ ਮਾੜੇ ਕਾਲੇ ਕਾਨੂੰਨ ਚਲ ਰਹੇ ਤੇ ਲੋਕਾਂ ਦੀ ਆਵਾਜ਼ ਨੂੰ ਬੰਦੂਕ ਦੀ ਨੋਕ 'ਤੇ ਦਬਾਇਆ ਜਾ ਰਿਹਾ ਹੈ।**



ਡਾ. ਚਰਨਜੀਤ ਸਿੰਘ ਗੁਮਟਾਲਾ

ਗ਼ਦਰ ਫੇਲ ਹੋਣ ਉਪਰੰਤ ਸਰਕਾਰ ਨੇ ਗ਼ਦਰੀਆਂ ਨੂੰ ਬੜੀ ਤੇਜੀ ਨਾਲ ਗ੍ਰਿਫ਼ਤਾਰ ਕਰਨਾ ਸ਼ੁਰੂ ਕੀਤਾ। ਇਸ ਕੰਮ ਵਿਚ ਫੜੇ ਗਏ ਗ਼ਦਰੀਆਂ ਵਿਚੋਂ ਹੀ ਕਈਆਂ ਨੇ ਆਪਣੀਆਂ ਜਾਨਾਂ ਬਚਾਉਣ ਲਈ ਪੁਲਿਸ ਦੀ ਮਦਦ ਕੀਤੀ ਤੇ ਬਾਦ ਵਿਚ ਵਾਅਦਾ ਮੁਆਫ਼ ਗੁਆਹ ਬਣਕੇ ਫੜੇ ਗ਼ਦਰੀਆਂ ਨੂੰ ਸਜਾਵਾਂ ਦਿਵਾਉਣ ਵਿਚ ਅਹਿਮ ਭੂਮਿਕਾ ਨਿਭਾਈ। ਸਭ ਤੋਂ ਪਹਿਲਾਂ ਗ੍ਰਿਫ਼ਤਾਰ ਕੀਤੇ ਗਏ ਗ਼ਦਰੀਆਂ ਨੂੰ ਲਾਹੌਰ ਜੇਲ ਵਿਚ ਲਿਆਂਦਾ ਗਿਆ। ਇਨ੍ਹਾਂ ਨਾਲ ਹੀ ਜਹਾਜ਼ੋਂ ਉਤਰਦੇ ਗ੍ਰਿਫ਼ਤਾਰ ਕੀਤੇ ਗ਼ਦਰੀਆਂ ਨੂੰ ਇੱਥੇ ਲਿਆਂਦਾ ਗਿਆ। ਇਨ੍ਹਾਂ ਵਿਚ ਭਾਈ ਸੋਹਣ ਸਿੰਘ ਭਕਨਾ ਪ੍ਰਧਾਨ ਗ਼ਦਰ ਪਾਰਟੀ, ਭਾਈ ਕੇਸਰ ਸਿੰਘ ਠੱਠਗੜ੍ਹ ਮੀਤ ਪ੍ਰਧਾਨ, ਭਾਈ ਜਵਾਲਾ ਸਿੰਘ ਠੱਠੀਆਂ ਦੂਸਰੇ ਮੀਤ ਪ੍ਰਧਾਨ, ਭਾਈ ਸ਼ੇਰ ਸਿੰਘ ਵੇਈਂ ਪੋਈਂ, ਮਾਸਟਰ ਊਧਮ ਸਿੰਘ ਕਸੇਲ ਤੇ ਮੰਗਲ ਸਿੰਘ ਭੰਗੜ ਲਾਲਪੁਰ ਢੋਟੀਆਂ ਸ਼ਾਮਲ ਸਨ। ਇਨ੍ਹਾਂ ਗ੍ਰਿਫ਼ਤਾਰੀਆਂ ਤੋਂ ਪਹਿਲਾਂ ਹੀ ਫੜ੍ਹੇ ਹੋਏ ਪੰਡਿਤ ਜਗਤ ਰਾਮ ਹਰਿਆਣਾ (ਹੁਸ਼ਿਆਰਪੁਰ), ਸ੍ਰੀ ਪ੍ਰਿਥੀ ਸਿੰਘ ਆਜ਼ਾਦ, ਭਾਈ ਗੁਜਰ ਸਿੰਘ ਭਕਨਾ ਆਦਿ ਅਤੇ ਆਰੀਆ ਸਮਾਜ ਲੀਡਰ ਭਾਈ ਪਰਮਾਨੰਦ ਤੇ ਸ੍ਰੀ ਕਿਦਾਰ ਨਾਥ ਸਹਿਗਲ ਵੀ ਇਨ੍ਹਾਂ ਵਿਚ ਰਲਾ ਲਏ ਗਏ।

ਇਨ੍ਹਾਂ ਸਾਰਿਆਂ ਅਤੇ ਕੁਝ ਹੋਰਨਾਂ ਨੂੰ ਜੋ ਅਜੇ ਤੀਕ ਗ੍ਰਿਫ਼ਤਾਰ ਨਹੀਂ ਹੋਏ ਸਨ, ਮਿਲਾ ਕੇ 82 ਵਿਅਕਤੀਆਂ 'ਤੇ 26 ਅਪ੍ਰੈਲ 1915 ਨੂੰ 'ਲਾਹੌਰ ਸਾਜ਼ਿਸ਼' ਨਾਮ ਦਾ ਮੁਕਦਮਾ ਚਲਾਇਆ ਗਿਆ। ਪਹਿਲਾ ਕੇਸ ਹੋਣ ਕਰਕੇ ਇਸ ਨੂੰ 'ਪਹਿਲਾ ਲਾਹੌਰ ਸਾਜ਼ਿਸ਼ ਕੇਸ' ਕਿਹਾ ਜਾਂਦਾ ਹੈ। ਇਸ ਤੋਂ ਇਲਾਵਾ ਚਾਰ ਹੋਰ ਲਾਹੌਰ ਸਪਲੀਮੈਂਟਰੀ ਸਾਜ਼ਿਸ਼ ਕੇਸ, ਦੋ ਮੰਡੀ ਸਾਜ਼ਿਸ਼ ਕੇਸ, ਦੋ ਬਰਮਾ ਸਾਜ਼ਿਸ਼ ਕੇਸ , ਫਿਰੋਜ਼ਪੁਰ ਕਤਲ ਕੇਸ, ਅਨਾਰਕਲੀ ਕਤਲ ਕੇਸ, ਪਧਰੀ ਕਤਲ ਕੇਸ, ਵੱਲਾ ਪੁਲ ਕੇਸ, ਜਗਤਪੁਰ ਕਤਲ ਕੇਸ, ਨੰਗਲ ਕਤਲ ਕੇਸ ਆਦਿ ਨਾਂ ਦੇ ਮੁਕੱਦਮੇ ਚਲਾ ਕੇ ਗ਼ਦਰੀਆਂ ਨੂੰ ਸਜਾਵਾਂ ਦਿੱਤੀਆਂ ਗਈਆਂ।

17 ਗ਼ਦਰੀ ਜਿਹੜੇ ਭਗੌੜੇ ਕਰਾਰ ਦਿੱਤੇ ਗਏ, ਉਨ੍ਹਾਂ ਵਿਚ ਭਾਈ ਪ੍ਰੇਮ ਸਿੰਘ ਸੁਰ ਸਿੰਘ, ਭਾਈ ਬੰਤਾ ਸਿੰਘ ਸੰਘਵਾਲ, ਭਾਈ ਬੀਰ ਸਿੰਘ ਬਾਹੋਵਾਲ, ਭਾਈ ਜਵੰਦ ਸਿੰਘ ਨੰਗਲ, ਸ੍ਰੀ ਰਾਮ ਰਖਾ ਸਾਹਿਬਾ ਸੜੋਆ, ਭਾਈ ਬੂਟਾ ਸਿੰਘ ਅਕਾਲਗੜ੍ਹ, ਭਾਈ ਸਜਨ ਸਿੰਘ ਨਾਰੰਗਵਾਲ, ਭਾਈ ਉਤਮ ਸਿੰਘ ਹਾਂਸ, ਭਾਈ ਗਾਂਧਾ ਸਿੰਘ ਕੱਚਰਭੰਨ, ਡਾਕਟਰ ਮਥਰਾ ਸਿੰਘ, ਭਾਈ ਹਰਨਾਮ ਸਿੰਘ ਕਹੂਟਾ, ਸ੍ਰੀ ਵਿਨਾਇਕ ਰਾਉ (ਬੰਗਾਲੀ), ਸ੍ਰੀ ਰਾਮ ਬਿਹਾਰੀ ਬੋਸ, ਭਾਈ ਅਰਜਨ ਸਿੰਘ ਲੋਹਟਬਧੀ, ਭਾਈ ਕਰਮ ਸਿੰਘ ਕੋਟਲਾ ਅਜਨੇਰ, ਭਾਈ ਕੇਹਰ ਸਿੰਘ ਸੈਦੋ ਮੋਗਾ ਅਤੇ ਅਨੋਖ ਸਿੰਘ ਜੋ ਅਗਲੇ ਮੁਕੱਦਮੇ ਵਿਚ ਵਾਅਦਾ ਮੁਆਫ਼ ਗਵਾਹ ਬਣ ਗਿਆ ਸ਼ਾਮਲ ਸਨ। ਇਨ੍ਹਾਂ ਭਗੌੜਿਆਂ ਵਿਚੋਂ ਸ੍ਰੀ ਰਾਮ ਰਖਾ ਤਾਂ ਚੱਬੇ ਦੇ ਡਾਕੇ ਵਿਚ ਫਟੜ ਹੋ ਕੇ ਸ਼ਹੀਂਦ ਹੋ ਗਏ, ਭਾਈ ਬੰਤਾ ਸਿੰਘ ਸੰਘਵਾਲ ਤੇ ਭਾਈ ਬੂਟਾ ਸਿੰਘ ਅਕਾਲਗੜ੍ਹ ਨੂੰ ਹੋਰਨਾਂ ਮੁਕੱਦਮਿਆਂ ਵਿਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ।

ਪੰਜਾਬ ਦਾ ਗਵਰਨਰ ਮਾਈਕਲ ਓਡਵਾਇਰ ਗ਼ਦਰ ਲਹਿਰ ਨੂੰ ਹਿੰਦੁਸਤਾਨ ਵਿਚੋਂ ਅੰਗਰੇਜ਼ੀ ਹਕੂਮਤ ਨੂੰ ਉਲਟਾਉਣ ਵਾਲਾ ਸਭ ਤੋਂ ਖ਼ਤਰਨਾਕ ਯਤਨ ਕਰਾਰ ਦਿੰਦਾ ਹੈ। ਉਸ ਦੇ ਸਤੀਂ ਕਪੜੀਂ ਅੱਗ ਲੱਗੀ ਹੋਈ ਸੀ। ਉਹ ਇਸ ਲਹਿਰ ਨਾਲ ਸੰਬੰਧਿਤ ਦੇਸ਼ ਭਗਤਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦੇਣੀ ਚਾਹੁੰਦਾ ਸੀ ਤਾਂ ਜੋ ਭਵਿੱਖ ਵਿਚ ਅਜਿਹੀ ਲਹਿਰ ਸਿਰ ਨਾ ਚੁੱਕ ਸਕੇ। ਇਸ ਮੰਤਵ ਲਈ ਉਸ ਨੇ ਉਸ ਸਮੇਂ ਦੇ ਕਾਨੂੰਨ ਵਿਚ ਸੋਧਾਂ ਕਰਨ ਲਈ ਦਸੰਬਰ 1914 ਵਿਚ ਕੇਂਦਰੀ ਹਕੂਮਤ ਨੂੰ ਲਿਖਿਆ ਤੇ ਇਕ ਆਰਡੀਨੈਂਸ ਦਾ ਖਰੜਾ ਬਣਾ ਕੇ ਹਿੰਦ ਸਰਕਾਰ ਨੂੰ ਭੇਜਿਆ। ਆਪਣਾ ਦਬਾਅ ਬਨਾਉਣ ਲਈ ਉਸ ਨੇ 27 ਫ਼ਰਵਰੀ 1915 ਨੂੰ ਝੋਲੀਚੁਕ ਸਿੱਖ ਸਰਦਾਰਾਂ ਦੀ ਮੀਟਿੰਗ ਸੱਦੀ। ਇਨ੍ਹਾਂ ਝੋਲੀਝੁਕ ਜਗੀਰਦਾਰ ਸਰਦਾਰਾਂ ਨੇ ਸਭ ਗ਼ਦਰੀਆਂ ਨੂੰ ਇਕ ਵੱਢੋਂ ਫੜ ਕੇ ਜੇਲ੍ਹਾਂ ਵਿਚ ਬੰਦ ਕਰਨ ਦੀ ਸਲਾਹ ਦਿੱਤੀ। ਲੁਧਿਆਣੇ ਦੇ ਗਜਣ ਸਿੰਘ ਨੇ ਤਾਂ ਇੱਥੋਂ ਤੀਕ ਕਿਹਾ ਕਿ ਜੇ ਮੁਕੱਦਮੇ ਲੰਮੇ ਹੋ ਗਏ ਤਾਂ ਇਸ ਨਾਲ ਲੋਕਾਂ ਉਪਰ ਬੁਰਾ ਪ੍ਰਭਾਵ ਪਵੇਗਾ। ਇਸ ਲਈ ਇਨ੍ਹਾਂ ਉਪਰ ਪੁਲਸ ਦੀ ਰਿਪੋਰਟ ਉੱਤੇ ਹੀ ਮੁਕੱਦਮੇ ਦਰਜ਼ ਕੀਤੇ ਜਾਣ। ਇਸ ਵਿਚਾਰ ਨਾਲ ਸਾਰੇ ਸਹਿਮਤ ਸਨ। ਪੰਜਾਬ ਸਰਕਾਰ ਨੇ ਇਸ ਨੂੰ ਵਿਸ਼ੇਸ ਅਦਾਲਤਾਂ ਸਥਾਪਤ ਕਰਨ ਲਈ ਵਰਤਿਆ।

ਨਵੇਂ ਕਾਨੂੰਨ ਅਨੁਸਾਰ ਸਰਕਾਰ ਹਿੰਦ ਵਿਚ ਰਹਿੰਦੇ ਕਿਸੇ ਵੀ ਵਿਅਕਤੀ ਨੂੰ ਬਿਨਾਂ ਵਰੰਟ ਫੜ ਕੇ ਜੇਲ੍ਹ ਬੰਦ ਕਰ ਸਕਦੀ ਸੀ, ਕਿਸੇ ਵੀ ਇਲਾਕੇ ਵਿੱਚੋਂ ਦੇਸ਼ ਨਿਕਾਲਾ ਦੇ ਸਕਦੀ ਸੀ ਜਾਂ ਕਿਸੇ ਵੀ ਥਾਂ ਨਜ਼ਰਬੰਦ ਕਰ ਸਕਦੀ ਸੀ,ਜਦ ਕਿ ਉਸ ਸਮੇਂ 'ਪਹਿਲਾਂ ਹਿੰਦ ਆਉਣ ਵਾਲੇ ਕਾਨੂੰਨ' ਅਨੁਸਾਰ ਕੇਵਲ ਬਾਹਰੋਂ ਆਉਣ ਵਾਲਿਆਂ ਨੂੰ ਹੀ ਫੜਿਆ ਤੇ ਬੰਦ ਕੀਤਾ ਜਾ ਸਕਦਾ ਸੀ।

ਗ਼ਦਰੀ ਮੁਕੱਦਮਿਆਂ ਲਈ ਵਿਸ਼ੇਸ਼ ਅਦਾਲਤਾਂ (ਟ੍ਰਿਬਿਊਨਲ) ਸਥਾਪਤ ਕਰਨ ਦਾ ਅਧਿਕਾਰ ਸਰਕਾਰ ਨੂੰ ਦਿੱਤਾ ਗਿਆ ਜੋ ਕਿ ਮੌਤ ਤੀਕ ਦੀ ਸਜ਼ਾ ਦੇ ਸਕਦੀਆਂ ਸਨ। ਉਸ ਸਮੇਂ ਪਹਿਲਾਂ ਮੈਜਿਸਟਰੇਟਾਂ ਅੱਗੇ ਕੱਚਾ ਮੁਕੱਦਮਾ ਦਾਇਰ ਹੋਣ ਤੇ ਉਸ ਪਿੱਛੋਂ ਅਪੀਲਾਂ ਕਰਨ ਦੀ ਰਿਆਇਤ ਗ਼ਦਰੀਆਂ ਪਾਸੋਂ ਖੋਹ ਲਈ ਗਈ। ਇਸ ਤਰ੍ਹਾਂ ਗਵਰਨਰ ਓਡਵਾਇਰ ਨੂੰ ਗ਼ਦਰੀਆਂ ਦੇ ਖ਼ੂਨ ਨਾਲ ਨਹਾਉਣ ਦੇ ਪੂਰੇ ਅਧਿਕਾਰ ਦੇ ਦਿੱਤੇ ਗਏ, ਜਿਸ ਲਈ ਉਹ ਤਰਲੋਮੱਛੀ ਹੋ ਰਿਹਾ ਸੀ।

ਇਸ ਕਾਨੂੰਨ ਦੀ ਅਖ਼ਬਾਰਾਂ ਵਿਚ ਬੜੀ ਵਿਰੋਧਤਾ ਹੋਈ। ਵਾਇਸਰਾਇ ਦੀ ਵਿਧਾਨ ਕੌਂਸਲ ਦੇ ਮੈਂਬਰਾਂ ਨੇ ਸਖ਼ਤ ਧਾਰਾਵਾਂ ਵਿਰੁੱਧ ਇਤਰਾਜ਼ ਕੀਤਾ ਤੇ ਇਹ ਮੰਗ ਰੱਖੀ ਕਿ ਅਪੀਲ ਕਰਨ ਦੀ ਸੁਵਿਧਾ ਹੋਣੀ ਚਾਹੀਦੀ ਹੈ। ਪਰ ਇਸ ਬਾਰੇ ਬਹੁ-ਸੰਮਤੀ ਨਾ ਬਣ ਸਕੀ।

ਡੀਫ਼ੈਂਸ ਆਫ਼ ਇੰਡੀਆ ਰੂਲਜ਼ (ਭਾਰਤ ਦੀ ਸੁਰੱਖਿਆ ਕਾਨੂੰਨ) ਅਧੀਨ ਇਕ ਵਿਸ਼ੇਸ਼ ਟ੍ਰਿਬਿਊਨਲ ਬਣਾਇਆ ਗਿਆ। ਮੇਜਰ ਏ ਏ ਇਰਵਿਨ ਇਸ ਦੇ ਪ੍ਰਧਾਨ ਸਨ। ਰਾਇ ਬਹਾਦਰ ਪੰਡਿਤ ਸ਼ਿਵ ਨਰਾਇਣ ਤੇ ਟੀ. ਪੀ. ਐਲਿਸ ਇਸ ਦੇ ਮੈਂਬਰ ਸਨ।ਆਪਣੀ ਕਾਰਵਾਈ ਨੂੰ ਲੋਕਾਂ ਤੋਂ ਛੁਪਾਉਣ ਲਈ ਇਹ ਵਿਸ਼ੇਸ਼ ਅਦਾਲਤ ਲਾਹੌਰ ਸੈਂਟਰਲ ਜੇਲ੍ਹ ਅੰਦਰ ਹੀ ਬੈਠਦੀ ਸੀ। ਅਖ਼ਬਾਰਾਂ ਨੂੰ ਇਸ ਦੀ ਕਾਰਵਾਈ ਸੁਣਨ ਤੇ ਨੋਟ ਕਰਨ ਦੀ ਮਨਾਹੀ ਸੀ। ਅਖ਼ਬਾਰਾਂ ਲਈ ਮਾੜੀ ਮੋਟੀ ਕਹਾਣੀ ਬਣਾ ਕੇ ਪੁਲਿਸ ਹੀ ਜਾਰੀ ਕਰਦੀ ਸੀ।

ਇਸ ਅਦਾਲਤ ਵਿਚ ਸੀ. ਆਈ.ਡੀ. ਦੇ ਸੁਪਰਡੈਂਟ ਹੇਅਰ ਸਕਾਟ ਨੇ 81 ਮੁਲਜ਼ਮਾਂ ਵਿਰੁੱਧ ਸ਼ਕਾਇਤ ਪੇਸ਼ ਕੀਤੀ ਤੇ ਗੁਆਹੀਆਂ ਪੇਸ਼ ਕੀਤੀਆਂ। ਇਨ੍ਹਾਂ ਉਪਰ ਬਾਦਸ਼ਾਹ ਦੇ ਵਿਰੁੱਧ ਬਗ਼ਾਵਤ ਕਰਨ ਦਾ ਦੋਸ਼ ਲਾਇਆ ਗਿਆ। ਪੁਲਿਸ ਨੇ ਝੂਠੇ ਗੁਆਹ ਪੇਸ਼ ਕੀਤੇ ਤੇ ਉਨ੍ਹਾਂ ਨੂੰ ਜੋ ਕਹਿਣ ਲਈ ਕਿਹਾ ਗਿਆ, ਉਨ੍ਹਾਂ ਨੇ ਉਹੋ ਹੀ ਕਿਹਾ। ਕਈ ਗੁਆਹ ਗ਼ਦਰੀਆਂ ਨੂੰ ਪਛਾਣ ਨਾ ਸਕੇ ਕਿਉਂਕਿ ਉਨ੍ਹਾਂ ਨੇ ਆਪਣੀਆਂ ਪੱਗੜੀਆਂ ਜਾਂ ਨਿਸ਼ਾਨੀਆਂ ਲੁਕਾ ਲਈਆਂ ਸਨ। ਇਕ ਗਵਾਹ ਪਛਾਣ ਨਾ ਸਕਿਆ ਤਾਂ ਜਦ ਜੱਜ ਨੇ ਕਾਰਨ ਪੁੱਛਿਆ ਤਾਂ ਉਸ ਨੇ ਕਿਹਾ ਕਿ ਮੁਲਜ਼ਮਾਂ ਨੇ ਪੱਗਾਂ ਉਲਟਾ ਕੇ ਬੱਧੀਆਂ ਹੋਈਆਂ ਹਨ, ਇਸ ਲਈ ਪਛਾਣ ਨਹੀਂ ਹੁੰਦੀ। ਇਸ 'ਤੇ ਭਾਈ ਜਵਾਲਾ ਸਿੰਘ ਠੱਠੀਆਂ ਮੀਤ ਪ੍ਰਧਾਨ ਗ਼ਦਰ ਪਾਰਟੀ ਨੇ ਕਿਹਾ ਕਿ ਪੱਗਾਂ ਹੀ ਬਦਲੀਆਂ ਹਨ, ਮੂੰਹ ਤਾਂ ਨਹੀਂ ਬਦਲੇ ਹੋਏ। ਜੱਜ ਲੋਹੇ ਲਾਖੇ ਹੋ ਗਏ। ਇਸੇ ਗੱਲ ਉਤੇ ਭਾਈ ਜਵਾਲਾ ਸਿੰਘ ਨੂੰ ਤੀਹ ਬੈਂਤ ਮਾਰਨ ਦੀ ਸਜ਼ਾ ਦੇ ਦਿੱਤੀ ਤੇ ਉਨ੍ਹਾਂ ਨੂੰ 30 ਬੈਂਤ ਮਾਰੇ ਗਏ।

ਭਾਈ ਹਰੀ ਸਿੰਘ ਦੇ ਮੱਥੇ ਉਤੇ ਰਸੌਲੀ ਸੀ, ਜਿਸ ਨੂੰ ਉਸ ਨੇ ਮੱਥੇ ਉੱਤੇ ਪੱਗ ਅਗਾਂਹ ਕਰਕੇ ਲੁਕਾਇਆ ਹੋਇਆ ਸੀ। ਗਵਾਹ ਸਾਰੇ ਦੋਸ਼ੀਆਂ ਵਿਚੋਂ ਉਸ ਨੂੰ ਪਛਾਣ ਨਾ ਸਕਿਆ। ਜੱਜ ਨੇ ਪੁੱਛਿਆ ਤਾਂ ਉਸ ਨੇ ਕਿਹਾ ਕਿ ਉਸ ਦੇ ਮੱਥੇ ਉਤੇ ਰਸੌਲੀ ਹੈ, ਪੱਗਾਂ ਲੁਹਾ ਕੇ ਵਿਖਾਉ ਤਾਂ ਪਤਾ ਲਗੇਗਾ। ਇਸ ਉਤੇ ਜੱਜਾਂ ਨੇ ਪੱਗਾਂ ਲੁਹਾ ਦਿੱਤੀਆਂ ਤੇ ਉਨ੍ਹਾਂ ਦੀ ਸ਼ਨਾਖਤ ਹੋ ਗਈ।

ਪਹਿਲੇ ਲਾਹੌਰ ਸਾਜ਼ਿਸ਼ ਕੇਸ ਦਾ ਫ਼ੈਸਲਾ 13 ਸਤੰਬਰ 1915 ਨੂੰ ਸੁਣਾਇਆ ਗਿਆ। ਇਨ੍ਹਾਂ ਵਿਚੋਂ 24 ਨੂੰ ਮੌਤ ਦੀ ਸਜ਼ਾ, 27 ਨੂੰ ਉਮਰ ਕੈਦ, ਕਾਲੇ ਪਾਣੀ ਤੇ ਜਾਇਦਾਦ ਜਬਤੀ ਦੀ ਸਜ਼ਾ ਸੁਣਾਈ ਗਈ। ਕੁਝ ਕੁ ਨੂੰ ਇਸ ਤੋਂ ਘੱਟ ਸਜ਼ਾਵਾਂ ਸੁਣਾਈਆਂ ਗਈਆਂ। ਇਨ੍ਹਾਂ ਵਿਚੋਂ ਭਾਈ ਸੋਹਣ ਸਿੰਘ ਭਕਨਾ ਪ੍ਰਧਾਨ ਗ਼ਦਰ ਪਾਰਟੀ ਤੇ ਭਾਈ ਕੇਸਰ ਸਿੰਘ ਠੱਠਗੜ੍ਹ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਤੇ ਭਾਈ ਊਧਮ ਸਿੰਘ ਕਸੇਲ, ਭਾਈ ਜਵਾਲਾ ਸਿੰਘ ਠੱਠੀਆਂ, ਭਾਈ ਸ਼ੇਰ ਸਿੰਘ ਵੇਈਂ ਪੋਈਂ ਤੇ ਭਾਈ ਮੰਗਲ ਸਿੰਘ ਲਾਲਪੁਰ ਢੋਟੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਹਾਲਾਂਕਿ ਇਨ੍ਹਾਂ ਦੀ ਭਾਰਤ ਦੀ ਧਰਤੀ ਉਪਰ ਕੋਈ, ਜੁਰਮ ਨਹੀਂ ਸੀ ਕਿਉਂਕਿ ਇਨ੍ਹਾਂ ਨੂੰ ਆਉਂਦਿਆਂ ਹੀ ਜਹਾਜ਼ੋਂ ਫੜ ਕੇ ਮਿੰਟਗੁਮਰੀ ਜੇਲ੍ਹ ਵਿਚ ਡਕ ਦਿੱਤਾ ਗਿਆ ਸੀ। ਇਨ੍ਹਾਂ ਵਿਚੋਂ 11 ਗ਼ਦਰੀ ਅਜਿਹੇ ਸਨ ਜਿੰਨ੍ਹਾਂ ਨੇ ਉਨ੍ਹਾਂ ਘਟਨਾਵਾਂ ਵਿਚ ਭਾਗ ਨਹੀਂ ਸੀ ਲਿਆ, ਜਿਸ ਦੀ ਸਜ਼ਾ ਮੌਤ ਹੁੰਦੀ ਸੀ।

ਇਨ੍ਹਾਂ ਗ਼ਦਰੀਆਂ ਨੂੰ ਰਹਿਮ ਦੀਆਂ ਅਪੀਲਾਂ ਕਰਨ ਨੂੰ ਕਿਹਾ ਗਿਆ ਪਰ ਕਿਸੇ ਨੇ ਰਹਿਮ ਮੰਗਣਾ ਠੀਕ ਨਾ ਸਮਝਿਆ। ਇਸ ਫ਼ੈਸਲੇ ਵਿਰੁੱਧ ਦੇਸ਼ ਵਿਚ ਕ੍ਰੋਧ ਦੀ ਲਹਿਰ ਦੌੜ ਗਈ। ਜਨਤਕ ਬੇਚੈਨੀ 'ਤੇ ਲਾਰਡ ਹਾਰਡਿੰਗ ਪਿੱਟ ਉੱਠਿਆ। ਜਦ ਉਸ ਨੂੰ ਇਹ ਪਤਾ ਲੱਗਾ ਕਿ ਕਲਕੱਤੇ ਦੇ ਵਕੀਲ ਇਸ ਫ਼ੈਸਲੇ ਦੀਆਂ ਕਮਜ਼ੋਰੀਆਂ ਜਾਣ ਗਏ ਹਨ ਤੇ ਉਹ ਉਡੀਕਦੇ ਹਨ ਕਿ ਰਹਿਮ ਦੀਆਂ ਦਰਖਾਸਤਾਂ ਦਾ ਸਮਾਂ ਲੰਘ ਜਾਵੇ ਤਾਂ ਉਹ ਵਿਸ਼ੇਸ਼ ਅਦਾਲਤਾਂ ਵਾਲੇ ਡੀਫ਼ੈਂਸ ਆਫ਼ ਇੰਡੀਆ ਰੂਲਜ ਦੇ ਵਿਰੋਧ ਵਿਚ ਐਜੀਟੇਸ਼ਨ ਸ਼ੁਰੂ ਕਰਨ ਤਾਂ ਉਸ ਨੇ ਆਪ ਲਾਹੌਰ ਆ ਕੇ ਪੰਜਾਬ ਦੇ ਗਵਰਨਰ ਓਡਵਾਇਰ ਨੂੰ ਸਾਫ਼ ਕਹਿ ਦਿੱਤਾ ਕਿ ਉਹ 6 ਜਣਿਆਂ ਨੂੰ ਛੱਡ ਕੇ ਜਿਨ੍ਹਾਂ ਨੇ ਖ਼ੁਦ ਕਤਲਾਂ ਤੇ ਡਾਕਿਆਂ ਵਿਚ ਹਿੱਸਾ ਲਿਆ ਹੈ, ਬਾਕੀਆਂ ਦੀ ਕੁਰਬਾਨੀ ਦੀ ਆਗਿਆ ਨਹੀਂ ਦੇ ਸਕਦਾ। ਅਪੀਲਾਂ ਦੀ ਇਸ ਕਾਨੂੰਨ ਵਿਚ ਕੋਈ ਵਿਵਸਥਾ ਨਹੀਂ ਸੀ। ਵਾਇਸਰਾਇ ਨੇ 17 ਗ਼ਦਰੀਆਂ ਦੀਆਂ ਮੌਤਾਂ ਦੀਆਂ ਸਜ਼ਾਵਾਂ ਤੋੜ ਕੇ ਉਮਰ ਕੈਦਾਂ ਕਰ ਦਿੱਤੀਆਂ ਤੇ 7 ਉਮਰ ਕੈਦੀਆਂ ਦੀਆਂ ਸਜ਼ਾਵਾਂ ਘਟਾ ਦਿੱਤੀਆਂ।

ਇਨ੍ਹਾਂ ਗ਼ਦਰੀਆਂ ਨੂੰ ਦੇਸ਼ ਤੋਂ ਕੁਰਬਾਨ ਹੋਣ ਦਾ ਕਿੰਨਾ ਚਾਅ ਸੀ, ਇਸ ਦਾ ਪਤਾ ਮੁਕੱਦਮੇ ਦੌਰਾਨ ਹੀ ਲਗ ਗਿਆ ਸੀ। ਉਨ੍ਹਾਂ ਨੂੰ ਆਪਣੀਆਂ ਸਜ਼ਾਵਾਂ ਦਾ ਜ਼ਰਾ ਜਿੰਨਾ ਵੀ ਡਰ ਨਹੀਂ ਸੀ। ਲਾਹੌਰ ਜੇਲ੍ਹ ਵਿਚ ਅਨਾਰਕਲੀ ਬਜ਼ਾਰ ਵਿਚ 2 ਪੁਲਸ ਅਫ਼ਸਰਾਂ ਨੂੰ ਮਾਰਨ ਦੇ ਦੋਸ਼ ਵਿਚ ਭਾਈ ਅਰਜਨ ਸਿੰਘ ਖੁਖਰਾਣਾ ਨੂੰ, ਸਭ ਤੋਂ ਪਹਿਲਾਂ ਫ਼ਾਂਸੀ ਲੱਗਣ ਦਾ ਫ਼ਖ਼ਰ ਹਾਸਲ ਹੈ, ਨੂੰ ਜਦ ਫ਼ਾਂਸੀ ਲਈ ਲੈ ਜਾ ਰਹੇ ਸਨ ਤਾਂ ਉਹ ਉੱਚੀ ਉੱਚੀ 'ਗ਼ਦਰ ਗੂੰਜ' ਦੀਆਂ ਕਵਿਤਾਵਾਂ ਪੜ੍ਹਦੇ ਜਾ ਰਹੇ ਸਨ। ਭਾਈ ਕਰਤਾਰ ਸਿੰਘ ਸਰਾਭਾ ਨੂੰ ਜੱਜਾਂ ਨੇ ਕਿਹਾ ਕਿ ਉਹ ਅਜੇ ਬੱਚਾ ਹੈ ਤੇ ਇਕਬਾਲ ਨਾ ਕਰੇ ਤਾਂ ਸਰਾਭਾ ਨੇ ਜੱਜਾਂ ਨੂੰ ਉਤਰ ਦਿੱਤਾ ,ਉਮੈਂ ਇਸ ਦੁਸ਼ਟ ਬੇਗਾਨੀ ਹਕੂਮਤ ਨੂੰ ਉਲਟਾਉਣ ਲਈ ਕੀਤੇ ਹੋਏ ਕਾਰਨਾਮੇ ਲੁਕਾਅ ਕੇ ਆਪਣੀ ਚਮੜੀ ਨਹੀਂ ਬਚਾਉਣਾ ਚਾਹੁੰਦਾ।" ਜੱਜਾਂ ਨੇ ਉਸ ਨੂੰ ਸੋਚਣ ਦਾ ਮੌਕਾ ਦੇਣ ਲਈ ਫ਼ੈਸਲਾ ਸੁਣਾਉਣਾ ਇਕ ਦਿਨ ਅੱਗੇ ਪਾ ਦਿੱਤਾ ਪਰ ਉਨ੍ਹਾਂ ਨੇ ਅਗਲੇ ਦਿਨ ਵੀ ਇਹੀ ਬਿਆਨ ਦਿੱਤਾ।ਜਦ 13 ਸਤੰਬਰ 1915 ਨੂੰ ਸਜ਼ਾਵਾਂ ਸੁਣਾਈਆਂ ਗਈਆਂ ਤੇ 24 ਗ਼ਦਰੀਆਂ ਨੂੰ ਫਾਂਸੀ ਦੇ ਕੇ ਮਾਰਨ ਦੀ ਸਜ਼ਾ ਦਿੱਤੀ ਗਈ ਤਾਂ ਸਾਰਿਆਂ ਨੇ ਜੱਜਾਂ ਦਾ ਸ਼ੁਕਰੀਆਂ ਅਦਾ ਕੀਤਾ। ਭਾਈ ਨਿਧਾਨ ਚੁੱਘਾ ਨੇ ਆਖਿਆ, ਉਬਸ ? ਐਨਾ ਹੀ ਜ਼ੋਰ ਸੀ ?"ਭਾਈ ਜਵਾਲਾ ਸਿੰਘ ਨੂੰ ਉਮਰ ਕੈਦ ਹੋਈ ਸੀ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਫਾਂਸੀ ਦੀ ਸਜ਼ਾ ਕਿਉਂ ਨਹੀਂ ਦਿੱਤੀ ਗਈ ?ਜਦ 24 ਫਾਂਸੀ ਵਾਲਿਆਂ ਨੂੰ ਫਾਂਸੀ ਦੇ ਕੇ ਮਾਰਨ ਲਈ ਤਿਆਰ ਕੀਤਾ ਗਿਆ ਤਾਂ ਉਨ੍ਹਾਂ ਨੂੰ ਲਾੜ੍ਹਿਆਂ ਵਾਂਗ ਚਾਅ ਚੜ੍ਹੇ ਹੋਏ ਸਨ। ਉਨ੍ਹਾਂ ਦੇ ਘਰ ਵਾਲਿਆਂ ਦੀਆਂ ਆਖ਼ਰੀ ਮੁਲਾਕਾਤਾਂ ਕਰਵਾ ਦਿੱਤੀਆਂ ਗਈਆਂ। ਉਨ੍ਹਾਂ ਨੇ ਫਾਂਸੀ ਤੋਂ ਪਹਿਲਾਂ ਵਾਲੀ ਸਾਰੀ ਰਾਤ 'ਗ਼ਦਰ ਦੀ ਗੂੰਜ' ਦੀਆਂ ਕਵਿਤਾਵਾਂ ਪੜ੍ਹਦਿਆਂ ਤੇ ਗਾਉਂਦਿਆਂ ਲੰਘਾਈ। ਸਵੇਰਾ ਹੋਇਆ ਤਾਂ ਜੇਲ੍ਹ ਦੇ ਹਾਕਮਾਂ ਨੇ ਆ ਕੇ ਕਿਹਾ "ਫਾਂਸੀਆਂ ਮੁਲਤਵੀ ਹੋ ਗਈਆਂ ਹਨ।" ਸਿਰਲੱਥੇ ਇਨ੍ਹਾਂ ਗ਼ਦਰੀਆਂ ਦੇ ਚਾਅ ਮਾਰੇ ਗਏ। ਦਿਨ ਨੂੰ 17 ਗ਼ਦਰੀਆਂ ਦੀਆਂ ਸਜ਼ਾਵਾਂ ਉਮਰ ਕੈਦ ਵਿਚ ਬਦਲ ਜਾਣ ਦਾ ਹੁਕਮ ਸੁਣਾਇਆ ਗਿਆ।

ਜਿਨ੍ਹਾਂ ਗ਼ਦਰੀ ਯੋਧਿਆਂ ਨੂੰ 16 ਨਵੰਬਰ 1915 ਈ. ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚ ਸ਼ਹੀਦ ਕੀਤਾ ਗਿਆ, ਉਹ ਸਨ (1) ਸ੍ਰੀ ਵਿਸ਼ਨੂੰ ਗਣੇਸ਼ ਪਿੰਗਲੇ (2) ਭਾਈ ਕਰਤਾਰ ਸਿੰਘ ਸਰਾਭਾ (3) ਭਾਈ ਜਗਤ ਸਿੰਘ ਸੁਰ ਸਿੰਘ (4) ਭਾਈ ਹਰਨਾਮ ਸਿੰਘ ਸਿਆਲਕੋਟ (5) ਭਾਈ ਬਖਸ਼ੀਸ਼ ਸਿੰਘ ਗਿੱਲਵਾਲੀ (ਅੰਮ੍ਰਿਤਸਰ) (6) ਭਾਈ ਸੁਰਜਨ ਸਿੰਘ ਗਿੱਲਵਾਲੀ -1ਅਤੇ (7) ਭਾਈ ਸੁਰਜਨ ਸਿੰਘ ਗਿੱਲਵਾਲੀ-2 ਭਾਵ ਕਿ ਪਿੰਡ ਗਿੱਲਵਾਲੀ (ਅੰਮ੍ਰਿਤਸਰ) ਦੇ ਇਕੋ ਨਾਂ ਦੇ ਦੋ ਸ਼ਹੀਦਸਨ।

ਇਨ੍ਹਾਂ ਵਿਚੋਂ ਪਿੰਗਲੇ ਬਾਰੇ ਕਿਹਾ ਜਾ ਸਕਦਾ ਹੈ ਕਿ ਉਸ ਨੇ ਕੋਈ ਐਸੀ ਕਾਰਵਾਈ ਨਹੀਂ ਸੀ ਕੀਤੀ ਕਿ ਉਸ ਨੂੰ ਫ਼ਾਂਸੀ ਦੀ ਸਜ਼ਾ ਦਿੱਤੀ ਜਾਂਦੀ। ਉਸ ਨੇ ਨਾ ਕੋਈ ਡਾਕਾ ਮਾਰਿਆ ਸੀ ਤੇ ਨਾ ਹੀ ਕੋਈ ਕਤਲ ਕੀਤਾ ਸੀ। ਉਹ ਪੰਜਾਬੀਆਂ ਅਤੇ ਬੰਗਾਲੀਆਂ ਵਿਚਕਾਰ ਰਾਬਤੇ ਦੀ ਕੜੀ ਬਣਿਆ ਸੀ।

ਕਾਮਰੇਡ ਸੋਹਨ ਸਿੰਘ ਜੋਸ਼ ਨੇ ਆਪਣੀ ਪੁਸਤਕ 'ਹਿੰਦੁਸਤਾਨ ਗ਼ਦਰ ਪਾਰਟੀ ਦਾ ਸੰਖੇਪ' ਇਤਿਹਾਸ ਵਿਚ ਪਹਿਲੇ ਲਾਹੌਰ ਸਾਜ਼ਿਸ਼ ਕੇਸ ਬਾਰੇ ਕੁਝ ਵਿਸ਼ੇਸ਼ ਪੱਖ ਪੇਸ਼ ਕੀਤੇ ਹਨ। ਉਨ੍ਹਾਂ ਅਨੁਸਾਰ ਜੱਜਾਂ ਨੇ ਭਾਰਤ ਦੀ ਥਾਂ 'ਤੇ ਅਮਰੀਕਾ ਨੂੰ ਸਾਜ਼ਿਸ਼ ਦਾ ਕੇਂਦਰ ਚੁਣਿਆ। ਉਨ੍ਹਾਂ ਨੇ ਅਜਿਹਾ ਕਿਉਂ ਕੀਤਾ ? ਉਨ੍ਹਾਂ ਨੇ 8 ਗ਼ਦਾਰਾਂ ਨਵਾਬ ਖਾਨ, ਮੂਲਾ ਸਿੰਘ, ਉਮਰਾਉ ਸਿੰਘ, ਸੁੱਚਾ ਸਿੰਘ ਜੋ ਕਿ ਇਕ ਵਿਦਿਆਰਥੀ ਸੀ, ਜਵਾਲਾ ਸਿੰਘ, ਅਮਰ ਸਿੰਘ, ਊਧਮ ਸਿੰਘ ਅਤੇ ਨਿਰੰਜਣ ਸਿੰਘ ਦੇ ਕਿਰਦਾਰਾਂ ਬਾਰੇ ਵੀ ਇਸ ਮੁਕੱਦਮੇ ਵਿਚ ਅਦਾ ਕੀਤੇ ਰੋਲ ਬਾਰੇ ਵੀ ਲਿਖਿਆ ਹੈ। ਜੱਜਾਂ ਦੇ ਗ਼ੈਰ ਵਿਗਿਆਨਕ ਰਵੱਈਏ ਬਾਰੇ ਵੀ ਜੋਸ਼ ਹੁਰਾਂ ਬੜੇ ਵਿਸਥਾਰ ਨਾਲ ਲਿਖਿਆ, ਜੋ ਕਿ ਲੇਖ ਦੀਆਂ ਸੀਮਾਵਾਂ ਕਰਕੇ ਇਥੇ ਵਰਨਣ ਨਹੀਂ ਕੀਤਾ ਜਾ ਰਿਹਾ।ਜਿਹੜੇ ਦੇਸ਼ ਭਗਤ ਮੌਤ ਦੀ ਸਜ਼ਾ ਤੋਂ ਬਚ ਗਏ,ਉਨ੍ਹਾਂ ਨੇ ਸਾਰੀ ਉਮਰ ਗ਼ਦਰ ਪਾਰਟੀ ਦੀ ਵਿਚਾਰਧਾਰਾ 'ਤੇ ਪਹਿਰਾ ਦਿੱਤਾ ਤੇ ਸਾਰੀ ਜ਼ਿੰਦਗੀ ਦਬੇ ਕੁਚਲੇ ਲੋਕਾਂ ਦੀ ਭਲਾਈ ਲਈ ਲਾ ਦਿੱਤੀ।ਇਹ ਲਹਿਰ ਭਾਵੇਂ ਅੰਗਰੇਜੀ ਹਕੂਮਤ ਦਾ ਤਖ਼ਤਾ ਪਲਟ ਨਾ ਸਕੀ,ਪਰ ਇਸ ਨੇ ਆਉਣ ਵਾਲੇ ਸਮੇਂ ਇਨਕਲਾਬੀ ਲਹਿਰਾਂ ਨੂੰ ਜਨਮ ਦਿੱਤਾ ਤੇ ਆਜ਼ਾਦੀ ਲਈ ਨੌ ਜੁਆਨ ਪੀੜੀ ਅੰਦਰ ਤੜਪ ਪੈਦਾ ਕੀਤੀ।

'ਸਰੋਕਾਰਾਂ ਦੀ ਆਵਾਜ਼' ਵੱਲੋਂ 10 ਮਈ 2015 ਨੂੰ ਇਨ੍ਹਾਂ ਸ਼ਹੀਦਾਂ ਦੀ ਸ਼ਹਾਦਤ ਦੀ 100ਵੀਂ ਵਰ੍ਹੇ ਗੰਢੇ ਨੂੰ ਸਮਰਪਿਤ ਸੈਮੀਨਾਰ ਕਰਾਉਣਾ ਇਕ ਸ਼ਲਾਘਾਯੋਗ ਕਦਮ ਹੈ। ਅਜਿਹੇ ਸੈਮੀਨਾਰ ਕਰਾਉਣੇ ਇਸ ਲਈ ਵੀ ਜ਼ਰੂਰੀ ਹਨ ਕਿਉਂਕਿ ਭਾਰਤੀਆਂ ਨੂੰ ਉਹ ਆਜ਼ਾਦੀ ਨਹੀਂ ਮਿਲੀ, ਜਿਨ੍ਹਾਂ ਲਈ ਇਨ੍ਹਾਂ ਦੇਸ਼ ਭਗਤਾਂ ਨੇ ਕੁਰਬਾਨੀਆਂ ਕੀਤੀਆਂ ਸਨ। ਭਾਰਤ ਵਿਚ ਅੰਗਰੇਜ਼ੀ ਹਕੂਮਤ ਵਾਲੇ ਕਾਲੇ ਕਾਨੂੰਨਾਂ ਤੋਂ ਵੀ ਮਾੜੇ ਕਾਲੇ ਕਾਨੂੰਨ ਚਲ ਰਹੇ ਤੇ ਲੋਕਾਂ ਦੀ ਆਵਾਜ਼ ਨੂੰ ਬੰਦੂਕ ਦੀ ਨੋਕ 'ਤੇ ਦਬਾਇਆ ਜਾ ਰਿਹਾ ਹੈ। ਜਿੰਨੀ ਦੇਰ ਤੀਕ ਭਾਰਤੀ ਪ੍ਰਣਾਲੀ ਨੂੰ ਬਦਲ ਕੇ ਐਸੀ ਵਿਵਸਥਾ ਕਾਇਮ ਨਹੀਂ ਕੀਤੀ ਜਾਂਦੀ ਜਿਸ ਲਈ ਇਨ੍ਹਾਂ ਦੇਸ਼ ਭਗਤਾਂ ਨੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਸਨ, ਓਨੀ ਦੇਰ ਤੀਕ ਆਮ ਆਦਮੀ ਦੀ ਭਲਾਈ ਨਹੀਂ ਹੋ ਸਕਦੀ। ਸਾਮਰਾਜੀ ਅਰਥ ਵਿਵਸਥਾ ਨੂੰ ਢਹਿ ਢੇਰੀ ਕਰਨਾ ਹੀ ਇਨ੍ਹਾਂ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

19375739812



# ਕੈਨੇਡਾ ਅੰਦਰ ਬਿਲ ਸੀ-51 ਦਾ ਵਿਰੋਧ ਕਿਉਂ?

**ਦਰਬਾਰਾ ਸਿੰਘ ਕਾਹਲੋਂ**

ਅੰਤਰਰਾਸ਼ਟਰੀ ਮੰਚਾਂ ਤੇ ਆਧੁਨਿਕ ਲੋਕਤੰਤਰੀ ਰਾਸ਼ਟਰ ਕੈਨੇਡਾ ਹਮੇਸ਼ਾ ਮਨੁੱਖੀ ਅਧਿਕਾਰਾਂ, ਆਜ਼ਾਦੀਆਂ ਅਤੇ ਲੋਕਸ਼ਾਹ ਉਚ ਕਦਰਾਂ ਕੀਮਤਾਂ ਦੇ ਅਲੰਬਰਦਾਰ ਰਾਜ ਵਜੋਂ ਆਪਣੇ ਆਪ ਨੂੰ ਪ੍ਰਸਤੁਤ ਕਰਦਾ ਹੈ। ਇਸ ਦੇਸ਼ ਅੰਦਰ ਵੱਡੀ ਗਿਣਤੀ ਵਿਚ ਵਿਸ਼ਵ ਦੇ ਵੱਖ ਵੱਖ ਦੇਸ਼ਾਂ, ਧਰਮਾਂ, ਰੰਗਾਂ, ਭਾਸ਼ਾਵਾਂ, ਸਭਿਆਚਾਰਕਾਂ, ਖਿੱਤਿਆਂ ਦੇ ਪ੍ਰਵਾਸੀ ਵਸਦੇ ਹਨ। ਇਵੇਂ ਇਹ ਵੱਖ ਵੱਖ ਮਾਨਵੀ ਰੰਗਾਂ ਦਾ ਖ਼ੂਬਸੂਰਤ ਗੁਲਦਸਤਾ ਪ੍ਰਤੀਤ ਹੁੰਦਾ ਹੈ। ਕਾਨੂੰਨ ਦਾ ਰਾਜ, ਕਿਰਤ ਸਭਿਆਚਾਰ, ਵਿਕਸਤ ਅਰਥਚਾਰਾ ਇਸ ਖ਼ੂਬਸੂਰਤ ਲੋਕਤੰਤਰ ਨੂੰ ਚਾਰ ਚੰਨ ਲਗਾਉਂਦਾ ਵਿਖਾਈ ਦਿੰਦਾ ਹੈ।

ਲੇਕਿਨ ਵਿਸ਼ਵ ਮੰਚ ਤੇ ਪਿਛਲੇ ਕੁਝ ਸਮੇਂ ਤੋਂ ਵਿਸ਼ਵੀਕਰਨ ਉਦਾਰੀਕਰਨ ਨੀਤੀਆਂ ਦੇਨਿਰਮਾਤਾ ਕਾਰਪੋਰੇਟ ਸਮਰਾਏਦਾਰੀ ਅਤੇ ਇਸ ਦੀ ਪਿੱਠੂ ਰਾਜਨੀਤਕ ਮੰਡਲੀ ਦੇ ਸੰਕਟ ਨੇ ਕੈਨੇਡਾਈ ਲੋਕਸ਼ਾਹੀ ਨੂੰ ਢਾਹ ਲਾਉਣੀ ਸ਼ੁਰੂ ਕੀਤੀ ਹੈ ਜਿਵੇਂ ਇਹ ਅਮਰੀਕੀ, ਯੂਰਪੀ, ਏਸ਼ੀਆਈ, ਲਾਤੀਨੀ ਅਮਰੀਕਾ ਅਤੇ ਅਫ਼ਰੀਕੀ ਲੋਕਸ਼ਾਹੀਆਂ ਨੂੰ ਲਾ ਰਹੀ ਹੈ। ਇਸ ਸੰਕਟ ਦਾ ਵੱਡਾ ਮਾਰੂ ਪਰਛਾਵਾਂ ਮਨੁੱਖੀ ਅਧਿਕਾਰਾਂ ਆਜ਼ਾਦੀਆਂ, ਲੋਕਸ਼ਾਹੀ ਉਚ ਕਦਰਾਂ ਕੀਮਤਾਂ ਅਤੇ ਸੰਵਿਧਾਨਕ ਮੌਲਿਕ ਅਧਿਕਾਰਾਂ ਤੇ ਪੈ ਰਿਹਾ ਹੈ ਜੋ ਮਨੁੱਖ ਨੇ ਸਦੀਆਂਬੱਧੀ ਸੰਘਰਸ਼, ਲਹੂ ਵੀਟਵੀਆਂ ਕੁਰਬਾਨੀਆਂ ਅਤੇ ਇਤਿਹਾਸਕ ਘਾਲਨਾਵਾਂ ਰਾਹੀਂ ਪ੍ਰਾਪਤ ਕੀਤੇ ਸਨ।

ਕੈਨੇਡਾ ਦੇ ਅਪ੍ਰੈਲ 17, 1982 ਨੂੰ ਰਾਜਧਾਨੀ ਓਟਾਵਾ ਸਥਿਤ ਪਾਰਲੀਮੈਂਟ ਹਿੱਲ ਵਿਚ ਮਹਾਰਾਣੀ ਅਲੈਜ਼ਬੈਥ ਵਲੋਂ ਐਲਾਨੇ ਮਨੁੱਖੀ ਅਧਿਕਾਰਾਂ ਅਤੇ ਆਜ਼ਾਦੀਆਂ ਦੇ ਚਾਰਟਰ ਨੂੰ ਇਕ ਅਦੁੱਤੀ ਸਮਾਰੋਹ ਦੇ ਆਯੋਜਨ ਰਾਹੀਂ ਕੈਨੇਡਾਈ ਸੰਵਿਧਾਨ ਵਿਚ ਸ਼ਾਮਲ ਕੀਤਾ। ਸਚਮੁੱਚ ਕੈਨੇਡਾਈ ਨਾਗਰਿਕਾਂ ਲਈ ਇਹ ਇਕ ਗੌਰਵਮਈ ਇਤਿਹਾਸਕ ਪ੍ਰਾਪਤੀ ਸੀ।

ਵਿਸ਼ਵ ਮਹਾਂਸ਼ਕਤੀ ਅਮਰੀਕਾ ਦੇ ਗੁਆਂਢੀ, ਇਤਿਹਾਦੀ, ਨਾਟੋ ਅਤੇ ਹੋਰ ਫੌਜੀ ਅਤੇ ਯੁਧਨੀਤਕ ਸੰਗਠਨਾਂ ਦੇ ਮੈਂਬਰ ਹੋਣ, ਇਨ੍ਹਾਂ ਦੀਆਂ ਕਾਰਵਾਈਆਂ ਵਿਚ ਭਾਗ ਲੈਣ,ਅਮਰੀਕਾ ਤੇ 9/11 ਹਮਲਿਆਂ ਬਾਅਦ ਲਗਾਤਾਰ ਹੁਣ ਤੱਕ ਵੱਖ ਵੱਖ ਫੌਜੀ, ਯੁੱਧਨੀਤਕ, ਤਕਨੀਕੀ, ਡਿਪਲੋਮੈਟਿਕ ਅਭਿਆਨਾਂ ਵਿਚ ਭਾਗ ਲੈਣ ਕਰਕੇ ਖੁਦ ਕੈਨੇਡਾ ਵੀ ਬਾਹਰੀ ਅਤੇ ਅੰਦਰੂਨੀ ਅੱਤਵਾਦੀ, ਭੰਨਤੋੜ, ਸੰਚਾਰ ਉਥਲ ਪੁਥਲ ਸਬੰਧਤ ਗਤੀਵਿਧੀਆਂ ਦਾ ਸ਼ਿਕਾਰ ਹੁੰਦਾ ਜਾ ਰਿਹਾ ਹੈ। ਪਿਛਲੇ ਸਾਲ ਇਸ ਦੀ ਸੰਸਦ ਐਸੇ ਹਮਲੇ ਦਾ ਸ਼ਿਕਾਰ ਹੋ ਗਈ ਸੀ। ਇਨ੍ਹਾਂ ਗਤੀਵਿਧੀਆਂ ਦਾ ਦੇਸ਼ ਅੰਦਰ ਨਸ਼ੀਲੇ ਪਦਾਰਥਾਂ ਦੇ ਵਪਾਰ ਅਤੇ ਸਮੱਗਲਿੰਗ ਜਿਹੇ ਧੰਦਿਆਂ 'ਤੇ ਵੀ ਪ੍ਰਭਾਵ ਵਿਖਾਈ ਦਿੰਦਾ ਹੈ।

ਦੇਸ਼ ਅੰਦਰ ਅੱਤਵਾਦੀ ਹਮਲਿਆਂ, ਗਤੀਵਿਧੀਆਂ, ਸਾਜ਼-ਬਾਜ਼ ਰੋਕਣ ਲਈ ਕੈਨੇਡਾ ਦੀ ਫੈਡਰਲ ਸਰਕਾਰ ਅਤੇ ਪ੍ਰਾਂਤਿਕ ਸਰਕਾਰ ਕੋਲ ਪਹਿਲਾਂ ਹੀ ਸਮਰਥ ਲੋੜੀਂਦੇ ਕਾਨੂੰਨ ਮੌਜੂਦ ਹਨ। ਰਾਜਕੀ ਸ਼ਕਤੀ ਹਰ ਕਿਸਮ ਦੀ ਸਰਕਾਰ ਵਿਚ ਹਮੇਸ਼ਾ ਨਿਰਦਈ, ਜ਼ਾਲਮ ਅਤੇ ਵਹਿਸ਼ੀ ਪਾਈ ਜਾਂਦੀ ਰਹੀ ਹੈ ਉਹ ਭਾਵੇਂ ਰਾਜਸ਼ਾਹੀ, ਤਾਨਸ਼ਾਹੀ, ਅਫ਼ਸਰਸ਼ਾਹੀ, ਜੁੰਡਲੀਸ਼ਾਹੀ, ਸੈਨਿਕਸ਼ਾਹੀ, ਕੁਲੀਨਸ਼ਾਹੀ ਜਾਂ ਲੋਕਸ਼ਾਹੀ ਸਰਕਾਰ ਹੋਵੇ। ਫੌਜੀ, ਅਰਧ ਫੌਜੀ, ਪੁਲਿਸ ਬਲ ਮਨੁੱਖੀ ਅਧਿਕਾਰਾਂ, ਅਜ਼ਾਦੀਆਂ ਅਤੇ ਮਨੁੱਖਾਂ ਨੂੰ ਆਪਣੀਆਂ ਸੰਗੀਨਾਂ ਨਾਲ ਵਿੰਨਣ ਅਤੇ ਬੂਟਾਂ ਨਾਲ ਕੁਚਲਣ ਲਈ ਪਲ ਵੀ ਨਹੀਂ ਲਾਉਂਦੇ।

ਪਿਛਲੇ ਕੁਝ ਸਮੇਂ ਤੋਂ ਜੋ ਕੈਨੇਡਾ ਪੂਰੇ ਵਿਸ਼ਵ ਅੰਦਰ ਮਨੁੱਖੀ ਅਧਿਕਾਰਾਂ, ਆਜ਼ਾਦੀਆਂ ਅਤੇ ਉਚ ਲੋਕਸ਼ਾਹੀ ਕਦਰਾਂ-ਕੀਮਤਾਂ ਦੀ ਰਾਖੀ ਲਈ ਆਵਾਜ਼ ਬੁਲੰਦ ਕਰਨ ਵਾਲੇ ਰਾਸ਼ਟਰ ਵਜੋਂ ਜਾਣਿਆ ਜਾਂਦਾ ਸੀ, ਇਸ ਦੀਆਂ ਵੱਖ-ਸਰਕਾਰਾਂ ਅਸਿੱਧੇ ਅਤੇ ਲੁਕਵੇਂ ਕਾਨੂੰਨੀ ਹਥਿਆਰਾਂ ਨਾਲ ਆਪਣੇ ਦੇਸ਼ ਦੇ ਨਾਗਰਿਕਾਂ ਦੇ ਐਸੇ ਅਧਿਕਾਰਾਂ ਅਤੇ ਅਜ਼ਾਦੀਆਂ ਤੇ ਕੁਹਾੜਾ ਚਲਾ ਰਹੀਆਂ ਹਨ। ਇਸ ਵਲੋਂ ਤਿਆਰ ਕੀਤੇ ਅੱਤਵਾਦ ਵਿਰੋਧੀ ਬਿਲ ਸੀ-15 ਵਿਚ ਕੁਝ ਐਸੀਆਂ ਮੱਦਾਂ ਹਨ ਜੋ ਇਸ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਅਤੇ ਆਜ਼ਾਦੀਆਂ 'ਤੇ ਸਿੱਧਾ ਹਮਲਾ ਹਨ। ਇਸੇ ਕਰਕੇ ਵੱਖ-ਵੱਖ ਵਰਗਾਂ ਨਾਲ ਸਬੰਧਤ ਜਾਗ੍ਰਿਤ ਅਤੇ ਚੇਤੰਨਾ ਨਾਗਰਿਕ ਇਸ ਦਾ ਤਿੱਖਾ ਵਿਰੋਧ ਕਰ ਰਹੇ ਹਨ। ਇਸ ਵਿਰੁੱਧ ਮਾਣਯੋਗ ਸੁਪਰੀਮ ਕੋਰਟ ਵਿਚ ਰਿੱਟਾਂ ਕਰਨ ਅਤੇ ਪਾਰਲੀਮੈਂਟ ਵਿਚ ਇਸ ਨੂੰ ਪਾਸ ਨਾ ਕੀਤੇ ਜਾਣ ਸਬੰਧੀ ਚਾਰਾਜੋਈ ਕਰ ਰਹੇ ਹਨ।

ਇਹ ਬਿੱਲ ਬਹੁਤ ਪੇਚੀਦਾ, ਹਾਨੀਕਾਰਕ ਅਤੇ ਆਜ਼ਾਦ ਮਨੁੱਖੀ ਪ੍ਰਗਟਾਵੇ ਦਾ ਘਾਣ ਕਰਨ ਵਾਲਾ ਹੈ। ਇਹ ਸਰਕਾਰੀ ਹੀ ਨਹੀਂ ਪ੍ਰਾਈਵੇਟ ਸੈਂਸਰਸ਼ਿਪ ਆਇਦ ਕਰਦਾ ਹੈ। ਲੋਕਸ਼ਾਹ ਵਾਦ-ਵਿਵਾਦ, ਅਗਿਆਨ ਵਕਤਾ ਵਲੋਂ ਅਗਿਆਨ ਮੰਤਵਾਂ ਲਈ ਕੀਤੇ ਜਾਂਦੇ ਪ੍ਰਗਟਾਵੇ, ਭਾਸ਼ਣ, ਅੱਤਵਾਦ ਭੜਕਾਉਣ, ਪ੍ਰਾਈਵੇਟ ਗੱਲਬਾਤ ਸਮੇਂ ਅਨਜਾਣ ਪ੍ਰਗਟਾਵੇ ਆਦਿ ਲਈ ਅਪਰਾਧੀ ਦੋਸ਼ਾਂ ਵਿਚ ਸਬੰਧਤ ਨਾਗਰਿਕਾਂ ਨੂੰ ਪਕੜ ਲਿਆ ਜਾਵੇਗਾ।ਅਰਬ ਅਮੀਰਾਤ ਰਾਜਾਂ, ਡੁਬਈ, ਕੱਤਰ, ਸਾਊਦੀ ਅਰਬ ਆਦਿ ਅੰਦਰ ਸੀ. ਆਈ. ਡੀ. ਏਜੰਟ ਨਿੱਜੀ ਗੱਲਬਾਤ ਵਿਚ ਮਸ਼ਰੂਫ਼ ਲੋਕਾਂ ਨੂੰ ਪਕੜ ਲੈਂਦੇ ਹਨ। ਉਨ੍ਹਾਂ ਦੇਸ਼ਾਂ ਅੰਦਰ ਕਿਧਰੇ ਵੀ ਲੋਕਸ਼ਾਹੀ ਮੌਜੂਦ ਨਹੀਂ। ਕੀ ਇਹ ਕੈਨੇਡਾਈ ਲੋਕਸ਼ਾਹੀ ਅਤੇ ਮਾਨਵ ਅਧਿਕਾਰਾਂ ਤੇ ਬੇਲੋੜਾ ਹਮਲਾ ਨਹੀਂ?

ਅੱਤਵਾਦੀ ਗਤੀਵਿਧੀਆਂ ਰੋਕਣ ਲਈ ਇਹ ਬਿੱਲ ਕਿਸੇ ਵੀ ਵਿਅਕਤੀ ਨੂੰ ਗ੍ਰਿਫ਼ਤਾਰ ਕਰਨ ਜਾਂ ਹਿਰਾਸਤ ਵਿਚ ਰੱਖਣ ਦਾ ਪੁਲਿਸ ਨੂੰ ਅਧਿਕਾਰ ਦਿੰਦਾ ਹੈ। ਜੇਕਰ ਪੁਲਿਸ ਅਫ਼ਸਰ ਸਮਝੇ ਕਿ ਕੋਈ ਵਿਅਕਤੀ ਐਸੀ ਕਾਰਵਾਈ ਕਰ ਸਕਦਾ ਹੈ ਉਸ ਨੂੰ ਸ਼ੱਕ ਦੇ ਅਧਾਰਤ 'ਤੇ 7 ਦਿਨ ਹਿਰਾਸਤ ਵਿਚ ਰੱਖ ਸਕਦਾ ਹੈ। ਇਸ ਲਈ ਕੋਰਟ ਤੋਂ ਆਗਿਆ ਲੈਣ ਦੀ ਲੋੜ ਨਹੀਂ ਜਿਵੇਂ ਕਿ ਪਹਿਲਾਂ ਚਾਰਟਰ ਵਿਚ ਮੌਜੂਦ ਹੈ। ਇਹ ਬਿਲ ਕਾਨੂੰਨ ਦੇ ਅਮਲ ਅਤੇ ਜਨਤਕ ਸੁਰੱਖਿਆ ਨਾਲ ਜੁੜੇ ਅਧਿਕਾਰੀਆਂ, ਪੁਲਿਸ ਅਮਲੇ ਨੂੰ ਮਨਮਰਜ਼ੀ ਭਰੀਆਂ ਸ਼ਕਤੀਆਂ ਪ੍ਰਦਾਨ ਕਰਦਾ ਹੈ। ਇਹ ਮਨੁੱਖੀ ਅਧਿਕਾਰਾਂ ਅਤੇ ਆਜ਼ਾਦੀਆਂ ਦੇ ਚਾਰਟਰ ਪ੍ਰਤੀਕੂਲ ਬਿਲ




ਵਿਖਾਈ ਦਿੰਦਾ ਹੈ।

ਜ਼ੁਬਾਨੀ-ਕਲਾਮੀ ਵਿਚਾਰਾਂ ਦੇ ਆਦਾਨ ਪ੍ਰਦਾਨ, ਲਿਖਤੀ, ਵੀਡੀਓ ਰਾਹੀਂ ਜਾਂ ਰਿਕਾਰਡਿਡ ਨਾਲ ਗੱਲ, ਭਾਸ਼ਣ, ਸੰਕੇਤਕ ਭਾਸ਼ਾ ਦੇ ਪ੍ਰਯੋਗ, ਵੀਡੀਓਗ੍ਰਾਫ਼ੀ ਦੇ ਆਧਾਰ 'ਤੇ ਕਿਸੇ ਵੀ ਵਿਅਕਤੀ ਨੂੰ ਅੱਤਵਾਦ ਭੜਕਾਉਣ ਦੇ ਦੋਸ਼ਾਂ ਵਿਚ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ। ਅਤਿਵਾਦੀ ਕਾਰਜ ਨੂੰ ਅਜਾਮ ਦੇਣ, ਭੜਕਾਉਣ, ਸਾਜ਼ਿਸ਼ ਕਰਨਾ ਵਿੱਤੀ ਸਹਾਇਤਾ ਕਰਨ ਅਤੇ ਇਸ ਸਬੰਧੀ ਐਸੋਸੀਏਸ਼ਨ ਸੰਗਠਤ ਕਰਨ ਦੇ ਦੋਸ਼ ਆਇਦ ਕਰਕੇ ਕੋਈ ਵੀ ਵਿਅਕਤੀ ਹਿਰਾਸਤ ਵਿਚ ਰੱਖਿਆ ਜਾ ਸਕਦਾ ਹੈ।

ਇਸ ਬਿਲ ਦੀਆਂ ਮੱਦਾਂ ਦਾ ਉਲੰਘਣ ਕਰਨ, ਸੈਂਸਰਸ਼ਿਪ ਦੇ ਪ੍ਰਯੋਗ ਅਧੀਨ ਕੋਈ ਵੀ ਨਾਗਰਿਕ ਜਾਂ ਕੈਨੇਡਾ ਅੰਦਰ ਯਾਤਰਾ ਕਰਨ ਲਈ ਆਇਆ ਵਿਅਕਤੀ ਬਗੈਰ ਮੁਕੱਦਮਾ ਚਲਾਉਣ ਦੇ ਹਿਰਾਸਤ ਵਿਚ ਰੱਖਿਆ ਜਾ ਸਕੇਗਾ, ਗ੍ਰਿਫ਼ਤਾਰ ਕੀਤਾ ਜਾ ਸਕਦਾ ਜਾਂ 5 ਸਾਲ ਲਈ ਜੇਲ੍ਹ ਵਿਚ ਭੇਜਿਆ ਜਾ ਸਕੇਗਾ। ਇਥੋਂ ਤੱਕ ਕਿ ਨਿੱਜੀ ਤੌਰ 'ਤੇ ਗੱਲਬਾਤ ਕਰ ਰਹੇ ਵਿਅਕਤੀ ਪੁਲਿਸ ਦੁਆਰਾ ਚੁੱਕੇ ਜਾ ਸਕਣਗੇ।

ਪ੍ਰਾਈਵੇਸੀ ਕਮਿਸ਼ਨਰਾਂ, ਵਕੀਲਾਂ ਅਤੇ ਪ੍ਰਬੰਧ ਵਿਅਕਤੀਆਂ ਅਨੁਸਾਰ ਇਹ ਬਿੱਲ ਸਰਕਾਰ ਦੇ ਕਈ ਵਿਭਾਗਾਂ, ਏਜੰਸੀਆਂ ਆਦਿ ਨੂੰ ਨਾਗਰਿਕਾਂ ਦੀਆਂ ਨਿੱਜੀ ਜਾਣਕਾਰੀਆਂ ਪ੍ਰਾਪਤ ਕਰਨ ਦਾ ਅਧਿਕਾਰ ਦਿੰਦਾ ਹੈ। ਸ਼ਕਤੀਆਂ ਦੇ ਦੁਰਉਪਯੋਗ ਨੂੰ ਕੁੰਡਾ ਨਹੀਂ ਲਗਾਉਂਦਾ। ਅਫ਼ਸਰਸ਼ਾਹੀ ਨੂੰ ਗੁਪਤ ਜਾਣਕਾਰੀਆਂ ਹਾਸਲ ਕਰਨ ਦੀਆਂ ਅਸੀਮ ਸ਼ਕਤੀਆਂ ਪ੍ਰਦਾਨ ਕਰਦਾ ਹੈ।

ਆਜ਼ਾਦ ਅਤੇ ਲੋਕਤੰਤਰੀ ਸਮਾਜ ਦੇ ਮੁਢਲੇ ਅਧਿਕਾਰਾਂ ਦੀ ਰਾਖੀ ਕਰਨ ਬਣਾਉਣ ਦੇ ਨਿਜ਼ਾਮ ਨੂੰ ਕਾਇਮ ਰੱਖਣ ਦੇ ਉਲਟ ਸੀ. ਐਸ. ਆਈ. ਐਸ. ਨੂੰ ਗੈਰ ਪ੍ਰਭਾਵਿਤ ਕੀਤੀਆਂ ਸ਼ਕਤੀਆਂ ਨਾਲ ਲੈਸ ਕਰਦਾ ਹੈ। ਲੇਕਿਨ ਇਹ ਸਭ ਕੁਝ ਕੈਨੇਡਾ ਦੀ ਸੁਰੱਖਿਆ ਕਾਇਮ ਰੱਖਣ ਦੀ ਆੜ ਵਿਚ ਕੀਤਾ ਜਾਏਗਾ। ਇਹ ਬਿਲ ਇਕ ਜੱਜ ਨੂੰ ਕਾਰਵਾਈ ਤੋਂ ਪਹਿਲਾਂ ਸੀ. ਐਸ. ਆਈ. ਐਸ. ਨੂੰ ਅਜਿਹਾ ਕਰਨ ਦੀ ਇਜਾਜ਼ਤ ਦੇਣ ਦੀ ਸ਼ਕਤੀ ਪ੍ਰਦਾਨ ਕਰੇਗਾ, ਲੋਕਤੰਤਰ ਅੰਦਰ ਜੱਜਾਂ ਦੀ ਭੂਮਿਕਾ ਰਾਜਕੀ, ਪ੍ਰਸ਼ਾਸਨਿਕ, ਰਾਜਨੀਤਕ ਜ਼ਿਆਦਤੀਆਂ ਰੋਕਣ ਅਤੇ ਸੰਵਿਧਾਨ ਦੀ ਰੱਖਿਆ ਕਰਨਾ ਹੁੰਦੀ ਹੈ।

ਕੈਨੈਡਾ ਦੇ ਅੰਦਰ ਜੱਜ ਤੋਂ ਇਹੀ ਆਸ ਰੱਖੀ ਜਾਂਦੀ ਹੈ। ਉਹ ਮਨੁੱਖੀ ਅਧਿਕਾਰਾਂ ਅਤੇ ਆਜ਼ਾਦੀਆਂ ਦੇ ਚਾਰਟਰ ਦੀ ਰਾਖੀ ਸੁਨਿਸ਼ਚਿਤ ਕਰਦੇ ਹਨ। ਕਿਸੇ ਵੀ ਤਰ੍ਹਾਂ ਦੀ ਕਾਰਵਾਈ ਖੁੱਲ੍ਹੀ ਅਦਾਲਤ ਵਿਚ ਕਰਦੇ ਹਨ। ਇਵੇਂ ਇਹ ਬਿੱਲ ਅਦਾਲਤੀ ਇਨਸਾਫ਼ ਸਿਸਟਮ ਤੋਂ ਵੀ ਗਹਿਰੀ ਚੋਟ ਲਗਾਉਂਦਾ ਹੈ।

ਇਸੇ ਕਰਕੇ ਫੈਡਰਲ ਪ੍ਰਾਈਵੇਸੀ ਕਮਿਸ਼ਨਰ ਦਾਨੀਅਲ ਥਰੀਨ ਜੋ ਸ੍ਰੀ ਹਾਰਪੁਰ ਸਰਕਾਰ ਵਲੋਂ ਨਿਯੁਕਤ ਕੀਤਾ ਗਿਆ ਹੈ, ਇਸ ਬਿਲ ਸਬੰਧੀ ਚਿੰਤਾ ਦਾ ਪ੍ਰਗਟਾਵਾ ਕਰਦਾ ਹੈ ਕਿ ਕੈਨੇਡਾ ਦੀ ਸੁਰੱਖਿਆ ਦੇ ਨਾਮ ਹੇਠ ਉਨ੍ਹਾਂ ਨਾਗਰਿਕਾਂ ਸਬੰਧੀ ਵੱਖ-ਵੱਖ ਵਿਭਾਗਾਂ ਅਤੇ ਏਜੰਸੀਆਂ ਨੂੰ ਗੁਪਤ ਸੂਚਨਾ ਇਕੱਤਰ ਕਰਨ ਦੀਆਂ ਸ਼ਕਤੀਆਂ ਪ੍ਰਦਾਨ ਕੀਤੀਆਂ ਜਾਣਗੀਆਂ ਜੋ ਅੱਤਵਾਦ ਗਤੀਵਿਧੀਆਂ ਵਿਚ ਸ਼ਾਮਲ ਨਹੀਂ ਹੁੰਦੇ। ਇਹ ਸਪਸ਼ਟ ਨਹੀਂ ਕਿ ਇਹ ਕਾਰਵਾਈ ਕੈਨੇਡੀਅਨਾਂ ਦੇ ਨਿੱਜੀ ਅਧਿਕਾਰਾਂ ਨੂੰ ਠੇਸ ਨਹੀਂ ਪਹੁੰਚਾਏਗੀ।

ਇਹ ਬਿੱਲ ਨਾਗਰਿਕਾਂ ਦੇ 'ਇੰਟਰਨੈਟ' ਦੀ ਵਰਤੋਂ ਦੀ ਆਜ਼ਾਦੀ 'ਤੇ ਵੀ ਹਮਲਾ ਹੈ। ਇਸ ਬਿਲ ਤਹਿਤ ਸਰਕਾਰ ਇੰਟਰਨੈਟ 'ਤੇ ਅਪਮਾਨਜਨਕ ਜਾਂ ਹਮਲਾਵਰ ਆਨਲਾਈਨ ਸਮੱਗਰੀ ਮਿਟਾਉਣ ਲਈ ਅਦਾਲਤ ਤੋਂ ਇਜਾਜ਼ਤ ਲੈ ਸਕੇਗੀ। ਇਹ ਚੀਨ ਅਤੇਉੱਤਰੀ ਕੋਰੀਆ ਸਰਕਾਰਾਂ ਵਾਂਗ ਰਾਜਕੀ ਸੈਂਸਰਸ਼ਿਪ ਵੱਲ ਵੱਡਾ ਕਦਮ ਹੋਵੇਗਾ।

ਪ੍ਰੋ. ਕੈਂਟ ਰੋਕ ਅਤੇ ਕਰੈਗ ਫਾਰਸੀਜ਼ ਦਾ ਕਹਿਣਾ ਹੈ ਕਿ ਬਿੱਲ ਸੀ-15 ਸਮਝ ਤੋਂ ਬਾਹਰ ਹੈ ਅਤੇ ਗੈਰ ਸੰਵਿਧਾਨਕ ਹੈ। ਇਸ ਦੀ ਹੋਂਦ ਨਾਲ ਬਗੈਰ ਜੁਰਮ ਦੇ ਜ਼ੁਬਾਨ ਬੰਦੀ ਕੀਤੀ ਜਾ ਸਕੇਗੀ। ਉਨ੍ਹਾਂ ਨੂੰ ਡਰ ਹੈ ਕਿ ਇਸ ਤਹਿਤ ਪੱਤਰਕਾਰਾਂ ਅਤੇ ਸਿਧਾਂਤਕ ਅਕਾਦਮਿਕਾਂ ਖਿਲਾਫ਼ ਕਾਨੂੰਨੀ ਮੁਕੱਦਮੇ ਚਲ ਸਕਣਗੇ।

ਜਨਤਕ, ਮਨੁੱਖੀ ਆਜ਼ਾਦੀਆਂ ਅਤੇ ਅਧਿਕਾਰਾਂ ਵਿਰੋਧੀ ਇਕ ਸਰਹੱਦੀ ਅਗੇਤ ਨਿਕਾਸ ਸੰਧੀ, ਕੈਨੇਡਾ ਸਰਕਾਰ ਨੇ ਅਮਰੀਕਾ ਨਾਲ ਮਾਰਚ, 2015 ਵਿਚ ਕੀਤੀ ਹੈ ਜਿਸ ਅਨੁਸਾਰ ਅਮਰੀਕੀ ਹਥਿਆਰਬੰਦ ਸਰਹੱਦੀ ਗਾਰਡਜ਼, ਕੈਨੇਡਾ ਦੀਆਂ ਬੰਦਰਗਾਹਾਂ, ਫੈਰੀ ਟਰਮੀਨਲਾਂ, ਸਰਹੱਦੀ ਲਾਂਘਿਆਂ, ਰੇਲਵੇ ਸਟੇਸ਼ਨਾਂ ਤੇ ਵਸਤਾਂ ਅਤੇ ਯਾਤਰੂਆਂ ਦੇ ਸਰਹੱਦ ਪਾਰ ਕਰਨ ਤੋਂ ਪਹਿਲਾਂ ਅਗੇਤੀ ਛਾਣਬੀਣ ਲਈ ਤਾਇਨਾਤ ਕੀਤੇ ਜਾ ਸਕਣਗੇ। ਇਸ ਸੰਧੀ 'ਤੇ ਕੈਨੇਡਾਈ ਪਬਲਿਕ ਸੇਫਟੀ ਮੰਤਰੀ ਸਟੀਵਨ ਬਲੈਨੇ ਅਤੇ ਅਮਰੀਕੀ ਗ੍ਰਹਿ ਅਪਰਾਧਿਕ ਕਾਰਵਾਈ ਕਰਦੇ ਹਨਤਾਂ ਉਨ੍ਹਾਂ ਵਿਰੁੱਧ ਮੁਕੱਦਮਾ ਅਮਰੀਕੀ ਅਦਾਲਤ ਵਿਚ ਚਲੱਗੇਾ। ਸਵਾਲ ਇਹ ਹੈ ਕਿ ਐਸੀ ਸਥਿਤੀ ਵਿਚ ਪੀੜਤ ਕੈਨੇਡਾਈ ਨਾਗਰਿਕ ਨਿਆਂ ਕਿਥੋਂ ਪ੍ਰਾਪਤ ਕਰੇਗਾ ਅਤੇ ਕਿਵੇਂ?

ਇਤਿਹਾਸ ਅਨੇਕ ਉਦਾਹਰਣਾਂ ਨਾਲ ਭਰਿਆ ਪਿਆ ਹੈ ਕਿ ਕਿਵੇਂ ਸਮੇਂ ਸਮੇਂ ਫਾਸ਼ੀਵਾਦੀ, ਤਾਨਾਸ਼ਾਹ, ਡਿਕਟੇਟਰਾਂ ਨੇ ਦੇਸ਼ਾਂ ਦੇ ਸ਼ਾਸਨ ਤੇ ਕਬਜ਼ਾ ਕਰਨ ਲਈ ਸਭ ਤੋਂ ਪਹਿਲਾਂ ਮਨੁੱਖੀ ਅਧਿਕਾਰਾਂ, ਆਜ਼ਾਦੀਆਂ, ਵਿਚਾਰਾਂ ਦੇ ਪ੍ਰਗਟਾਵੇ ਤੇ ਕਈ ਵਾਰ ਵਹਿਸ਼ੀ ਸ਼ਕਤੀ ਅਤੇ ਕਈ ਵਾਰ ਲੁਕਵੇਂ ਢੰਗ ਨਾਲ ਪਾਬੰਦੀ ਲਗਾਈ। ਪ੍ਰਬੁੱਧ ਵਿਅਕਤੀ ਦੋਸ਼ ਲਗਾਉਂਦੇ ਹਨ ਕਿ ਹਾਰਪਰ ਸਰਕਾਰ ਨੇ 'ਲੁਕਵਾਂ ਢੰਗ' ਅਪਣਾਇਆ ਹੈ।

ਸੰਨ 1933 ਵਿਚ ਫਾਸ਼ੀਵਾਦੀਆਂ ਅਜਿਹਾ ਕਰਨ ਲਈ 'ਜਨਤਕ ਸੁਰੱਖਿਆ ਐਕਟ' ਅਪਣਾਇਆ ਸੀ। ਭਾਰਤ ਅੰਦਰ ਸ੍ਰੀਮਤੀ ਇੰਦਰਾ ਗਾਂਧੀ ਨੇ 25 ਜੂਨ, 1975 ਨੂੰ 'ਐਮਰਜੈਂਸੀ' ਲਗਾ ਕੇ ਇਹ ਕਦਮ ਉਠਾਇਆ ਸੀ। ਭਾਰਤ ਸਰਕਾਰ ਨੇ ਅੱਤਵਾਦੀ 10-12 ਸਾਲ ਤ੍ਰਾਸਦੀ ਵੇਲੇ ਪੰਜਾਬ ਰਾਜ ਵਿਚ 'ਟਾਡਾ' ਅਤੇ ਹੁਣ ਜੰਮੂ-ਕਸ਼ਮੀਰ ਰਾਜ 'ਅਫਸਪਾ' ਨਾਫਜ਼ ਕਰਨ ਦੇ ਗੈਰ-ਲੋਕਤੰਤਰੀ ਕਦਮ ਮੁੱਖੀ ਅਧਿਕਾਰਾਂ ਅਤੇ ਆਜ਼ਾਦੀਆਂ ਦੇ ਘਾਤ ਫੌਜ, ਅਰਧ ਫੌਜੀ ਦਲਾਂ ਅਤੇ ਪੁਲਿਸ ਨੂੰ ਅਸੀਮ ਵਹਿਸ਼ੀ ਸ਼ਕਤੀਆਂ ਪ੍ਰਦਾਨ ਕਰਨ ਲਈ ਕਦਮ ਉਠਾਏ। ਅਮਰੀਕਾ ਅੰਦਰ ਪ੍ਰਧਾਨ ਬੁਸ਼ ਪ੍ਰਸ਼ਾਸ਼ਨ ਵੇਲੇ 'ਦਾ ਪੈਟਰੀਆਟ ਐਕਟ' ਨਾਫ਼ਜ਼ ਕੀਤਾ ਗਿਆ।

ਕੁਝ ਲੋਕਾਂ ਦਾ ਮੱਤ ਹੈ ਕਿ ਸੀ-51 ਬਿਲ ਜੇ ਪਾਸ ਹੁੰਦਾ ਹੈ ਤਾਂ ਸਿਰਫ਼ ਕੈਨੇਡਾ ਦੀ 1 ਪ੍ਰਤੀਸ਼ਤ ਆਬਾਦੀ ਨੂੰ ਪ੍ਰਭਾਵਿਤ ਕਰੇਗਾ ਭਾਵ 5,50,000 ਨਾਗਰਿਕਾਂ ਨੂੰ ਹਕੀਕਤ ਵਿਚ ਜ਼ਿੰਮੇਵਾਰ ਅਤੇ ਜਵਾਬਦੇਹ ਲੋਕਸ਼ਾਹੀ ਅੰਦਰ ਇਕ ਨਾਗਰਿਕ ਦੇ ਮਾਨਵ ਅਧਿਕਾਰਾਂ ਅਤੇ ਆਜ਼ਾਦੀਆਂ ਦਾ ਘਾਣ ਉਸ ਲੋਕਸ਼ਾਹੀ ਦੇ ਸੀਨੇ ਅੰਦਰ ਛੁਰਾ ਘੋਂਪਣ ਭਰਿਆ ਨਾ ਕਾਬਲੇ ਬਰਦਾਸ਼ਤ ਗੁਨਾਹ ਅਖਵਾਉਂਦਾ ਹੈ।

ਕੈਨੇਡਾ ਦੀ ਖ਼ੂਬਸੂਰਤ ਲੋਕਸ਼ਾਹੀ ਦੀ ਰਾਖੀ ਲਈ ਜਨਤਕ ਗਰਜਣਾ ਬੁਲੰਦ ਹੋ ਰਹੀ ਹੈ ਕਿ ਪਾਰਲੀਮੈਂਟ ਵਿਚ ਲੋਕਤੰਤਰਘਾਤੀ ਬਿੱਲ ਸੀ-51 ਪਾਸ ਨਾ ਕੀਤਾ ਜਾਏ। ਮਨੁੱਖੀ ਅਧਿਕਾਰਾਂ ਅਤੇ ਆਜ਼ਾਦੀਆਂ ਦੇ ਪ੍ਰੇਮੀ ਸਾਂਸਦ ਭਾਵੇਂ ਕਿਸੇ ਰਾਜਨੀਤਕ ਪਾਰਟੀ ਨਾਲ ਸਬੰਧਤ ਹੋਣ, ਆਪਣੀ ਅੰਤਰ ਆਤਮਾ ਦੀ ਆਵਾਜ਼ 'ਤੇ ਇਸ ਵਿਰੁੱਧ ਡਟ ਜਾਣ। ਕੁਝ ਕਾਨੂੰਨੀ ਮਾਹਿਰ ਇਸ ਬਿੱਲ ਨੂੰ ਗੈਰ ਸੰਵਿਧਾਨਕ ਅਤੇ ਗੈਰ ਲੋਕਤੰਤਰ ਕਰਾਰ ਦਿੰਦੇ ਮਾਣਯੋਗ ਸੁਪਰੀਮ ਕੋਰਟ ਵਿਚ ਚੁਣੌਤੀ ਦੇਣ ਲਈ ਉਚਿਤ ਕਦਮ ਉਠਾ ਰਹੇ ਹਨ। ਹੈਰਾਨਗੀ ਦੀ ਗੱਲ ਤਾਂ ਹੈ ਕਿ ਮੌਜੂਦਾ ਕੰਜ਼ਰਵਟਿਕ ਸਰਕਾਰ ਨੇ ਇਹ ਅਤਿ ਨਿੰਦਣਯੋਗ ਕਦਮ ਉਦੋਂ ਚੁੱਕਿਆ ਜਦੋਂ ਰਾਸ਼ਟਰੀ ਮਨੁੱਖੀ ਅਧਿਕਾਰਾਂ ਅਤੇ ਅਤੇ ਆਜ਼ਾਦੀਆਂ ਸਬੰਧੀ ਚਾਰਟਰ ਦੀ 33ਵੀਂ ਵਰ੍ਹੇਗੰਢ ਮਨਾ ਰਿਹਾ ਹੈ।

**ਸਾਬਕਾ ਰਾਜ ਸੂਚਨਾ ਕਮਿਸ਼ਨਰ, ਪੰਜਾਬ**
**ਬਰੈਂਪਟਨ, ਕੈਨੇਡਾ**
001-416-857-7665

# ਦੁਫਾੜ ਵੱਲ ਵਧ ਚੁੱਕੀ ਆਮ ਆਦਮੀ ਪਾਰਟੀ

ਮੁਖਤਿਆਰ ਪੂਹਲਾ



ਆਮ ਆਦਮੀ ਪਾਰਟੀ ਅੰਦਰ ਹੋ ਰਹੇ ਘਟਨਾ ਵਿਕਾਸ ਨੇ ਦੇਸ਼ ਦੇ ਸਿਆਸੀ ਹਲਕਿਆਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ ਜਦੋਂ ਇਸ ਪਾਰਟੀ ਦੇ ਅੰਦਰੋਂ ਅੰਦਰੀਂ ਰਿੱਝ ਪੱਕ ਰਹੀ ਖਿੱਚੜੀ ਬਾਹਰ ਆ ਗਈ ਹੈ। ਇਸ ਖਿਚੜੀ ਨੂੰ ਉਬਾਲਣ ਲਈ ਝੋਕਾ ਲਾਉਣ ਅਤੇ ਇਸ ਨੂੰ ਬੇਸੁਆਦੀ ਬਨਾਉਣ 'ਚ 'ਆਪ' ਅੰਦਰ ਭਾਰੂ ਕੇਜਰੀਵਾਲ ਗੁੱਟ ਨੇ ਪ੍ਰਮੁੱਖ ਰੋਲ ਅਦਾ ਕੀਤਾ ਹੈ। ਲੋਕਾਂ ਨੂੰ ਸਵਰਾਜ ਮੁਹੱਈਆ ਕਰਨ ਅਤੇ ਪਾਰਟੀ ਅੰਦਰ ਜਮਹੂਰੀਅਤ ਦਾ ਪਸਾਰਾ ਕਰਨ ਦੀ ਡੌਂਡੀ ਪਿੱਟਣ ਵਾਲੇ ਇਸ ਧੜੇ ਦਾ ਹੀਜ ਪਿਆਜ ਉਸ ਸਮੇਂ ਨੰਗਾ ਹੋ ਗਿਆ ਜਦੋਂ ਇਸ ਨੇ ਆਪਣੇ ਵਿਚਾਰਾਂ ਨਾਲ ਅਸਹਿਮਤੀ ਪ੍ਰਗਟ ਕਰਨ ਵਾਲੇ ਆਗੂਆਂ ਨੂੰ ਪਾਰਟੀ 'ਚੋ ਬਾਹਰ ਕੱਢਣ ਦਾ ਰਸਤਾ ਦਿਖਾਉਣਾ ਸ਼ੁਰੂ ਕਰ ਦਿੱਤਾ। ਪਿਛਲੇ ਸਮੇਂ ਅੰਦਰ ਪਾਰਟੀ ਦੀ ਕੌਮੀ ਕਾਰਜਕਾਰਨੀ ਅਤੇ ਕੌਮੀ ਕੌਂਸਲ ਦੀਆਂ ਮੀਟਿੰਗਾਂ ਸਮੇਂ ਇਸ ਧੜੇ ਨੇ ਆਪਣੇ ਵਿਰੁੱਧ ਵਿਚਾਰ ਰੱਖਣ ਵਾਲੇ ਪਾਰਟੀ ਦੇ ਕੁੱਝ ਬਾਨੀ ਆਗੂਆਂ ਨੂੰ ਪਾਰਟੀ ਦੇ ਅਹਿਮ ਅਹੁਦਿਆਂ ਤੋਂ ਬਰਖਾਸਤ ਕਰ ਕੇ ਇਹ ਦਰਸਾ ਦਿੱਤਾ ਕਿ ਇਸ ਪਾਰਟੀ ਦੀ ਲੀਡਰਸ਼ਿੱਪ ਵੀ ਬਾਕੀ ਦੀਆਂ ਹਾਕਮ ਜਮਾਤੀ ਪਾਰਟੀਆਂ ਵਾਂਗ ਮੌਕਾਪ੍ਰਸਤ ਅਤੇ ਅਫ਼ਸਰਸ਼ਾਹ ਕਿਰਦਾਰ ਦੀ ਮਾਲਕ ਹੈ। ਉਸ ਦੇ ਇਸ ਵਿਹਾਰ ਸਦਕਾ ਲੋਕਾਂ ਦੇ ਉਨ੍ਹਾ ਹਿੱਸਿਆਂ ਅੰਦਰ ਮਾਯੂਸੀ ਦਾ ਛਾ ਜਾਣਾ ਕੁਦਰਤੀ ਹੈ ਜੋ ਉਸ ਉੱਤੇ ਨਵਾਂ ਸਿਆਸੀ ਬਦਲ ਮੁਹੱਈਆ ਕਰਵਾਏ ਜਾਣ ਦੀਆਂ ਆਸਾਂ ਲਾਈ ਬੈਠੇ ਸਨ ਅਤੇ ਜੋ ਉਸ ਦੇ ਅਸਲੀ ਖਾਸੇ ਬਾਰੇ ਬਹੁਤ ਵੱਡੇ ਭੁਲੇਖੇ ਦਾ ਸ਼ਿਕਾਰ ਸਨ। ਦੇਸ਼ ਦੀਆਂ ਪੁਰਾਣੀਆਂ ਸਿਆਸੀ ਪਾਰਟੀਆਂ ਦੀ ਅਗਵਾਈ 'ਚ ਬਣਦੀਆਂ ਰਹੀਆਂ ਹਕੂਮਤਾਂ ਨੂੰ ਦੇਖਣ ਦੇ ਆਦੀ ਹੋ ਚੁੱਕੇ ਬਹੁਤੇ ਲੋਕਾਂ ਲਈ ਆਮ ਆਦਮੀ ਪਾਰਟੀ ਦਾ ਚਮਤਕਾਰੀ ਢੰਗ ਨਾਲ ਭਾਰਤ ਦੇ ਸਿਆਸੀ ਦ੍ਰਿਸ਼ 'ਤੇ ਚਮਕਣਾ ਅਤੇ ਫਿਰ ਅਚਾਨਕ ਇਸ ਅੰਦਰ ਵੱਡੀ ਦਰਾੜ ਦਾ ਉੱਭਰ ਆਉਣਾ ਕਾਫ਼ੀ ਹੈਰਾਨੀ ਜਨਕ ਹੈ। ਜਦੋਂ ਸੰਨ 2013 ਦੀਆਂ ਦਿੱਲੀ ਵਿਧਾਨ ਸਭਾ ਚੋਣਾਂ ਅੰਦਰ ਇਹ 70 ਵਿੱਚੋਂ 28 ਸੀਟਾਂ ਲੈ ਕੇ ਭਾਜਪਾ ਤੋਂ ਬਾਅਦ ਦੂਸਰੀ ਵੱਡੀ ਸਿਆਸੀ ਪਾਰਟੀ ਵਜੋਂ ਉੱਭਰੀ ਸੀ ਤਾਂ ਉਸ ਸਮੇਂ ਮੀਡੀਆ ਵਿਸ਼ਲੇਸ਼ਣਕਾਰਾਂ ਅਤੇ ਹੋਰ ਸਿਆਸੀ ਪੰਡਤਾਂ 'ਚੋਂ ਬਹੁਤਿਆਂ ਦੇ ਅੰਦਾਜ਼ੇ ਗਲਤ ਸਾਬਿਤ ਹੋਏ ਸਨ। ਉਹ ਆਮ ਆਦਮੀ ਪਾਰਟੀ ਦੀ ਅਣਕਿਆਸੀ ਜਿੱਤ ਉੱਤੇ ਆਪਣੇ ਮੂੰਹ 'ਚ ਉਂਗਲੀਆਂ ਟੁੱਕਣ ਲਈ ਮਜ਼ਬੂਰ ਹੋ ਗਏ ਸਨ। ਮਈ 2014 ਦੀਆਂ ਲੋਕ ਸਭਾ ਚੋਣਾਂ ਵਿੱਚ ਪੰਜਾਬ ਨੂੰ ਛੱਡ ਕੇ ਦਿੱਲੀ ਸਮੇਤ ਭਾਰਤ 'ਚ ਸਭ ਥਾਈਂ ਬੁਰੀ ਤਰ੍ਹਾਂ ਮਾਤ ਖਾ ਜਾਣ ਬਾਅਦ ਫਰਵਰੀ 2015 ਨੂੰ ਹੋਈਆਂ ਦਿੱਲੀ ਵਿਧਾਨ ਸਭਾ ਚੋਣਾਂ ਅੰਦਰ ਇਸ ਦੀ ਧਮਾਕਾ ਖੇਜ਼ ਵਾਪਸੀ ਹੋਰ ਵੀ ਹੈਰਾਨ ਕਰਨ ਵਾਲੀ ਸੀ। ਇਹਨਾਂ ਚੋਣਾਂ ਵਿੱਚ 'ਆਪ' ਨੇ ਦੋ ਤਿਹਾਈ ਨਾਲੋਂ ਵੀ ਜ਼ਿਆਦਾ 70 ਵਿੱਚੋਂ 67 ਸੀਟਾਂ ਹਾਸਿਲ ਕੀਤੀਆਂ। ਇਤਨੀ ਵੱਡੀ ਜਿੱਤ ਦੀ ਆਸ ਖ਼ੁਦ ਇਸਦੇ ਆਗੂਆਂ ਤੱਕ ਨੂੰ ਨਹੀਂ ਸੀ। ਇਹਨਾ ਚੋਣਾਂ ਤੱਕ ਇੱਕਾ ਦੁੱਕਾ ਵਿਅਕਤੀਆਂ ਵੱਲੋਂ ਪਾਰਟੀ ਨੂੰ ਅਲਵਿਦਾ ਕਹਿਣ ਦੇ ਬਾਵਜੂਦ ਬਾਕੀ ਸਭ ਕੁੱਝ ਠੀਕ ਠਾਕ ਲੱਗਣ ਦਾ ਪ੍ਰਭਾਵ ਪੈਂਦਾ ਸੀ। ਪਰ ਇਹ ਪ੍ਰਭਾਵ ਸਤਹੀ ਸੀ। ਉੱਪਰੋਂ ਸਭ ਕੁੱਝ ਅੱਛਾ ਦਿੱਖਣ ਵਾਲੀ ਤਹਿ ਹੇਠਾਂ ਕਾਫ਼ੀ ਕੁੱਝ ਰਿੱਝ ਪੱਕ ਰਿਹਾ ਸੀ ਜੋ ਦਿੱਲੀ ਵਿਧਾਨ ਸਭਾ ਚੋਣਾਂ ਦੇ ਨਤੀਜੇ ਆਉਣ ਤੋਂ ਫੌਰੀ ਬਾਅਦ ਸਾਹਮਣੇ ਆਉਣਾ ਸ਼ੁਰੂ ਹੋ ਗਿਆ।

'ਆਪ' ਦੇ ਪ੍ਰਮੁੱਖ ਆਗੂ ਇੱਕ ਪਾਸੇ ਅਰਵਿੰਦ ਕੇਜਰੀਵਾਲ ਅਤੇ ਦੂਸਰੇ ਯੋਗਿੰਦਰ ਯਾਦਵ ਅਤੇ ਪ੍ਰਸ਼ਾਂਤ ਭੂਸ਼ਨ ਵਿੱਚਕਾਰ ਮੱਤਭੇਦ ਉਸ ਸਮੇਂ ਵਧਣੇ ਸ਼ੁਰੂ ਹੋ ਗਏ ਜਦੋਂ 2013 ਦੀਆਂ ਦਿੱਲੀ ਵਿਧਾਨ ਸਭਾ ਚੋਣਾਂ ਤੋਂ ਬਾਅਦ 49 ਦਿਨ ਚੱਲੀ ਕੇਜਰੀਵਾਲ ਸਰਕਾਰ ਨੇ ਲੋਕਪਾਲ ਬਿੱਲ ਦੇ ਮਾਮਲੇ ਉੱਪਰ ਅਸਤੀਫ਼ੇ ਦੇ ਦਿੱਤਾ ਸੀ ਪਰ ਇਸ ਦੇ ਤੁਰੰਤ ਬਾਅਦ ਇਸਨੂੰ ਬਹੁਤ ਵੱਡੀ ਗਲਤੀ ਕਰਾਰ ਦੇ ਦਿੱਤਾ ਸੀ। ਉਸ ਸਮੇਂ ਕੇਜਰੀਵਾਲ ਮੁਅਤਲ ਹੋਈ ਦਿੱਲੀ ਵਿਧਾਨ ਸਭਾ ਨੂੰ ਭੰਗ ਨਹੀਂ ਕਰਵਾਉਣਾ ਚਾਹੁੰਦਾ ਸੀ ਕਿਉਂਕਿ ਉਸ ਨੂੰ ਆਸ ਸੀ ਉਹ ਤਿਕੜਮਬਾਜ਼ੀ ਕਰ ਕੇ ਵਿਧਾਨ ਸਭਾ ਅੰਦਰ ਆਪਣੀ ਬਹੁਸੰਮਤੀ ਬਣਾ ਸਕਦਾ ਹੈ। ਉਸ ਵੱਲੋਂ ਕੀਤੀ ਗਈ ਤਿਕੜਮਬਾਜ਼ੀ ਅੱਜ ਜੱਗ ਜ਼ਾਹਿਰ ਹੋ ਚੁੱਕੀ ਹੈ। ਇੱਕ ਸਟਿੰਗ ਵੀਡੀਓ ਰਾਹੀਂ ਇਹ ਗੱਲ ਸਾਹਮਣੇ ਆਈ ਹੈ ਕਿ ਉਸ ਨੇ ਆਪਣੇ ਸਾਥੀਆਂ ਉੱਪਰ ਜ਼ੋਰ ਪਾਇਆ ਕਿ ਉਹ ਕਾਂਗਰਸ ਦੇ ਦਿੱਲੀ ਵਿਧਾਨ ਸਭਾ ਮੈਂਬਰਾਂ ਅੰਦਰ ਫੁੱਟ ਪਾ ਕੇ ਇਸ ਦੇ 6 ਮੈਂਬਰਾਂ ਦਾ ਅਲੱਗ ਧੜਾ ਬਨਾਉਣ ਅਤੇ ਫਿਰ ਇਸ ਧੜੇ ਵੱਲੋਂ 'ਆਪ' ਦੀ ਹਮਾਇਤ ਕੀਤੀ ਜਾਵੇ। ਕੇਜਰੀਵਾਲ ਦੀਆਂ ਇਹਨਾ ਕਾਰਵਾਈਆਂ ਕਰ ਕੇ ਪਾਰਟੀ ਨੂੰ ਗੰਭੀਰ ਸਿਆਸੀ ਹਰਜ਼ਾ ਹੋਣ ਦਾ ਖ਼ਤਰਾ ਸੀ ਜਿਸ ਕਰ ਕੇ ਪਾਰਟੀ ਅੰਦਰ ਇਸ ਦਾ ਕਾਫ਼ੀ ਵਿਰੋਧ ਹੋਇਆ। ਯੋਗਿੰਦਰ ਯਾਦਵ ਅਤੇ ਪ੍ਰਸ਼ਾਂਤ ਭੂਸ਼ਨ ਦੇ ਧੜੇ ਨੇ ਇਸ ਮਾਮਲੇ ਉੱਪਰ ਚਰਚਾ ਦੀ ਮੰਗ ਕੀਤੀ। ਪਰ ਕੇਜਰੀਵਾਲ ਨੇ ਅਜਿਹਾ ਕਰਨ ਦੀ ਬਜਾਇ ਆਪਣੇ ਵਿਰੋਧੀਆਂ ਨੂੰ ਨੁਕਰੇ ਲਾਉਣ ਦੀਆਂ ਕੋਸ਼ਿਸ਼ਾਂ ਵਿੱਢ ਦਿੱਤੀਆਂ। ਇਹਨਾਂ ਕੋਸ਼ਿਸਾਂ ਨੂੰ ਬੇਪੜਦ ਕਰਦਿਆਂ 'ਆਪ' ਦੇ ਇੱਕ ਸਾਬਕਾ ਵਿਧਾਇਕ ਰਮੇਸ਼ ਗਰਗ, ਜਿਸਨੂੰ ਹੁਣ ਮੁਅਤਲ ਕਰ ਦਿੱਤਾ ਗਿਆ ਹੈ, ਨੇ ਦੋਸ਼ ਲਾਇਆ ਕਿ ਕੇਜਰੀਵਾਲ ਦੀ ਮਿਲੀ ਭੁਗਤ ਨਾਲ ਉਸ ਨੂੰ ਅਤੇ ਕਈ ਹੋਰ ਵਿਧਾਇਕਾਂ ਨੂੰ ਨਕਲੀ ਟੈਲੀਫ਼ੋਨ ਕਾਲ ਕੀਤੀਆਂ ਗਈਆਂ ਜੋ ਭਾਜਪਾ ਆਗੂ ਅਰੁਣ ਜੇਤਲੀ ਅਤੇ ਨਿਤਿਨ ਗਡਕਰੀ ਦੇ ਦਫ਼ਤਰੋਂ ਆਈਆਂ ਦੱਸੀਆਂ ਗਈਆਂ ਜਿਨਾਂ ਵਿੱਚ ਉਨ੍ਹਾਂ ਨੂੰ ਭਾਜਪਾ ਵਿੱਚ ਸ਼ਾਮਲ ਹੋਣ ਲਈ 10 ਕਰੋੜ ਰੁਪੈ ਦੇਣ ਦਾ ਵਾਅਦਾ ਕੀਤਾ ਗਿਆ। ਇਸ ਮਾਮਲੇ 'ਚ ਹੋਈ ਸ਼ਿਕਾਇਤ ਦੀ ਪੜਤਾਲ ਸਮੇਂ 'ਆਪ' ਨਾਲ ਸਬੰਧਿਤ ਇੱਕ ਵਿਅਕਤੀ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਜਿਸ ਨੂੰ ਤੁਰੰਤ 'ਆਪ' ਦੇ ਪ੍ਰਮੁੱਖ ਆਗੂਆਂ ਨੇ ਦਖ਼ਲ ਦੇ ਕੇ ਛੁਡਵਾ ਲਿਆ। ਇਹਨਾ ਕਾਰਵਾਈਆਂ ਪਿੱਛੇ ਸ਼ੱਕ ਦੀ ਸੂਈ ਕੇਜਰੀਵਾਲ ਵੱਲ ਸੇਧਤ ਹੋਣਾ ਕੁਦਰਤੀ ਹੈ।

2013 ਦੀਆਂ ਦਿੱਲੀ ਚੋਣਾਂ ਤੋਂ ਅਰਵਿੰਦ ਕੇਜਰੀਵਾਲ ਦੇ ਆਪਹੁਦਰੇ ਕੰਮ ਢੰਗ ਤੋਂ ਨਾਰਾਜ਼ ਯੋਗਿੰਦਰ ਯਾਦਵ ਨੇ ਕੌਮੀ ਕਾਰਜਕਾਰਨੀ ਤੋਂ ਇਲਾਵਾ ਬਾਕੀ ਸਭ ਅਹੁਦਿਆਂ ਤੋਂ ਅਸਤੀਫ਼ੇ ਦਿੰਦੇ ਹੋਏ ਕੌਮੀ ਕਾਰਜਕਾਰਨੀ ਦੇ ਮੈਂਬਰਾਂ ਦੇ ਨਾਂ ਇੱਕ ਪੱਤਰ ਵਿੱਚ ਆਪਸੀ ਮੱਤ ਭੇਦਾਂ ਵਾਲੇ 7 ਨੁਕਤੇ ਉਠਾਏ। ਇਹ ਸਨ (1) ਪਾਰਟੀ ਵਲੰਟਰੀਆਂ ਨਾਲ ਸਲਾਹ ਮਸ਼ਵਰਾ ਕਰਨ ਦਾ ਤਰੀਕਾਕਾਰ ਨਾ ਹੋਣਾ। (2) ਕੌਮੀ ਕਾਰਜਕਾਰਨੀ ਨੂੰ ਅੱਖੋਂ ਪਰੋਖੇ ਕਰ ਕੇ ਸਾਰੀਆਂ ਤਾਕਤਾਂ ਸਿਆਸੀ ਮਾਮਲਿਆਂ ਬਾਰੇ ਕਮੇਟੀ ਦੇ ਹੱਥਾਂ 'ਚ ਕੇਂਦਰਤ ਕਰਨਾ। (3) ਸਿਆਸੀ ਮਾਮਲਿਆਂ ਬਾਰੇ ਕਮੇਟੀ ਅੰਦਰ ਸਹੀ ਕਾਰ-ਵਿਹਾਰ ਦੀ ਘਾਟ। (4) ਵੱਖ ਵੱਖ ਰਾਜਾਂ ਦੇ ਮਾਮਲਿਆਂ ਬਾਰੇ ਲੋੜੀਂਦਾ ਧਿਆਨ ਨਾ ਦੇਣਾ। (5) ਜਥੇਬੰਦੀ ਦੀ ਉਸਾਰੀ ਨੂੰ ਅੱਖੋਂ ਪਰੋਖੇ ਕਰਨਾ। (6) ਨੀਤੀ ਦੀ ਘਾਟ। (7) ਜਮਹੂਰੀ ਕੰਮ ਢੰਗ ਦੀ ਬਜਾਇ ਸੁਪਰੀਮੋਂ (ਪਾਰਟੀ ਆਗੂ ਨੂੰ ਹੀ ਸਰਬਉੱਚ ਸਮਝਣ ਵਾਲਾ) ਕੰਮ ਢੰਗ। ਇਹਨਾਂ ਮਾਮਲਿਆਂ ਬਾਰੇ ਅਜੇ ਪਾਰਟੀ ਅੰਦਰ ਸੰਘਰਸ਼ ਚੱਲ ਹੀ ਰਿਹਾ ਸੀ ਤਾਂ ਉਸ ਸਮੇਂ ਪਾਰਲੀਮਾਨੀ ਚੋਣਾਂ ਦੇ ਨਤੀਜੇ ਆਉਣੇ ਸ਼ੁਰੂ ਹੋ ਗਏ। ਇਸ ਸਮੇਂ ਪਾਰਟੀ ਦੀ ਚੱਲ ਰਹੀ ਕੌਮੀ ਕਾਰਜਕਾਰਨੀ ਦੀ ਮੀਟਿੰਗ 'ਚ ਪਾਰਟੀ ਦੀ ਇੱਕ ਵਰਕਰ ਅੰਜਲੀ ਦਾਮਨੀਆਂ ਨੇ ਕੁੱਝ ਟੈਲੀਵੀਜ਼ਨ ਚੈਨਲਾਂ ਉੱਤੇ ਚੋਣ ਨਤੀਜਿਆਂ ਨੂੰ ਲੈ ਕੇ ਹੋ ਰਹੀ ਇੱਕ ਬਹਿਸ ਬਾਰੇ ਜਾਣਕਾਰੀ ਦਿੱਤੀ। ਇਸ ਬਹਿਸ ਦਾ ਵਿਸ਼ਾ ਸੀ ਕਿ ਕਿਸ ਤਰ੍ਹਾਂ ਅਰਵਿੰਦ ਕੇਜਰੀਵਾਲ ਨੇ ਪਾਰਟੀ ਨੂੰ ਬਰਬਾਦ ਕੀਤਾ। ਲੋਕ ਸਭਾ ਚੋਣਾਂ ਅੰਦਰ 'ਆਪ' ਨੂੰ ਹੋ ਰਹੀ ਹਾਰ ਅਤੇ ਟੈਲੀਵੀਜ਼ਨ ਚੈਨਲਾਂ 'ਤੇ ਚੱਲ ਰਹੀ ਬਹਿਸ ਕਰ ਕੇ ਕੇਜਰੀਵਾਲ ਬੁਰੀ ਤਰ੍ਹਾ ਟੁੱਟ ਗਿਆ। ਉਹ ਫਰਸ਼ 'ਤੇ ਚੁਫਾਲ ਡਿੱਗ ਪਿਆ ਅਤੇ ਫੁੱਟ ਫੁੱਟ ਕੇ ਰੋਣ ਲੱਗਾ। ਪਾਰਟੀ ਦੇ ਉੱਥੇ ਮੌਜੂਦ ਹੋਰ ਆਗੂਆਂ ਨੇ ਉਸ ਨੂੰ ਢਾਰਸ ਦੇਣ ਦਾ ਯਤਨ ਕੀਤਾ। ਇਸ ਦ੍ਰਿਸ਼ ਨੇ ਦਰਸਾ ਦਿੱਤਾ ਕਿ ਅਰਵਿੰਦ ਕੇਜਰੀਵਾਲ ਅੰਦਰ ਆਪਾ ਚਮਕਾਊ ਬਿਰਤੀ ਕਿਸ ਹੱਦ ਤੱਕ ਹਾਵੀ ਹੈ ਅਤੇ ਪਾਰਟੀ ਨੂੰ ਪਛਾੜ ਵੱਜਣ ਦੀ ਹਾਲਤ ',ਚ ਉਸ ਨੂੰ ਝੱਲਣ ਦੀ ਕਿੰਨੀ ਕੁ ਦਲੇਰੀ ਹੈ। ਇਸ ਤੋਂ ਇਹ ਵੀ ਜ਼ਾਹਿਰ ਹੈ ਕਿ ਆਮ ਆਦਮੀ ਪਾਰਟੀ ਦੀ ਭਾਰੂ ਲੀਡਰਸ਼ਿਪ ਵੀ ਹੋਰ ਮੌਕਾਪ੍ਰਸਤ ਪਾਰਟੀਆਂ ਵਰਗੀ ਹੀ ਹੈ। ਇਹਨਾਂ ਪਾਰਟੀਆਂ ਦੇ ਜ਼ਿਆਦਾਤਰ ਆਗੂ ਸੰਕਟ ਦੀਆਂ ਘੜੀਆਂ 'ਚ ਜਾਂ ਤਾਂ ਦਿਲ ਦੇ ਦੌਰਿਆਂ ਦਾ ਸ਼ਿਕਾਰ ਬਣਦੇ ਹਨ ਅਤੇ ਜਾਂ 'ਓਪਰੀਆਂ ਬਲਾਵਾਂ' ਦੀ 'ਛਾਇਆ' ਤੋਂ ਬਚਣ ਲਈ ਤਰ੍ਹਾਂ ਤਰ੍ਹਾਂ ਦੇ ਮੰਤਰਾਂ ਅਤੇ ਹਵਨਾ ਦਾ ਸਹਾਰਾ ਲੈਂਦੇ ਹਨ।

ਆਮ ਆਦਮੀ ਪਾਰਟੀ ਅੰਦਰ ਚੱਲ ਰਹੇ ਮੱਤ ਭੇਦ ਉਸ ਸਮੇਂ ਹੋਰ ਡੂੰਘੇ ਹੋ ਗਏ ਜਦੋਂ ਫਰਵਰੀ 2015 'ਚ ਦਿੱਲੀ ਵਿਧਾਨ ਸਭਾ ਚੋਣਾਂ ਦਾ ਅਮਲ ਸ਼ੁਰੂ ਹੋ ਗਿਆ। ਇਹਨਾਂ ਚੋਣਾਂ ਨੂੰ ਜਿੱਤਣ ਲਈ ਕੇਜਰੀਵਾਲ ਧੜਾ ਹਰ ਹਰਬਾ ਵਰਤਣ ਲਈ ਯਤਨਸ਼ੀਲ ਸੀ। ਆਪਣੇ ਆਪ ਨੂੰ ਲੋਕ ਪੱਖੀ ਅਤੇ ਪਾਰਦਰਸ਼ੀ ਹੋਣ ਦੀ ਵਕਾਲਤ ਕਰਨ ਵਾਲੇ ਇਸ ਧੜੇ ਨੇ 2 ਕਰੋੜ ਰੁਪੈ ਦੀ ਧਨਰਾਸ਼ੀ ਇਹਨਾ ਚੋਣਾਂ 'ਚ ਪ੍ਰਾਪਤ ਕੀਤੀ ਜਿਸ ਦੇ ਸੋਮਿਆਂ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਚੋਣਾਂ 'ਚ ਅਜਿਹੇ ਉਮੀਦਵਾਰ ਖੜ੍ਹੇ ਕੀਤੇ ਗਏ ਜਿਨ੍ਹਾ ਦਾ ਕਿਰਦਾਰ ਦਾਗ਼ੀ ਸੀ। ਇਹਨਾਂ ਉਮੀਦਵਾਰਾਂ ਉੱਤੇ ਚੋਣਾਂ ਜਿੱਤਣ ਲਈ ਪੈਸੇ ਵੰਡਣ ਅਤੇ ਸ਼ਰਾਬ ਦੇ ਗੱਫੇ ਵਰਤਾਉਣ ਦੇ ਦੋਸ਼ ਲੱਗੇ। ਪਾਰਟੀ ਦੇ ਆਗੂ ਪ੍ਰਸ਼ਾਂਤ ਭੂਸ਼ਨ ਨੇ 19 ਉਮੀਦਵਾਰਾਂ ਦੇ ਕਿਰਦਾਰ ਬਾਰੇ ਸੁਆਲ ਉਠਾਏ ਜਿਨ੍ਹਾਂ ਵਿੱਚੋਂ 7 ਨੂੰ ਪਾਰਟੀ ਵੱਲੋਂ ਕਲੀਨ ਚਿੱਟ ਦੇ ਦਿੱਤੀ ਗਈ। ਬਾਕੀ ਰਹਿੰਦੇ 12 ਉਮੀਦਵਾਰਾਂ ਦੀ ਅੰਦਰੂਨੀ ਲੋਕਪਾਲ ਐਡਮਿਰਲ ਰਾਮ ਦਾਸ ਵੱਲੋਂ ਜਾਂਚ ਪੜਤਾਲ ਕੀਤੀ ਗਈ ਪਰ ਸਿਰਫ਼ ਦੋ ਵਿਅਕਤੀਆਂ ਦੇ ਨਾਂ ਕਾਫ਼ੀ ਰੌਲੇ ਰੱਪੇ ਬਾਅਦ ਕੱਟੇ ਗਏ ਚੋਣਾਂ ਦੇ ਮਾਹੌਲ ਕਰ ਕੇ ਵਿਰੋਧੀ ਸੁਰ ਵਾਲੇ ਆਗੂਆਂ 'ਤੇ ਚੁੱਪ ਰਹਿਣ ਲਈ ਦਬਾਅ ਪਾਇਆ ਗਿਆ। ਜਿਉਂ ਹੀ ਚੋਣਾਂ ਖ਼ਤਮ ਹੋਈਆਂ ਅਤੇ ਆਮ ਆਦਮੀ ਪਾਰਟੀ ਨੇ ਇਸ ਵਿੱਚ ਹੈਰਾਨਕੁੰਨ ਜਿੱਤ ਹਾਸਿਲ ਕੀਤੀ ਤਾਂ ਕੇਜਰੀਵਾਲ ਧੜੇ ਨੇ ਆਪਣੀ ਪਾਰਟੀ ਅੰਦਰਲੇ ਵਿਰੋਧੀਆਂ ਖ਼ਿਲਾਫ਼ ਹਮਲਾਵਰ ਰੁੱਖ ਅਖਤਿਆਰ ਕਰ ਲਿਆ। ਉਸ ਵੱਲੋਂ ਯੋਗਿੰਦਰ ਯਾਦਵ ਅਤੇ ਪ੍ਰਸ਼ਾਂਤ ਭੂਸ਼ਨ ਦੇ ਧੜੇ ਉੱਪਰ ਦੋਸ਼ ਲਾਏ ਗਏ ਕਿ ਉਨ੍ਹਾਂ ਨੇ ਦਿੱਲੀ ਚੋਣਾਂ ਅੰਦਰ ਪਾਰਟੀ ਮੁਖੀ ਅਰਵਿੰਦ ਕੇਜਰੀਵਾਲ ਦਾ ਅਕਸ ਖ਼ਰਾਬ ਕਰਨ ਦਾ ਯਤਨ ਕੀਤਾ ਹੈ ਅਤੇ ਪਾਰਟੀ ਨੂੰ ਚੋਣਾਂ 'ਚ ਹਰਾਉਣ ਲਈ ਪੂਰਾ ਟਿੱਲ ਲਾਇਆ ਹੈ। ਉਨ੍ਹਾਂ ਉੱਪਰ ਪਾਰਟੀ ਦੀ ਹਾਰ ਯਕੀਨੀ ਬਣਾਉਣ ਲਈ ਵੱਖ ਵੱਖ ਰਾਜਾਂ ਤੋਂ ਪਾਰਟੀ ਆਗੂਆਂ ਨੂੰ ਦਿੱਲੀ ਚੋਣਾਂ 'ਚ ਪ੍ਰਚਾਰ ਕਰਨ ਤੋਂ ਰੋਕਣ ਦਾ ਇਲਜ਼ਾਮ ਵੀ ਲਾਇਆ ਗਿਆ। ਯੋਗਿੰਦਰ ਯਾਦਵ ਦੀ ਪੱਤਰਕਾਰਾਂ ਨਾਲ ਹੋਈ ਗੱਲਬਾਤ ਦੀ ਭੰਨ ਤੋੜ ਕਰ ਕੇ ਇਸ ਨੂੰ ਉਸ ਦੇ ਖ਼ਿਲਾਫ਼ ਸਬੂਤ ਦੇ ਤੌਰ 'ਤੇ ਪੇਸ਼ ਕੀਤਾ ਗਿਆ। ਅਜਿਹੇ ਕੋਝੇ ਹੱਥ ਕੰਡੇ ਵਰਤਕੇ ਪਾਰਟੀ ਕਾਰਕੁਨਾਂ ਦੀਆਂ ਭਾਵਨਾਵਾਂ ਨੂੰ ਭੜਕਾਇਆ ਗਿਆ ਅਤੇ ਇਸ ਤਰ੍ਹਾਂ ਸਿਆਸੀ ਬਲੈਕ ਮੇਲ ਰਾਹੀਂ ਯੋਗਿੰਦਰ ਯਾਦਵ ਅਤੇ ਪ੍ਰਸ਼ਾਂਤ ਭੂਸ਼ਨ ਨੂੰ ਪਹਿਲਾਂ ਪਾਰਟੀ ਦੀ ਸਿਆਸੀ ਮਾਮਲਿਆਂ ਬਾਰੇ ਕਮੇਟੀ 'ਚੋਂ ਬਾਹਰ ਕਰ ਦਿੱਤਾ ਗਿਆ ਅਤੇ ਇਸ ਤੋਂ ਬਾਅਦ 28 ਮਾਰਚ ਨੂੰ ਕੌਮੀ ਕੌਂਸਲ ਦੀ ਹੋਈ ਮੀਟਿੰਗ ਵਿੱਚ ਉਨ੍ਹਾਂ ਦੇ ਨਾਲ ਨਾਲ ਪ੍ਰੋ. ਅਨੰਦ ਕੁਮਾਰ ਅਤੇ ਅਜੀਤ ਝਾਅ ਨੂੰ ਵੀ ਕੌਮੀ ਕਾਰਜਕਾਰਨੀ 'ਚੋਂ ਬਾਹਰ ਕਰ ਦਿੱਤਾ। ਇਸ ਤੋਂ ਇਲਾਵਾ ਉਨ੍ਹਾਂ ਨੂੰ ਦਿੱਤੀਆਂ ਹੋਰ ਮਹੱਤਵ ਜ਼ਿੰਮੇਵਾਰੀਆਂ ਤੋਂ ਵੀ ਉਨ੍ਹਾਂ ਨੂੰ ਵਾਂਝਾ ਕਰ ਦਿੱਤਾ ਗਿਆ। ਇਸ ਤੋਂ ਕੁੱਝ ਕੁ ਸਮਾਂ ਪਹਿਲਾਂ ਜਦੋਂ 4 ਮਾਰਚ ਨੂੰ ਕੌਮੀ ਕਾਰਜਕਾਰਨੀ ਦੀ ਮੀਟਿੰਗ 'ਚ ਦੋ ਪ੍ਰਮੁੱਖ ਆਗੂਆਂ ਨੂੰ ਸਿਆਸੀ ਮਾਮਲਿਆਂ ਦੀ ਕਮੇਟੀ ਚੋਂ ਬਰਖਾਸਤ ਕੀਤਾ ਗਿਆ ਸੀ ਤਾਂ ਉਸ ਸਮੇਂ ਕੇਜਰੀਵਾਲ ਮੀਟਿੰਗ 'ਚ ਹਾਜ਼ਰ ਨਹੀਂ ਸੀ ਹੋਇਆ ਬਲਕਿ ਬਿਮਾਰੀ ਦੇ ਇਲਾਜ ਦੇ ਬਹਾਨੇ ਹੇਠ ਉਸ ਨੇ ਇਸ ਕਾਰਵਾਈ ਨੂੰ ਮੀਟਿੰਗ ਤੋਂ ਬਾਹਰ ਰਹਿਕੇ ਅੰਜਾਮ ਦਿੱਤਾ ਸੀ। ਪਰ 28 ਮਾਰਚ ਦੀ ਕੌਮੀ ਕੌਂਸਲ ਦੀ ਮੀਟਿੰਗ ਵਿੱਚ ਉਸ ਨੇ ਖ਼ੁਦ ਹਾਜ਼ਰ ਹੋ ਕੇ ਇਸ ਨੂੰ ਸੰਬੋਧਨ ਕੀਤਾ ਅਤੇ ਆਪਣੇ ਇੱਕ ਘੰਟੇ ਦੇ ਭਾਸ਼ਣ ਵਿੱਚ ਉਸ ਨੇ ਪਾਰਟੀ ਵਰਕਰਾਂ ਅੱਗੇ ਸਵਾਲ ਖੜ੍ਹਾ ਕੀਤਾ ਕਿ ਉਹ ਜਾਂ ਤਾਂ ਉਸਨੂੰ ਪਾਰਟੀ ਆਗੂ ਦੇ ਤੌਰ 'ਤੇ ਚੁਣ ਲੈਣ ਅਤੇ ਜਾਂ ਯੋਗਿੰਦਰ ਯਾਦਵ ਅਤੇ ਪ੍ਰਸ਼ਾਂਤ ਭੂਸ਼ਨ ਦੀ ਚੋਣ ਕਰ ਲੈਣ। ਪਾਰਟੀ ਸੁਪਰੀਮੋ ਵੱਲੋਂ ਜ਼ਜ਼ਬਾਤੀ ਕੀਤੇ ਇਸ ਮਹੌਲ ਅੰਦਰ ਵਿਰੋਧੀ ਧੜੇ ਦੀ ਕੀ ਸੁਣਵਾਈ ਹੋਣੀ ਸੀ? ਵਿਰੋਧੀ ਧੜੇ ਵੱਲੋਂ ਬਹਿਸ ਵਿਚਾਰ ਲਈ ਰੱਖੇ ਜਾਣ ਵਾਲੇ ਪੰਜ ਮਸਲਿਆਂ ਵੱਲ ਕੋਈ ਗੌਰ ਨਹੀਂ ਕੀਤਾ ਗਿਆ। ਇਹ ਪੰਜ ਮਸਲੇ ਸਨ (1) ਪਾਰਟੀ ਦੇ ਵੱਖ ਵੱਖ ਰਾਜਾਂ ਦੀਆਂ ਇਕਾਈਆਂ ਨੂੰ ਖ਼ੁਦਮੁਖਤਾਰੀ, (2) ਅਨੈਤਿਕ ਮਾਮਲੇ ਅਤੇ ਸਟਿੰਗਜ਼ ਦੀ ਜਾਂਚ ਪੜਤਾਲ, (3) ਪਾਰਟੀ ਵੱਲੋਂ ਲਏ ਜਾਂਦੇ ਫੈਸਿਲਆਂ ਵਿੱਚ ਵਲੰਟਰੀਆਂ ਦੀ ਸ਼ਮੂਲੀਅਤ ਨੂੰ ਵਧਾਉਣਾ, (4) ਪਾਰਟੀ ਨੂੰ ਸੂਚਨਾ ਅਧਿਕਾਰ ਹੇਠ ਲੈ ਕੇ ਆਉਣਾ, (5) ਕੌਮੀ ਕਾਰਜਕਾਰਨੀ 'ਚ ਖਾਲੀ ਥਾਵਾਂ ਨੂੰ ਪੂਰਾ ਕਰਨਾ। ਸਵਰਾਜ ਦੀ ਬੂ-ਦਹਾਈ ਦੇਣ ਵਾਲਾ ਕੇਜਰੀਵਾਲ ਧੜਾ ਇਹਨਾਂ ਮਾਮਲਿਆਂ 'ਤੇ ਵਿਚਾਰ ਵਟਾਂਦਰਾ ਕਰਨ ਤੋਂ ਹੀ ਭੱਜ ਨਿਕਲਿਆ। ਉਸ ਵੱਲੋ ਆਪਣੇ ਵਿਰੋਧੀ ਰਾਇ ਰੱਖਣ ਵਾਲੇ ਪਾਰਟੀ ਕਾਰਕੁੰਨਾਂ ਨੂੰ ਮੀਟਿੰਗ ਅੰਦਰ ਸ਼ਾਮਲ ਹੋਣ ਤੋਂ ਰੋਕਣ ਲਈ ਦਬਾਅ ਬਣਾਇਆ ਗਿਆ। ਇਥੋਂ ਤੱਕ ਕਿ ਪਾਰਟੀ ਦੇ ਅੰਦਰੂਨੀ ਲੋਕ ਪਾਲ ਐਡਮਿਰਲ ਰਾਮ ਦਾਸ ਨੂੰ ਵੀ 'ਨਸੀਹਤ' ਕੀਤੀ ਗਈ ਕਿ ਉਹ ਮੀਟਿੰਗ 'ਚ ਨਾ ਆਵੇ ਕਿਉਂਕਿ ਇਸ ਨਾਲ ਝਗੜਾ ਹੋਣ ਦੀ ਸੰਭਾਵਨਾ ਹੈ। ਵਿਰੋਧੀਆਂ ਨੂੰ ਯਰਕਾਉਣ ਲਈ ਕੇਜਰੀਵਾਲ ਦੀ ਪਾਰਟੀ ਅੰਦਰ ਬਣੀ ਹੈਸੀਅਤ ਅਤੇ ਉਸ ਦੁਆਲੇ ਇਕੱਤਰ ਪਾਰਟੀ ਦੀ ਭਾਰੀ ਗਿਣਤੀ ਦਾ ਦਬਾਅ ਹੀ ਲਾਮਬੰਦ ਨਹੀਂ ਕੀਤਾ ਗਿਆ ਬਲਕਿ ਬਾਊਂਸਰਾਂ ਦਾ ਇਸਤੇਮਾਲ ਕਰ ਕੇ ਘਸੁੰਨ-ਮੁੱਕੀ ਨਾਲ ਵੀ ਦਹਿਸ਼ਤ ਪਾਈ ਗਈ। ਅਜਿਹੇ ਮਾਹੌਲ 'ਚ ਕੇਜਰੀਵਾਲ ਦੇ ਲੈਫਟੈਨ ਮਨੀਸ ਸਸੋਦੀਆ ਦੁਆਰਾ ਵਿਰੋਧੀ ਧੜੇ ਦੇ ਆਗੂਆਂ ਨੂੰ ਕੱਢਣ ਲਈ ਰੱਖੇ ਮਤੇ ਨੂੰ ਬਹੁ ਸੰਮਤੀ ਨਾਲ ਪ੍ਰਵਾਨ ਕਰ ਲਿਆ ਗਿਆ। ਇਸ ਤੋਂ ਬਾਅਦ ਦੇਸ਼ ਅੰਦਰ ਵੱਖ ਵੱਖ ਥਾਵਾਂ 'ਤੇ ਕੇਜਰੀਵਾਲ ਧੜਾ ਆਪਣੇ ਵਿਰੋਧੀਆਂ ਨਾਲ ਸਬੰਧ ਰੱਖਣ ਵਾਲੇ ਆਗੂਆਂ ਨੂੰ ਬਰਖਾਸਤ ਕਰਨ ਜਾਂ ਪਾਰਟੀ ਅੰਦਰ ਨੁਕਰੇ ਲਾਉਣ ਦੀਆਂ ਕੋਸ਼ਿਸ਼ਾਂ ਵਿੱਚ ਲੱਗਾ ਹੋਇਆ ਹੈ। ਇਸ ਤੋਂ ਔਖੇ ਹੋ ਕੇ ਮੇਧਾ ਪਾਟਕਰ ਵਰਗੀਆਂ ਉੱਘੀਆਂ ਹਸਤੀਆਂ 'ਆਪ' ਨੂੰ ਅਲਵਿਦਾ ਕਹਿ ਗਈਆਂ ਹਨ। ਦੂਸਰੇ ਪਾਸੇ ਯੋਗਿੰਦਰ ਯਾਦਵ ਅਤੇ ਪ੍ਰਸ਼ਾਂਤ ਭੂਸ਼ਨ ਧੜਾ ਵੀ ਇਸ ਨੂੰ ਚੁੱਪ ਚਾਪ ਬਰਦਾਸਤ ਨਹੀਂ ਕਰ ਰਿਹਾ। ਉਨ੍ਹਾਂ ਵੱਲੋਂ ਭਾਰੂ ਲੀਡਰਸ਼ਿਪ ਦੀਆਂ ਕਾਰਵਾਈਆਂ ਦੇ ਖ਼ਿਲਾਫ਼ 14 ਅਪ੍ਰੈਲ ਨੂੰ ਗੁੜਗਾਉਂ ਵਿਖੇ ਪਾਰਟੀ ਕਾਰਕੁਨਾਂ ਦੀ ਇਕੱਤਰਤਾ ਕੀਤੀ ਗਈ। ਇਸ ਵਿੱਚ ਕੇਜਰੀਵਾਲ ਧੜੇ ਦੀ ਸਖ਼ਤ ਨੁਕਤਾਚੀਨੀ ਕਰਦੇ ਹੋਏ ਐਲਾਨਕੀਤਾ ਗਿਆ ਕਿ 'ਆਪ' ਅੰਦਰ ਸਵਰਾਜ ਨਾ ਦੀ ਕੋਈ ਚੀਜ਼ ਨਹੀਂ। ਉਨ੍ਹਾਂ ਵੱਲੋਂ ਹਾਲ ਦੀ ਘੜੀ ਵੱਖਰੀ ਪਾਰਟੀ ਬਨਾਉਣ ਤੋਂ ਗੁਰੇਜ਼ ਕੀਤਾ ਗਿਆ ਹੈ ਪਰ ਇਸ ਤੋਂ ਪ੍ਰਤੱਖ ਹੋ ਗਿਆ ਹੈ ਕਿ ਆਮ ਆਦਮੀ ਪਾਰਟੀ ਦੁਫੇੜ ਦੇ ਕਿਨਾਰੇ ਪਹੁੰਚ ਚੁੱਕੀ ਹੈ ਜਿਸਦਾ ਰਸਮੀ ਐਲਾਨ ਹੋਣਾ ਹੀ ਬਾਕੀਹੈ।

ਆਮ ਆਦਮੀ ਪਾਰਟੀ ਅੰਦਰ ਹੋਇਆ ਇਹ ਘਟਨਾ ਵਿਕਾਸ ਸਧਾਰਨ ਲੋਕਾਂ ਲਈ ਤਾਂ ਅਚੰਭਾਜਨਕ ਹੋ ਸਕਦਾ ਹੈ ਪਰ ਇਸ ਨੂੰ ਗਹੁ ਨਾਲ ਤੱਕਣ ਵਾਲੇ ਅਤੇ

ਰਾਜਨੀਤਕ ਵਿਗਿਆਨ ਦੀ ਡੂੰਘੀ ਸਮਝ ਰੱਖਣ ਵਾਲੇ ਵਿਸ਼ਲੇਸ਼ਣਕਾਰਾਂ ਲਈ ਇਸ ਵਿੱਚ ਕੋਈ ਬਹੁਤੀ ਹੈਰਾਨ ਹੋਣ ਵਾਲੀ ਗੱਲ ਨਹੀਂ। ਭਾਰਤ ਦੇ ਸਿਆਸੀ ਰੰਗ ਮੰਚ 'ਤੇ ਸਰਗਰਮ ਰਹੀਆਂ ਹਾਕਮ ਜਮਾਤਾਂ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਲੋਕਾਂ ਦੀਆਂ ਨਜ਼ਰਾਂ 'ਚ ਡਿੱਗ ਜਾਣ ਕਰ ਕੇ ਪੈਦਾ ਹੋਈ ਖ਼ਿਲਾਅ ਦੀ ਹਾਲਤ 'ਚ ਆਮ ਆਦਮੀ ਪਾਰਟੀ ਦਾ ਉਭਾਰ ਬੜੀ ਤੇਜ਼ੀ ਨਾਲ ਹੋਇਆ। ਇਸ ਪਾਰਟੀ ਦੀ ਨਾ ਤਾਂ ਕੋਈ ਨਿਸ਼ਚਿਤ ਵਿਚਾਰਧਾਰਾ ਹੈ ਅਤੇ ਨਾ ਹੀ ਨਿਸ਼ਚਿਤ ਸਿਆਸੀ ਪ੍ਰੋਗਰਾਮ। ਇਸ ਦਾ ਜਨਮ ਅੰਨਾ ਹਜ਼ਾਰੇ ਦੀ ਅਗਵਾਈ 'ਚ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ 'ਚੋਂ ਹੋਇਆ ਸੀ। ਇਸ ਕੋਲ ਮੁੱਖ ਮੁੱਦਾ ਭ੍ਰਿਸ਼ਟਾਚਾਰ ਨੂੰ ਰੋਕਣ ਅਤੇ ਵਿਦੇਸ਼ੀ ਬੈਂਕਾਂ 'ਚ ਜਮ੍ਹਾਂ ਹੋਏ ਕਾਲੇ ਧਨ ਨੂੰ ਵਾਪਸ ਲਿਆਉਣ ਦਾ ਸੀ। ਇਸ ਤੋਂ ਇਲਾਵਾ 'ਆਪ' ਮੌਜੂਦਾ ਲੁਟੇਰੇ ਅਤੇ ਧੱਕੜ ਰਾਜ ਪ੍ਰਬੰਧ ਨੂੰ ਕਾਇਮ ਰੱਖਦੇ ਹੋਏ ਕੁੱਝ ਸੁਧਾਰਵਾਦੀ ਕਦਮ ਚੁੱਕਣ ਦਾ ਪ੍ਰੋਗਰਾਮ ਲੈ ਕੇ ਆਈ। ਇਹਨਾਂ ਸੁਧਾਰਾਂ ਨੂੰ ਗਾਂਧੀਵਾਦੀ ਢੰਗ ਤਰੀਕਿਆਂ ਰਾਹੀਂ ਲੋਕਾਂ ਦੀ ਸ਼ਮੂਲੀਅਤ ਨਾਲ ਹੱਲ ਕਰਨ ਦੇ ਆਪਣੇ ਏਜੰਡੇ ਨੂੰ ਉਸ ਵੱਲੋਂ ਸਵਰਾਜ ਦਾ ਨਾਮ ਦਿੱਤਾ ਗਿਆ। ਉਸ ਨੇ ਯੁੱਬ ਯੁੱਬ ਕੇ ਐਲਾਨ ਕੀਤਾ ਕਿ ਉਹ ਸਰਮਾਏਦਾਰੀ ਪ੍ਰਬੰਧ ਦੇ ਖ਼ਿਲਾਫ਼ ਨਹੀਂ ਬਲਕਿ ਯਾਰਾਨਾ ਸਰਮਾਏਦਾਰੀ ਦੇ ਖ਼ਿਲਾਫ਼ ਹੈ। ਅਜਿਹੀ ਸਮਝ ਰੱਖਣ ਵਾਲੀ ਸਿਆਸੀ ਪਾਰਟੀ ਲੋਕਾਂ ਨੂੰ ਸਵਰਾਜ ਕਿਵੇਂ ਮੁਹੱਈਆ ਕਰ ਸਕਦੀ ਹੈ। ਇਸ ਦਾ ਬੈਂਗਣੀ ਦੇਰ ਸਵੇਰ ਸਾਹਮਣੇ ਆਉਣਾ ਹੀ ਸੀ, ਸੋ ਆ ਗਿਆ। ਇਹ ਆਪਣੇ ਭ੍ਰਿਸ਼ਟਾਚਾਰ ਵਿਰੋਧੀ ਫੱਟੇ 'ਤੇ ਵੀ ਕਾਇਮ ਨਹੀਂ ਰਹਿ ਸਕੀ। ਦਿੱਲੀ ਵਿਧਾਨ ਸਭਾ ਚੋਣਾਂ ਜਿੱਤਣ ਲਈ ਕੇਜਰੀਵਾਲ ਵੱਲੋਂ ਭ੍ਰਿਸ਼ਟ ਢੰਗਾਂ ਦੀ ਕੀਤੀ ਗਈ ਵਰਤੋਂ ਨੇ ਇਸ ਦੇ ਦੋਗਲੇ ਕਿਰਦਾਰ ਬਾਰੇ ਕੋਈ ਭਰਮ-ਭੁਲੇਖਾ ਨਹੀਂ ਰਹਿਣ ਦਿੱਤਾ। ਵੈਸੇ ਵੀ ਭ੍ਰਿਸ਼ਟਾਚਾਰ ਦੇ ਮਾਮਲੇ ਨੂੰ ਲੈ ਕੇ ਉੱਭਰੀ ਆਮ ਆਦਮੀ ਪਾਰਟੀ ਕੋਈ ਨਵੀਂ ਨਹੀਂ। ਇਸ ਤੋਂ ਪਹਿਲਾਂ 1974 ਵਿੱਚ ਜੇ.ਪੀ. ਅੰਦੋਲਨ ਸਮੇਂ ਜੇ.ਪੀ. ਵੱਲੋਂ ਲੋਕਾਂ ਤੋਂ ਬੇਮੁੱਖ ਹੋਣ ਵਾਲੇ ਭ੍ਰਿਸ਼ਟ ਆਗੂਆਂ ਨੂੰ ਥੱਪੜਾਂ ਨਾਲ ਸਿੱਧੇ ਕਰਨ ਦੀ ਵਕਾਲਤ ਕੀਤੀ ਗਈ ਸੀ। ਅਜਿਹੇ ਅੰਦੋਲਨ ਅਤੇ ਐਮਰਜੈਂਸੀ ਵਾਲੀ ਹਾਲਤ 'ਚੋਂ ਜਨਮੀ ਜਨਤਾ ਪਾਰਟੀ ਬੜੀ ਤੇਜ਼ੀ ਨਾਲ ਅੱਗੇ ਆਈ ਅਤੇ 1977 ਵਿੱਚ ਕਾਂਗਰਸ ਨੂੰ ਲੱਕ ਤੋੜਵੀ ਹਾਰ ਦੇ ਕੇ ਆਪਣੀ ਹਕੂਮਤ ਸਥਾਪਤ ਕਰਨ ਵਿੱਚ ਕਾਮਯਾਬ ਹੋਈ। ਪਰ ਢਾਈ ਤਿੰਨ ਸਾਲ ਦੇ ਅਰਸੇ ਅੰਦਰ ਹੀ ਇਹ ਪਾਰਟੀ ਕਈ ਹਿੱਸਿਆਂ 'ਚ ਖਿੰਡ ਗਈ। ਇਸੇ ਤਰ੍ਹਾਂ ਬੋਫਰਜ਼ ਤੋਪਾਂ ਦੇ ਮਾਮਲੇ 'ਚ ਬਦਨਾਮ ਹੋਈ ਰਾਜੀਵ ਗਾਂਧੀ ਦੀ ਸਰਕਾਰ ਦੇ ਖ਼ਿਲਾਫ਼ ਭ੍ਰਿਸ਼ਟਾਚਾਰ ਵਿਰੋਧੀ ਮੁਹਿਮ ਚਲਾਕੇ ਵੀ.ਪੀ. ਸਿੰਘ ਦੇਸ਼ ਦਾ ਪ੍ਰਧਾਨ ਮੰਤਰੀ ਬਣਨ 'ਚ ਕਾਮਯਾਬ ਹੋਇਆ। ਕੱਚੇ ਪੈਰੀਂ ਖੜ੍ਹੀ ਉਸ ਦੀ ਹਕੂਮਤ ਨੂੰ ਬੜੀ ਜਲਦੀ ਕਾਂਗਰਸ ਨੇ ਜੋੜ ਤੋੜ ਕਰ ਕੇ ਡੇਗ ਦਿੱਤਾ ਅਤੇ ਚੰਦਰ ਸ਼ੇਖਰ ਨੂੰ ਪ੍ਰਧਾਨ ਮੰਤਰੀ ਦੀ ਕੁਰਸੀ 'ਤੇ ਸ਼ੁਸ਼ੋਭਿਤ ਕਰ ਦਿੱਤਾ। ਜਲਦੀ ਹੀ ਉਸ ਨੂੰ ਵੀ ਧੋਬੀ ਪਟਕਾ ਮਾਰ ਦਿੱਤਾ ਗਿਆ ਅਤੇ ਦੋ ਸਾਲ ਦੇ ਅਰਸੇ ਅੰਦਰ ਹੀ ਕਾਂਗਰਸ ਦੀ ਅਗਵਾਈ ਵਾਲੀ ਹਕੂਮਤ ਫਿਰ ਦੇਸ਼ ਦੀ ਵਾਗਡੋਰ ਸੰਭਾਲਣ 'ਚ ਕਾਮਯਾਬ ਹੋ ਗਈ।

ਮੰਨਿਆ ਕਿ ਭ੍ਰਿਸ਼ਟਾਚਾਰ ਨੂੰ ਕਾਬੂ ਕਰਨ ਦਾ ਮਸਲਾ ਦੇਸ਼ ਦਾ ਇੱਕ ਵੱਡਾ ਮਸਲਾ ਹੈ। ਪਰ ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਮਸਲੇ ਹਨ। ਦੇਸ਼ ਦੇ ਕਰੋੜਾਂ ਮਜ਼ਦੂਰਾਂ, ਕਿਸਾਨਾਂ, ਨੌਜਵਾਨਾਂ, ਛੋਟੇ ਕਾਰੋਬਾਰੀਆਂ ਤੋਂ ਇਲਾਵਾ ਵੱਖ ਵੱਖ ਕੌਮੀਅਤਾਂ, ਧਾਰਮਿਕ ਘੱਟ ਗਿਣਤੀਆਂ, ਦਲਿਤਾਂ ਅਤੇ ਔਰਤਾਂ ਦੀਆਂ ਅਨੇਕਾਂ ਸਮੱਸਿਆਵਾਂ ਹਨ। ਇਹਨਾਂ ਸਾਰਿਆਂ ਦੇ ਹੱਲ ਬਾਰੇ 'ਆਪ' ਅੰਦਰ ਵਿਚਾਰਾਂ ਦੀ ਇਕਮੱਤਤਾ ਨਹੀਂ। 'ਆਪ' ਦਾ ਨੇਤਾ ਸ਼ਾਂਤੀ ਭੂਸ਼ਨ ਕਸ਼ਮੀਰ ਸਮੱਸਿਆ ਦੇ ਹੱਲ ਲਈ ਜੇਕਰ ਕਸ਼ਮੀਰੀ ਲੋਕਾਂ ਦਾ ਜਨਮਤ ਕਰਵਾ ਕੇ ਕੋਈ ਫ਼ੈਸਲਾ ਕਰਨ ਦੀ ਰਾਏ ਰੱਖਦਾ ਹੈ ਤਾਂ ਕੇਜਰੀਵਾਲ ਧੜਾ ਇਸ ਨੂੰ ਪੂਰੀ ਤਰ੍ਹਾਂ ਰੱਦ ਕਰਦਾ ਹੈ। ਇਸੇ ਤਰ੍ਹਾਂ ਧਰਮ ਦੇ ਸੁਆਲ 'ਤੇ 'ਆਪ' ਦੇ ਕੁੱਝ ਆਗੂਆਂ ਦੀ ਸਮਝ ਦੇ ਉਲਟ ਕੇਜਰੀਵਾਲ ਨੇ ਸਭ ਧਰਮਾਂ ਦੇ ਲੋਕਾਂ ਦੀਆਂ ਵੋਟਾਂ ਹਾਸਿਲ ਕਰਨ ਲਈ ਸਾਰੇ ਧਾਰਮਿਕ ਸਥਾਨਾਂ ਤੱਕ ਪਹੁੰਚ ਕੀਤੀ। ਹਿੰਦੂਆਂ ਨੂੰ ਖ਼ੁਸ਼ ਕਰਨ ਲਈ ਉਹ ਗੰਗਾ ਵਿੱਚ ਡੁਬਕੀ ਲਾਕੇ ਇਸ਼ਨਾਨ ਕਰਨ ਦੀਆਂ ਫੋਟੋਆਂ ਖਿਚਵਾਉਣ ਤੱਕ ਗਿਆ। ਇਸ ਤੋਂ ਇਲਾਵਾ ਸਾਮਰਾਜੀ ਤਾਕਤਾਂ ਵੱਲੋਂ ਭਾਰਤ ਅੰਦਰ ਦਖ਼ਲ ਅੰਦਾਜ਼ੀ, ਵਿਸ਼ਵੀਕਰਨ, ਉਦਾਰੀਕਰਨ ਅਤੇ ਨਿੱਜੀਕਰਨ ਦੀਆਂ ਨੀਤੀਆਂ, ਵਿਦੇਸ਼ ਨੀਤੀ, ਖੇਤੀਬਾੜੀ, ਸਨਅਤ ਅਤੇ ਵਪਾਰ ਆਦਿਕ ਸਬੰਧੀ ਆਮ ਆਦਮੀ ਪਾਰਟੀ ਨੇ ਕੋਈ ਸਪੱਸ਼ਟ ਸਮਝ ਨਹੀਂ ਬਣਾਈ। ਭ੍ਰਿਸ਼ਟਾਚਾਰ ਵਿਰੋਧੀ ਅਤੇ ਕੁੱਝ ਹੋਰ ਸੁਧਾਰਾਂ ਦਾ ਆਦਰਸ਼ਵਾਦੀ ਪ੍ਰੋਗਰਾਮ ਬਣਾ ਕੇ ਦੇਸ਼ ਦੀ ਗੱਡੀ ਨਹੀਂ ਚੱਲ ਸਕਦੀ। ਜ਼ਮੀਨੀ ਹਕੀਕਤਾਂ ਦੇ ਵਾਅ-ਵਰੋਲੇ ਦਾ ਸਾਹਮਣਾ ਕਰਕੇ ਹੀ ਉਨ੍ਹਾਂ ਦਾ ਆਦਰਸ਼ਵਾਦ ਉੱਡ ਕੇ ਅਸਮਾਨੀ ਗੋਤੇ ਖਾਣ ਲੱਗਾ। ਆਉਣ ਵਾਲੇ ਸਮੇਂ 'ਚ ਕੇਜਰੀਵਾਲ ਦੀ ਲੀਡਰਸ਼ਿਪ ਦਾ ਮੌਕਾਪ੍ਰਸਤ ਕਿਰਦਾਰ ਹੋਰ ਬੇਪਰਦ ਹੋਣਾ ਹੈ। ਪੰਜਾਬ ਅੰਦਰ ਇਸ ਧੜੇ ਦੇ ਆਗੂ ਆਪਣੇ ਦੁਆਲੇ ਮੌਕਾਪ੍ਰਸਤ ਲੁੰਗਲਾਣੇ ਨੂੰ ਇਕੱਠਾ ਕਰਨ ਲਈ ਤਾਂ ਪੂਰੀ ਵਾਹ ਲਾ ਰਹੇ ਹਨ ਜਦ ਕਿ ਆਪਣੇ ਨਾਲ ਮੱਤਭੇਦ ਰੱਖਣ ਵਾਲੇ ਆਗੂਆਂ ਦੀ ਵੱਡੀ ਪੱਧਰ 'ਤੇ ਛਾਂਟੀ ਕਰ ਰਹੇ ਹਨ। ਇਥੋਂ ਤੱਕ ਕਿ ਉਹ ਲੋਕ ਪੱਖੀ ਛਵੀ ਵਾਲੇ ਆਪਣੇ ਆਗੂ ਡਾ. ਧਰਮਵੀਰ ਗਾਂਧੀ ਦੀਆਂ ਅਰਥੀਆਂ ਸਾੜ ਰਹੇ ਹਨ। ਜੇਕਰ ਉਹਨਾਂ ਅੰਦਰ ਆਪਣੇ ਵਿਰੋਧੀ ਵਿਚਾਰਾਂ ਵਾਲੇ ਆਗੂਆਂ ਨੂੰ ਵੀ ਬਰਦਾਸਤ ਕਰਨ ਦਾ ਮਾਦਾ ਨਹੀਂ ਤਾਂ ਉਨ੍ਹਾਂ ਵੱਲੋਂ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਨੂੰ ਅੱਗੇ ਵਧਾਉਣ ਦੀ ਆਸ ਲੋਕ ਕਿਵੇਂ ਕਰ ਸਕਦੇ ਹਨ। ਜੇਕਰ ਇਹੀ ਹਾਲ ਰਿਹਾ ਤਾਂ ਲੋਕ ਉਨ੍ਹਾਂ ਨੂੰ ਉਹਨਾਂ ਦੀ ਅਸਲੀ ਔਕਾਤ ਦੇ ਦਰਸ਼ਨ ਕਰਵਾਉਣ 'ਚ ਬਹੁਤੀ ਦੇਰ ਨਹੀਂ ਲਾਉਣਗੇ। ਅਜਿਹੀ ਹਾਲਤ 'ਚ, ਲੋਕਾਂ ਦੀ ਵਾਹ ਵਾਹ ਖੱਟ ਕੇ ਲੋਕ ਸਭਾ 'ਚ ਪਹੁੰਚਣ ਵਾਲੇ ਅਤੇ ਹੁਣ ਕੇਜਰੀਵਾਲ ਧੜੇ ਨਾਲ ਖੜ੍ਹੇ ਕੇ ਭਗਵੰਤ ਮਾਨ ਵਰਗਿਆਂ ਦੀ ਪੱਗ ਦਾ ਰੰਗ ਵੀ ਫਿੱਕਾ ਪੈ ਜਾਵੇਗਾ। ਇਹਨਾਂ ਦੇ ਵਿਚਾਰਾਂ ਦਾ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਨਾਲ ਉੱਕਾ ਹੀ ਕੋਈ ਮੇਲ ਨਾ ਹੋਣ ਕਰ ਕੇ ਦੂਸਰਿਆਂ 'ਤੇ ਵਿਅੰਗ ਕਰਨ ਵਾਲੇ ਅਤੇ ਲੋਕਾਂ ਨੂੰ ਹਸਾਉਣ ਵਾਲੇ ਖ਼ੁਦ ਹਾਸੇ ਮਜ਼ਾਕ ਦੇ ਪਾਤਰ ਬਣ ਜਾਣਗੇ। ਦੂਸਰੇ ਪਾਸੇ ਯੋਗਿੰਦਰ ਯਾਦਵ ਅਤੇ ਪ੍ਰਸ਼ਾਂਤ ਭੂਸ਼ਨ ਦੇ ਧੜੇ ਨੇ ਜੇਕਰ ਜਮਹੂਰੀ ਅਸੂਲਾਂ ਉੱਤੇ ਖਰੇ ਉੱਤਰਨਾ ਹੈ ਤਾਂ ਉਨ੍ਹਾਂ ਨੂੰ ਅਹਿਸਾਸ ਕਰਨਾ ਪਵੇਗਾ ਕਿ ਉਨ੍ਹਾਂ ਵੱਲੋਂ ਰੱਖੀਆਂ ਚੰਦ ਗੱਲਾਂ ਨਾਲ ਗੁਜ਼ਾਰਾ ਨਹੀਂ ਹੋਵੇਗਾ ਸਗੋਂ ਉਨ੍ਹਾਂ ਵੱਲੋਂ ਦੇਸ਼ ਨੂੰ ਦਰਪੇਸ਼ ਸਮੱਸਿਆਵਾਂ 'ਤੇ ਸਹੀ ਪੁਜੀਸ਼ਨ ਲੈਣੀ ਪਵੇਗੀ ਅਤੇ ਉਨ੍ਹਾਂ ਉੱਤੇ ਅਮਲ ਕਰਨਾ ਹੋਵੇਗਾ। ਅਜਿਹਾ ਦੇਸ਼ ਦੇ ਲੋਕ ਵਿਰੋਧੀ ਢਾਂਚੇ ਅੰਦਰ ਕੁੱਝ ਪਦਵੀਆਂ ਹਾਸਿਲ ਕਰ ਕੇ ਅਤੇ ਇਸ ਨਾਲ ਸਮਝੌਤਾ ਕਰ ਕੇ ਨਹੀਂ ਬਲਕਿ ਇਸ ਦੇ ਖ਼ਿਲਾਫ਼ ਜ਼ਿੰਦਗੀ ਮੌਤ ਦੇ ਸੰਘਰਸ਼ ਨਾਲ ਹੀ ਹੋ ਸਕੇਗਾ। ਇਸ ਬਿਖੜੇ ਪੈਂਡੇ ਵੱਲ ਕਦਮ ਵਧਾਉਣ ਦੀ ਇੱਛਾ ਸ਼ਕਤੀ ਇਸ ਧੜੇ ਅੰਦਰ ਵੀ ਦਿਖਾਈ ਨਹੀਂ ਦਿੰਦੀ ਜਿਸ ਕਰ ਕੇ ਕੇਜਰੀਵਾਲ ਦੀ ਲੀਡਰਸ਼ਿਪ ਦੇ ਖ਼ਿਲਾਫ਼ ਉਨ੍ਹਾਂ ਦਾ ਸੰਘਰਸ਼ ਵੀ ਕੋਈ ਜ਼ਿਆਦਾ ਸਾਰਥਿਕ ਸਿੱਟੇ ਨਹੀਂ ਕੱਢ ਸਕੇਗਾ।

# ਕਿਸਾਨ ਸਵਾਲ-ਜਜ਼ਬਾਤੀ (ਨਿੱਕ-ਬੁਰਜੂਆ) ਬਨਾਮ ਵਿਗਿਆਨਕ (ਮਾਰਕਸਵਾਦੀ-ਲੈਨਿਨਵਾਦੀ) ਨਜ਼ਰੀਆ

ਇਸ ਵਾਰ ਬੇਮੌਸਮੀ ਬਾਰਿਸ਼ ਨੇ ਕਈ ਸੂਬਿਆਂ ਵਿੱਚ ਫਸਲਾਂ ਨੂੰ ਕਾਫੀ ਨੁਕਸਾਨ ਪਹੁੰਚਾਇਆ। ਇਸ ਮੁਸੀਬਤ ਦੀ ਘੜੀ ਕਿਸੇ ਸਰਕਾਰ ਨੇ ਵੀ ਕਿਸਾਨਾਂ ਦੀ ਬਾਂਹ ਨਹੀਂ ਫੜੀ। ਕਈ ਥਾਵੇਂ ਤਾਂ ਸਰਕਾਰਾਂ ਨੇ 100-150 ਰੁਪਏ ਪ੍ਰਤੀ ਏਕੜ ਮੁਆਵਜਾ ਦੇਕੇ ਕਿਸਾਨਾਂ ਨਾਲ ਟਿੱਚਰਾਂ ਕੀਤੀਆਂ। ਤੰਗ ਆਕੇ ਮੁਆਵਜੇ ਲਈ ਕਿਸਾਨ ਸੰਘਰਸ਼ ਦੇ ਰਾਹ ਪਏ।

ਉਂਝ ਦੇਖਿਆ ਜਾਵੇ ਤਾਂ ਇਸ ਕੁਦਰਤੀ ਕਰੋਪੀ ਦੀ ਸਭ ਤੋਂ ਵੱਧ ਮਾਰ ਤਾਂ ਗਰੀਬ ਅਤੇ ਫਿਰ ਦਰਮਿਆਨੇ ਕਿਸਾਨਾਂ 'ਤੇ ਹੀ ਪਈ ਹੈ। ਕਈ ਗ਼ਰੀਬ ਅਤੇ ਦਰਮਿਆਨੇ ਕਿਸਾਨਾਂ ਲਈ ਇਸ ਵਾਰ ਫੇਰ ਠੇਕੇ ਦੇ ਪੈਸੇ ਦੇ ਸਕਣਾ ਵੀ ਮੁਸ਼ਕਲ ਹੋ ਗਿਆ ਹੈ। ਇਹਨਾਂ ਗਰੀਬ ਅਤੇ ਦਰਮਿਆਨੇ ਕਿਸਾਨਾਂ ਲਈ ਫਸਲ ਦੀ ਬਰਬਾਦੀ ਧਨੀ ਕਿਸਾਨਾਂ ਨਾਲੋਂ ਕਿਤੇ ਵਧੇਰੇ ਬਰਬਾਦੀ ਲੈ ਕੇ ਆਵੇਗੀ। ਜਮ੍ਹਾਂ ਸਰਮਾਏ ਕਾਰਨ ਧਨੀ ਕਿਸਾਨ ਤਾਂ ਫੇਰ ਵੀ ਇਸ ਕੁਦਰਤੀ ਕਰੋਪੀ ਨੂੰ ਝੱਲ ਲੈਣਗੇ।

ਦੇਸ਼ 'ਚ ਕਈ ਥਾਵਾਂ 'ਤੇ ਕਿਸਾਨਾਂ ਨੇ ਖੁਦਕੁਸ਼ੀਆਂ ਵੀ ਕੀਤੀਆਂ। 'ਆਪ' ਪਾਰਟੀ ਦੀ ਰੈਲੀ 'ਚ ਹੀ ਇੱਕ ਕਿਸਾਨ ਨੇ ਖੁਦਕੁਸ਼ੀ ਕਰ ਲਈ। ਇਹਨਾ ਘਟਨਾਵਾਂ ਨੇ ਇੱਕ ਵਾਰ ਫੇਰ ਕਿਸਾਨ ਸਵਾਲ 'ਤੇ ਬਹਿਸ ਭਖਾ ਦਿੱਤੀ ਹੈ। ਭਾਂਤ-ਸੁਭਾਂਤੇ ਸਿਆਸੀ ਪੈਂਤੜਿਆਂ ਦੇ ਲੋਕ ਇਸ ਸਵਾਲ ਉੱਪਰ ਆਪਣੇ ਸਿਆਸੀ ਪੈਂਤੜੇ ਤੋਂ ਲਿਖ ਰਹੇ ਹਨ। ਬੁਰਜੂਆ ਪਾਰਟੀਆਂ ਦੇ ਆਗੂ ਕਿਸਾਨਾਂ ਦੀ ਦੁਰਦਸ਼ਾ 'ਤੇ ਮਗਰਮੱਛੀ ਹੰਝੂ ਵਹਾ ਕੇ ਆਪਣਾ ਵੋਟ ਬੈਂਕ ਪੱਕੇ ਪੈਰੀਂ ਕਰਨ 'ਚ ਰੁੱਝੇ ਹੋਏ ਹਨ। ਖੁਦ ਨੂੰ ਕਿਸਾਨ ਦੇ ਸੱਚੇ ਹਿੱਤੂ ਸਮਝਣ ਵਾਲੇ ਖੱਬੇ ਪੱਖੀ ਗਰੁੱਪ, ਵਿਅਕਤੀ ਵੀ ਆਪਣੇ ਹੰਝੂਆਂ, ਜਜ਼ਬਾਤਾਂ ਦੇ ਹੜ ਸਮੇਤ ਕਿਸਾਨ ਸਵਾਲ 'ਤੇ ਪਈ ਕਾਵਾਂ ਰੌਲੀ 'ਚ ਹਾਜ਼ਰੀ ਲਵਾ ਰਹੇ ਹਨ। ਇਹਨਾਂ ਫਿਰ ਆਪਣੇ ਪੁਰਾਣੇ ਢੋਲਕੀਆਂ-ਛੈਣੇ ਚੁੱਕ ਕੇ 'ਕਿਸਾਨ ਬਚਾਉ' ਦਾ ਬੇਸੁਰਾ ਰਾਗ ਗਾਣਾ ਸ਼ੁਰੂ ਕਰ ਦਿੱਤਾ ਹੈ। ਆਪਣੀ ਚਿਰ ਪੁਰਾਣੀ ਪ੍ਰੰਪਰਾ ਮੁਤਾਬਕ ਪੂਰੇ ਜਜ਼ਬਾਤੀ ਰੌਅ 'ਚ ਕਿਸਾਨ ਕਿਸਾਨ ਮਸਲੇ ਨੂੰ ਸੰਬੋਧਿਤ ਹੋ ਰਹੇ ਹਨ। ਇਹਨਾਂ ਦੇ ਇਸ ਸੰਬੋਧਨ 'ਚ ਜੇਕਰ ਕੋਈ ਚੀਜ਼ ਗਾਇਬ ਹੈ ਤਾਂ ਉਹ ਹੈ ਕਿਸਾਨ ਮਸਲੇ ਵੱਲ ਮਾਰਕਸਵਾਦੀ-ਲੈਨਿਨਵਾਦੀ ਨਜ਼ਰੀਆ, ਪੈਂਤੜਾ।



ਜਦੋਂ ਅਸੀਂ ਕਿਸਾਨ ਸਵਾਲ ਦੀ ਗੱਲ ਕਰਦੇ ਹਾਂ ਤਾ ਇਹ ਸਰਮਾਏਦਾਰੀ ਪ੍ਰਬੰਧ ਵਿੱਚ ਨਿੱਕੀ ਮਾਲਕੀ ਦੀ ਹੋਣੀ ਦਾ ਸਵਾਲ ਹੈ।

ਸਰਮਾਏਦਾਰੀ ਵਿਕਾਸ ਜਿਵੇਂ-ਜਿਵੇਂ ਅੱਗੇ ਵਧਦਾ ਇਹ ਵੱਡੀ ਗਿਣਤੀ 'ਚ ਉਜਰਤੀ ਮਜ਼ਦੂਰਾਂ ਨੂੰ ਪੈਦਾ ਕਰਦਾ ਹੈ। ਇਹ ਆਧੁਨਿਕ ਮਜ਼ਦੂਰ ਜਮਾਤ ਮੁੱਖ ਰੂਪ 'ਚ ਪੁਰਾਣੇ ਸਮਾਜ ਦੀਆਂ ਪਛੜੀਆਂ ਜਮਾਤਾਂ - ਕਿਸਾਨਾਂ, ਦਸਤਕਾਰਾਂ - ਆਦਿ ਤੋਂ ਹੀ ਬਣਦੀ ਹੈ।

ਸਰਮਾਏਦਾਰਾ ਪ੍ਰਬੰਧ ਵਿੱਚ ਛੋਟੇ ਮਾਲਕਾਂ (ਕਿਸਾਨਾਂ) ਦੀ ਖੇਤੀ ਵੀ ਲਾਗਤਾਂ ਅਤੇ ਵਿੱਕਰੀ ਲਈ ਮੰਡੀ 'ਤੇ ਨਿਰਭਰ ਹੋ ਜਾਂਦੀ ਹੈ। ਮੰਡੀ 'ਚ ਮਾਲਕਾਂ 'ਚ ਹੋਣ ਵਾਲੇ ਮੁਕਾਬਲੇ 'ਚ ਮਾਲਕਾਂ ਦੀ ਦੋ ਤਰ੍ਹਾਂ ਦੀ ਹੋਣੀ ਹੁੰਦੀ ਹੈ। ਉਹ ਜਾਂ ਤਾਂ ਵਿਰੋਧੀ ਹੱਥੋਂ ਹਾਰਦੇ ਹਨ ਅਤੇ ਜਾਂ ਹਰਾਉਂਦੇ ਹਨ। ਮੰਡੀ 'ਚ ਇਹ ਮੁਕਾਬਲਾ ਬੇਹੱਦ ਅਸਾਵਾਂ ਹੁੰਦਾ ਹੈ ਅਤੇ ਸਰਮਾਏਦਾਰਾ ਮੰਡੀ 'ਚ ਇੰਝ ਹੀ ਸਕਦਾ ਹੈ। ਸੁਭਾਵਿਕ ਹੀ ਕਿ ਇਸ ਮੁਕਾਬਲੇ 'ਚ ਵੱਡੇ ਸਰਮਾਏ ਦੇ ਮਾਲਕ ਹੀ ਜਿੱਤਦੇ ਹਨ। ਛੋਟੇ ਹਾਰ ਜਾਂਦੇ ਹਨ ਅਤੇ ਉਹ ਆਪਣੀ ਮਾਲਕੀ ਵਾਲੇ ਪੈਦਾਵਾਰ ਦੇ ਸਾਧਨਾਂ ਤੋਂ ਹੱਥ ਧੋ ਬਹਿੰਦੇ ਹਨ ਅਤੇ ਉਜਰਤੀ ਮਜ਼ਦੂਰਾਂ ਦੀਆਂ ਸਫ਼ਾਂ 'ਚ ਜਾ ਸ਼ਾਮਲ ਹੁੰਦੇ ਹਨ। ਸਰਮਾਏਦਾਰਾ ਪੈਦਾਵਾਰੀ ਸਬੰਧਾਂ 'ਚ ਹੋਰ ਕੁੱਝ ਹੋ ਵੀ ਨਹੀਂ ਸਕਦਾ। ਇਹ ਵਰਤਮਾਨ ਸਮਾਜ ਦਾ ਇੱਕ ਬਾਹਰਮੁਖੀ ਨਿਯਮ ਹੈ।

ਬਹੁਤ ਲੋਕ ਹਨ ਜੋ ਸਮਾਜ ਵਿੱਚ ਚੱਲ ਰਹੀ ਜਮਾਤੀ ਧਰੁਵੀਕਰਨ ਦੀ ਇਸ ਪ੍ਰਕਿਰਿਆ ਨੂੰ ਰੋਕਣ ਦੀ ਕੋਸ਼ਿਸ਼ ਕਰਦੇ ਹਨ। ਲੋਕ ਵਿਦਰੋਹਾਂ ਦੇ ਭਾਵੀ ਵਿਸਫੋਟਾਂ ਦੇ ਡਰ ਕਾਰਨ ਹਾਕਮ ਜਮਾਤ ਵੀ ਕਈ ਵਾਰ ਧਰੁਵੀਕਰਨ ਦੀ ਇਸ ਪ੍ਰਕਿਰਿਆ ਨੂੰ ਰੋਕਣ/ਧੀਮਾ ਕਰਨ ਦੀ ਕੋਸ਼ਿਸ਼ ਕਰਦੀ ਹੈ। ਇਸ ਲਈ ਖੇਤੀ ਨੂੰ ਸਬਸਿਡੀਆਂ, ਘੱਟੋ-ਘੱਟ ਸਮਰਥਨ ਮੁੱਲ ਅਤੇ ਹੋਰ ਕਈ ਪੈਂਤੜੇ ਅਪਣਾਉਂਦੀ ਹੈ ਅਤੇ ਆਪਣੇ ਹੀ ਹਿੱਤ 'ਚ ਸਮੇਂ-ਸਮੇਂ ਇਹਨਾ ਨੀਤੀਆਂ ਤੋਂ ਪਿੱਛੇ ਵੀ ਹਟਦੀ ਰਹਿੰਦੀ ਹੈ। ਪਰ ਜਮਾਤੀ ਧਰੁਵੀਕਰਨ ਨੂੰ ਰੋਕਣ 'ਚ ਇਹ ਹਾਕਮ ਜਮਾਤੀ ਯਤਨ ਵੀ ਨਕਾਮ ਹੀ ਰਹਿੰਦੇ ਹਨ। ਹਾਂ, ਕਈ ਵਾਰ ਇਹ ਯਤਨ ਇਸ ਪ੍ਰਕਿਰਿਆ ਨੂੰ ਵਕਤੀ ਤੌਰ 'ਤੇ ਧੀਮਾ ਜ਼ਰੂਰ ਕਰ ਦਿੰਦੇ ਹਨ।

ਆਪਣੇ ਅਗਿਆਨ, ਛੋਟੀ ਮਾਲਕੀ ਨਾਲ ਮੋਹ, ਸਮਾਜੀ ਸਬੰਧਾਂ ਦੀ ਗਲਤ ਸਮਝ ਕਾਰਨ ਕਈ ਸਾਡੇ ਜਜ਼ਬਾਤੀ ਖੱਬੇਪੱਖੀ ਵੀ ਸਮਾਜ ਵਿੱਚ ਚੱਲ ਰਹੀ ਧਰੁਵੀਕਰਨ ਦੀ ਪ੍ਰਕਿਰਿਆ ਨੂੰ ਰੋਕਣ, ਸਰਮਾਏ ਦੇ ਚੌਤਰਫਾ ਹਮਲੇ ਤੋਂ ਛੋਟੀ ਮਾਲਕੀ ਨੂੰ ਬਚਾਉਣ ਦੇ ਸਿੱਧੜ ਯਤਨਾਂ 'ਚ ਰੁੱਝ ਜਾਂਦੇ ਹਨ। ਇਸ ਮਾਮਲੇ 'ਚ ਇਹ ਹਾਕਮ ਜਮਾਤੀ ਪੈਂਤੜੇ 'ਤੇ ਚਲੇ ਜਾਂਦੇ ਹਨ। ਖੱਬੇ ਇਹ ਸਭ ਆਪਣੇ ਨਿੱਕ-ਬੁਰਜੂਆ ਪੈਂਤੜੇ ਤੋਂ ਕਰਦੇ ਹਨ ਅਤੇ ਹਾਕਮ ਜਮਾਤ ਬੁਰਜੂਆ (ਸਰਮਾਏਦਾਰਾ) ਪੈਂਤੜੇ ਤੋਂ ਕਰਦੀ ਹੈ। ਦੋਵਾਂ ਦਾ ਸਾਰਤੱਤ ਇੱਕੋ ਹੈ। ਇਸ ਲਈ ਸਮੇਂ-ਸਮੇਂ 'ਤੇ ਇਹਨਾ 'ਚ ਸਾਂਝ ਬਣਦੀ ਰਹਿੰਦੀ ਹੈ। ਆਖ਼ਰ ਸਾਡੇ ਕਨਫਿਊਜ਼ਡ, ਜਜ਼ਬਾਤੀ ਖੱਬਿਆਂ ਕੋਲ ਕਿਹੜੀ ਅਜਿਹੀ ਗਿੱਦੜਸਿੰਗੀ ਹੈ ਜਿਸ ਨਾਲ ਇਹ ਛੋਟੀ ਮਾਲਕੀ ਨੂੰ ਸਰਮਾਏ ਦੇ ਚੌਤਰਫਾ ਹੱਲੇ ਤੋਂ ਬਚਾਉਣ ਦਾ ਭਰਮ ਪਾਲਦੇ ਹਨ? ਆਉ ਦੇਖਦੇ ਹਾਂ-

(1) ਛੋਟੀ ਮਾਲਕੀ ਨੂੰ ਬਚਾਉਣ ਦਾ ਇਹਨਾਂ ਕੋਲ ਪਹਿਲਾ ਰਾਮਬਾਣ ਨੁਸਖਾ ਹੈ ਫਸਲਾਂ ਦੇ ਲਾਹੇਵੰਦ ਭਾਅ ਦੀ ਮੰਗ ਕਰਨਾ। ਇਹਨਾਂ ਖੱਬਿਆਂ ਦੀਆਂ ਕਿਸਾਨ ਯੂਨੀਅਨਾਂ ਇਹੋ ਕੁੱਝ ਕਰ ਰਹੀਆਂ ਹਨ। ਪਰ ਇਹ ਮੰਗ ਸਿੱਧਾ-ਸਿੱਧਾ ਮਜ਼ਦੂਰ ਵਿਰੋਧੀ ਮੰਗ ਹੈ। ਇਹ ਖੇਤੀ ਬੁਰਜੂਆਜੀ (ਸਰਮਾਏਦਾਰੀ) ਦੀ ਮੰਗ ਹੈ। ਖੇਤੀ ਬੁਰਜੂਆਜੀ ਨੂੰ ਜੇਕਰ ਫਸਲਾਂ ਦੇ ਵਧੇਰੇ ਭਾਅ ਮਿਲ ਜਾਣ ਤਾਂ ਇਹ ਇਸ ਵਧੇ ਹੋਏ ਮੁਨਾਫੇ ਦੀ ਵਰਤੋਂ ਛੋਟੇ ਕਿਸਾਨਾਂ ਦੀਆਂ ਜ਼ਮੀਨਾਂ ਖਰੀਦਣ ਲਈ ਕਰਦੀ ਹੈ। ਸਾਡੇ ਜਜ਼ਬਾਤੀ ਖੱਬੇ ਛੋਟੀ ਮਾਲਕਾਂ ਬਚਾਉਣ ਲਈ ਜਿਸ ਮੰਗ ਲਈ (ਫਸਲਾਂ ਦੇ ਵੱਧ ਭਾਅ) ਲੜਦੇ ਹਨ ਉਸੇ ਦਾ ਸਿੱਟਾ ਛੋਟੇ ਕਿਸਾਨਾਂ ਦੀ ਜ਼ਮੀਨ ਖੁੱਸਣ 'ਚ ਨਿੱਕਲਦਾ ਹੈ।

(2) ਕਈ ਖੱਬੇ ਖੇਤੀ ਲਈ ਸਬਸਿਡੀਆਂ ਦੀ ਮੰਗ ਕਰਦੇ ਹਨ। ਮਾਰਕਸਵਾਦੀ ਸਿਆਸੀ ਆਰਥਿਕਤਾ ਦੀ ਕਸੌਟੀ 'ਤੇ ਇਸ ਮੰਗ ਦੇ ਵਧੇਰੇ ਵਿਸ਼ਲੇਸ਼ਣ 'ਚ ਨਾ ਵੀ ਜਾਈਏ ਤਾਂ ਵੀ ਇਹ ਗੱਲ ਅਸਾਨੀ ਨਾਲ ਸਮਝੀ ਜਾ ਸਕਦੀ ਹੈ ਕਿ ਇਸ ਦਾ ਨਤੀਜਾ ਵੀ ਉਪਰੋਕਤ ਮੰਗ ਵਾਲਾ ਹੀ ਨਿੱਕਲਦਾ ਹੈ।

ਵਰਤਮਾਨ ਸਰਮਾਏਦਾਰਾ ਪ੍ਰਬੰਧ 'ਚ ਛੋਟੇ ਮਾਲਕਾਂ ਦਾ ਉਜਰਤੀ ਮਜ਼ਦੂਰਾਂ 'ਚ ਰੂਪਾਂਤਰਣ ਅਟੱਲ ਹੈ। ਸਾਡੇ ਜਜ਼ਬਾਤੀ ਖੱਬੇ ਭਾਵੇਂ ਕਿੰਨਾ ਵੀ ਜੋਰ ਲਾ ਲੈਣ ਇਹ ਪ੍ਰਕਿਰਿਆ ਰੋਕੀ ਨਹੀਂ ਜਾ ਸਕਦੀ।

ਸਰਮਾਏਦਾਰਾ ਪ੍ਰਬੰਧ ਵਿੱਚ ਛੋਟੇ ਮਾਲਕਾਂ ਦੀ ਇਸ ਅਟੱਲ ਹੋਣੀ ਦੀ ਚਰਚਾ ਕਰਦਿਆਂ ਹੀ ਕਈ ਜਜ਼ਬਾਤੀ ਖੱਬੇ ਆਪਣੇ ਸਿੱਧੜ ਤਰਕਾਂ ਦੀ ਗਦਾ ਲੈ ਕੇ ਸਾਡੇ 'ਤੇ ਟੁੱਟ ਪੈਂਦੇ ਹਨ। ਉਹ ਕਹਿੰਦੇ ਹਨ, ਇਹਨਾਂ ਗੱਲਾਂ ਤੋਂ ਤਾਂ ਇਹੋ ਨਤੀਜਾ ਨਿੱਕਲਦਾ ਹੈ ਕਿ ਕਿਸਾਨ ਮਰਦੇ ਹਨ ਤਾਂ ਮਰਨ ਦਿਉ।

ਇਹਨਾਂ ਅਕਲੋਂ ਅੰਨ੍ਹਿਆਂ ਲਈ ਛੋਟੇ ਮਾਲਕਾਂ ਦਾ ਉਜਰਤੀ ਮਜ਼ਦੂਰਾਂ 'ਚ ਰੂਪਾਂਤਰਣ ਉਹਨਾਂ ਦੀ ਮੌਤ ਹੈ? ਦੂਜਾ ਇਹ ਖੁਦ ਨਹੀਂ ਦੱਸਦੇ ਕਿ ਉਹਨਾਂ ਛੋਟੇ ਮਾਲਕਾਂ ਮਾਲਕੀ ਨੂੰ ਬਚਾਉਣ ਦਾ ਕੀ ਪ੍ਰੋਗਰਾਮ ਹੈ?

ਇਹਨਾਂ ਦਾ ਇੱਕ ਹੋਰ ਤਰਕ ਹੈ, ਪਰ ਸੋਚਣ ਵਾਲੀ ਗੱਲ ਇਹ ਹੈ ਕਿ ਕਿਸਾਨ ਆਪਣੀ ਜ਼ਮੀਨ ਛੱਡਣ ਨੂੰ ਰਾਜੀ ਕਿਉਂ ਨਹੀਂ ਹਨ? ਰਿਪੋਰਟਾਂ ਦੱਸਦੀਆਂ ਨੇ ਕਿ 67 ਫੀਸਦੀ ਕਿਸਾਨ ਖੇਤੀ ਛੱਡਣਾ ਚਾਹੁੰਦੇ ਹਨ, ਫਿਰ ਛੱਡਦੇ ਕਿਉਂ ਨਹੀਂ? ਇਹ ਇਸ ਤਰ੍ਹਾਂ ਦੇ ਸਵਾਲ ਤਾਂ ਕਰਦੇ ਹਨ ਪਰ ਇਸਦਾ ਕੋਈ ਜਵਾਬ ਨਹੀਂ ਦਿੰਦੇ।

ਬਰੂਨੋ ਦੀਆਂ ਸੰਤਾਨਾਂ

# ਹੁਮਾਯੂੰ ਅਜ਼ਾਦ ਤੋਂ ਅਵੀਜੀਤ ਰਾਏ ਤੱਕ

ਮੂਲ : ਸੁਭਾਸ਼ ਗਤਾੜੇ
ਅਨੁਵਾਦ : ਮਨਦੀਪ,
98764-42052

'ਅੰਧ ਸ਼ਰਧਾ ਦੇ ਖਿਲਾਫ ਸੰਘਰਸ਼ਸ਼ੀਲ ਰਹੇ ਡਾ. ਦਾਭੋਲਕਰ ਦੀ ਹੱਤਿਆ ਇਸੇ ਕਾਰਨ ਹੋਈ ਕਿਉਂਕਿ ਉਹ ਵਿਵੇਕਵਾਦੀ ਸਨ। ਅਜਿਹੇ ਸਾਰੇ ਲੋਕ ਜਿੰਨ੍ਹਾਂ ਨੇ ਤਰਕਸ਼ੀਲਤਾ ਦਾ ਰਾਹ ਅਪਣਾਇਆ, ਉਸਦਾ ਪ੍ਰਚਾਰ ਕੀਤਾ, ਉਨ੍ਹਾਂ ਸਾਰੇ ਲੋਕਾਂ ਨੂੰ ਕੁਰਬਾਨੀ ਦੇਣੀ ਪਈ। ਤਰਕਸ਼ੀਲਤਾ ਦੀ ਬਲੀਵੇਦੀ ਤੇ ਆਪਣੇ ਆਪ ਨੂੰ ਨਿਛਾਵਰ ਕਰਨ ਵਾਲੇ ਡਾ. ਦਾਭੋਲਕਰ ਨਾ ਪਹਿਲੇ ਸ਼ਖਸ਼ ਹਨ ਨਾ ਆਖਰੀ। ਤਰਕਸ਼ੀਲਤਾ ਅਤੇ ਤਰਕਸ਼ੀਲਤਾ ਵਿਰੋਧ ਦਾ ਇਹ ਸੰਘਰਸ਼ ਆਦਿ ਕਾਲ ਤੋਂ ਚੱਲ ਰਿਹਾ ਹੈ ਅਤੇ ਉਸ ਵਿੱਚ ਪਹਿਲ ਕਰਨੀ ਹੈ ਜਾਂ ਨਹੀਂ ਇਸਦੇ ਬਾਰੇ ਤੁਹਾਨੂੰ ਫੈਸਲਾ ਲੈਣਾ ਹੋਵੇਗਾ।'

– ਕਾਮਰੇਡ ਪਨਸਾਰੇ

'ਸਾਡਾ ਮਕਸਦ ਹੈ ਇਕ ਅਜਿਹੇ ਸਮਾਜ ਦਾ ਨਿਰਮਾਣ ਕਰਨਾ ਜੋ ਕਿਸੇ ਮਨਮਾਨੀ ਕਰਨ ਵਾਲੇ ਸੱਤਾਧਾਰੀ ਦੇ ਨਿਰਦੇਸ਼ਾਂ, ਸੁਵਿਧਾਜਨਕ ਲੱਗਣ ਵਾਲੀ ਅੰਧਸ਼ਰਧਾ, ਦਮਘੋਟੂ ਪਰੰਪਰਾ ਜਾਂ ਕੁੰਦ ਕਰਨ ਵਾਲੀ ਰੂੜੀਵਾਦਤਾ ਦੇ ਬੰਧਨਾਂ 'ਚ ਜਕੜਿਆ ਨਾ ਹੋਵੇ ਬਲਕਿ ਤਰਕਸ਼ੀਲਤਾ, ਸੁਹਿਰਦਤਾ, ਮਨੁੱਖਤਾ, ਬਰਾਬਰਤਾ ਅਤੇ ਵਿਗਿਆਨ 'ਤੇ ਟਿਕਿਆ ਹੋਵੇ।'

– ਅਵੀਜੀਤ ਰਾਏ

---

ਸ਼ਬਦ ਵਿਚਾਰ ਦਰਅਸਲ ਹਰ ਕਿਸਮ ਦੇ, ਹਰ ਰੰਗ ਦੇ ਕੱਠਮੁਲਿਆਂ ਨੂੰ ਬਹੁਤ ਡਰਾਉਂਦੇ ਹਨ।

ਇਹ ਮਹਿਜ ਸੰਭਾਵਨਾ ਕਿ ਸਮੁੱਚੇ ਬੰਧਨਾਂ, ਵਰਜਨਾਵਾਂ ਤੋਂ ਅਜ਼ਾਦ ਮਨ 'ਪਵਿੱਤਰ ਕਿਤਾਬਾਂ' ਦੇ ਜ਼ਰੀਏ ਆਸਥਾਵਾਨਾਂ ਤੱਕ ਪੁੱਜੇ 'ਅੰਤਿਮ ਸੱਚ' ਨੂੰ ਪ੍ਰਸ਼ਨ ਕਰ ਸਕਦਾ ਹੈ, ਚੁਣੌਤੀ ਦੇ ਸਕਦਾ ਹੈ ਜਾਂ ਅੰਤ ਉਲਟਾ ਸਕਦਾ ਹੈ, ਇਹੀ ਗੱਲ ਉਨ੍ਹਾਂ ਨੂੰ ਬੇਹੱਦ ਭੈਅਭੀਤ ਕਰਦੀ ਹੈ, ਜਿਸਤੋਂ ਉਹ ਜਾਣੂ ਹੁੰਦੇ ਹਨ। ਉਹ ਵਿਚਾਰਾਂ ਦੇ ਖਿਲਾਫ ਕੁਲਾਹੜੀਆਂ ਉਠਾਉਂਦੇ ਹਨ ਜਾਂ ਰਾਮਪੁਰੀ ਛੁਰੇ ਜਾਂ ਪਿਸਤੌਲਾਂ ਜ਼ਰੀਏ ਮੁਕਤ ਅਵਾਜ਼ਾਂ ਨੂੰ ਖਾਮੋਸ਼ ਕਰ ਦਿੰਦੇ ਹਨ, ਅਤੇ ਆਪਣੀਆਂ ਇਨ੍ਹਾਂ ਲੋਕਦੋਖੀ ਹਰਕਤਾਂ ਲਈ ਉਨ੍ਹਾਂ ਕਿਤਾਬਾਂ ਤੋਂ ਸਵੀਕਾਰਤਾ ਲੱਭ ਲੈਂਦੇ ਹਨ।

ਤਰਕਸ਼ੀਲਤਾ, ਨਿਆਂ ਅਤੇ ਪ੍ਰਗਤੀ ਦੀ ਇਕ ਅਜਿਹੀ ਹੀ ਅਵਾਜ਼ ਦੇ ਕੋਹਲਾਪੁਰ/ ਮਹਾਂਰਾਸ਼ਟਰ ਦੀਆਂ ਸ਼ੜਕਾਂ ਤੇ ਖਾਮੋਸ਼ ਕੀਤੇ ਜਾਣ–ਜਿਸਦੇ ਤਹਿਤ ਹਿੰਦੁਤਵਵਾਦੀ ਸੰਗਠਨਾਂ ਨਾਲ ਸਬੰਧ ਰੱਖਣ ਵਾਲੇ ਹਮਲਾਵਰਾਂ ਨੇ 82 ਸਾਲ ਦੀ ਉਮਰ ਦੇ ਕਾਮਰੇਡ ਪਾਨਸਾਰੇ ਉੱਪਰ ਗੋਲੀਆਂ ਚਲਾਈਆਂ ਸਨ, ਜਦ ਉਹ ਟਹਿਲ ਕੇ ਵਾਪਸ ਪਰਤ ਰਹੇ ਸਨ– ਕਿ ਘਟਨਾ ਦੇ ਮਹਿਜ ਇਕ ਹਫਤੇ ਦੇ ਅੰਦਰ ਬੰਗਲਾਦੇਸ਼ ਦੀ ਰਾਜਧਾਨੀ ਢਾਕਾ ਦੀਆਂ ਸੜਕਾਂ ਤੇ 42 ਸਾਲ ਦੇ ਅਵੀਜੀਤ ਰਾਏ ਦੀ ਇਸਲਾਮਿਕ ਅੱਤਵਾਦੀਆਂ ਦੇ ਹੱਥੋਂ ਹੋਈ ਹੱਤਿਆ ਦੀ ਖਬਰ ਸੁਰਖੀਆਂ ਬਣੀ। ਯਾਦ ਰਹੇ ਕਿ ਇਸਲਾਮਿਕ ਅੱਤਵਾਦੀਆਂ ਨੇ ਉਸ ਉੱਪਰ ਉਦੋਂ ਹਮਲਾ ਕੀਤਾ ਜਦ ਉਹ ਢਾਕਾ ਦੇ ਚਰਚਿਤ 'ਏਕੁਸ਼ੇ ਪੁਸਤਕ ਮੇਲਾ' ਤੋਂ ਆਪਣੀ ਪਤਨੀ ਰਫੀਦਾ ਅਹਿਮਦ ਬੋਨਾ ਨਾਲ ਬਾਹਰ ਨਿਕਲ ਰਹੇ ਸਨ। ਪਹਿਲਾਂ ਤੋਂ ਘਾਤ ਲਾਈ ਉੱਥੇ ਬੈਠੇ ਹਮਲਾਵਰਾਂ ਨੇ ਬੱਕਰਾ ਵੱਢਣ ਵਾਲੇ ਛੁਰਿਆਂ ਨਾਲ ਸਾਇਕਲ ਰਿਕਸ਼ਾ ਤੇ ਸਵਾਰ ਅਵੀਜੀਤ ਰਾਏ ਉੱਤੇ ਹਮਲਾ ਕੀਤਾ ਅਤੇ ਉਨ੍ਹਾਂ ਨੂੰ ਬਚਾਉਣ ਸਮੇਂ ਉਨ੍ਹਾਂ ਦੀ ਪਤਨੀ ਨੂੰ ਵੀ ਬੁਰੀ ਤਰ੍ਹਾਂ ਜ਼ਖਮੀ ਕੀਤਾ ਗਿਆ। ਅਵੀਜੀਤ ਦੇ ਮੌਕੇ ਤੇ ਮੌਤ ਹੋ ਗਈ ਅਤੇ ਰਫੀਦਾ ਬੁਰੀ ਤਰ੍ਹਾਂ ਜ਼ਖਮੀ ਹੋਈ।

ਵੈਸੇ ਵੇਖੀਏ ਤਾਂ ਕਾਮਰੇਡ ਪਾਨਸਾਰੇ ਅਤੇ ਅਵੀਜੀਤ ਰਾਏ 'ਚ ਕੋਈ ਬਾਹਰੀ ਸਮਾਨਤਾ ਨਹੀਂ ਸੀ। ਗੋਵਿੰਦ ਪਾਨਸਾਰੇ ਜਵਾਨੀ 'ਚ ਹੀ ਕਮਿਊਨਿਸਟ ਸੰਘਰਸ਼ਾਂ ਵਿਚ ਸ਼ਾਮਲ ਹੋ ਗਏ ਸਨ (1952) ਅਤੇ ਰਾਜ ਕਮੇਟੀ ਦੀ ਅਗਵਾਈ ਕਰਨ ਤੋਂ ਲੈ ਕੇ ਸਾਰੇ ਸਯੁੰਕਤ ਮਹਾਂਰਾਸ਼ਟਰ ਸੰਘਰਸ਼, ਮਹਿੰਗਾਈ ਖਿਲਾਫ ਅੰਦੋਲਨ ਜਾਂ ਬੰਨ੍ਹ ਪੀੜਤਾਂ ਦੀ ਲੜਾਈ ਜਾਂ ਅੰਧਸ਼ਰਧਾ ਦੇ ਖਿਲਾਫ ਸੰਘਰਸ਼ ਵਰਗੇ ਤਮਾਮ ਕੰਮਾਂ 'ਚ ਉਹ ਲਗਾਤਾਰ ਸਰਗਰਮ ਰਹੇ। ਬਹੁਤ ਮੁਸ਼ਕਲ ਹਾਲਤਾਂ ਵਿੱਚ ਵੱਡੇ ਹੋਏ ਪਾਨਸਾਰੇ ਨੇ ਜ਼ਿੰਦਗੀ ਚਲਾਉਣ ਲਈ ਕਦੇ ਅਖਬਾਰ ਵੇਚਣ, ਨਗਰਪਾਲਿਕਾ 'ਚ ਚਪੜਾਸੀ ਜਿਹੀ ਨੌਕਰੀ ਵੀ ਕੀਤੀ। ਬਾਅਦ 'ਚ ਉਹ ਕੋਹਲਾਪੁਰ ਬਾਰ ਐਸੋਸ਼ੀਏਸ਼ਨ ਦੇ ਮੈਂਬਰ ਵੀ ਬਣੇ, ਸ਼ਿਵਾਜੀ ਵਿਦਿਆਪੀਠ ਦੇ ਪੱਤਰਿਕਾ ਵਿਭਾਗ 'ਚ ਉਹ ਕੁੱਝ ਸਮੇਂ ਤੱਕ ਸਹਿਯੋਗੀ ਦੇ ਤੌਰ ਤੇ ਵੀ ਸਰਗਰਮ ਰਹੇ। ਹਾਲੀਆ ਉਹ ਰੋਡ ਟੋਲ ਦੇ ਮਾਮਲੇ 'ਚ ਚੱਲ ਰਹੇ ਸੰਘਰਸ਼ ਦੀ ਅਗਵਾਈ ਕਰ ਰਹੇ ਸਨ। ਉਨ੍ਹਾਂ ਦਾ ਮੰਨਣਾ ਸੀ ਕਿ ਟੋਲ ਦੀ ਉਗਰਾਹੀ ਨਾ ਕੇਵਲ ਅਨਿਆਈ ਹੈ ਬਲਕਿ ਅੰਤਹੀਣ ਭ੍ਰਿਸ਼ਟਾਚਾਰ ਦੀ ਜੜ੍ਹ ਹੈ, ਜੋ ਰਾਜੇਤਾਵਾਂ ਨੂੰ ਮਾਲਾਮਾਲ ਕਰਦੀ ਹੈ।

ਇਸਦੇ ਬਰਅਕਸ ਢਾਕਾ ਯੂਨੀਵਰਸਿਟੀ ਦੇ ਪ੍ਰੋਫੈਸਰ ਅਜਯ ਰਾਏ ਦੇ ਅਵੀਜਿਤ ਨੇ ਇੰਜੀਨੀਅਰ ਦੀ ਪੜ੍ਹਾਈ ਪੂਰੀ ਕਰਨ ਦੇ ਬਾਅਦ ਅੱਗੇ ਦੀ ਪੜ੍ਹਾਈ ਸਿੰਘਾਪੁਰ 'ਚ ਕੀਤੀ ਸੀ ਕਿ ਕਿ ਪਿਛਲੇ ਕਈ ਸਾਲਾਂ ਤੋਂ ਅਮਰੀਕਾ 'ਚ ਸਾਫਟਵੇਅਰ ਇੰਜੀਨੀਅਰ ਦੀ ਨੌਕਰੀ ਕਰ ਰਹੇ ਸਨ ਕਿ ਨਾਗਰਿਕਤਾ ਵੀ ਉਨ੍ਹਾਂ ਨੇ ਪ੍ਰਾਪਤ ਕਰ ਲਈ ਸੀ। ਪਰ ਦੱਖਣੀ ਏਸ਼ੀਆ ਦੇ ਇਸ ਹਿੱਸੇ 'ਚ ਉਨ੍ਹਾਂ ਦੀ ਵੱਧ ਸ਼ੋਹਰਤ ਉਨ੍ਹਾਂ ਦੁਆਰਾ ਸਾਲ 2000 'ਚ ਸ਼ੁਰੂ ਕੀਤੇ ਗਏ ਬਲੋਗ 'ਮੁਕਤੋ ਮਨਾ' ਨਾਲ ਸੀ। ਬੰਗਲਾ ਅਤੇ ਅੰਗਰੇਜ਼ੀ, ਦੋਨਾਂ ਭਾਸ਼ਾਵਾਂ ਵਿੱਚ ਸੰਚਾਲਿਤ ਇਹ ਵੈਬਸਾਇਟ ਦੱਖਣੀ ਏਸ਼ੀਆ ਦੇ ਮੁਕਤ ਚਿੰਤਕਾਂ, ਤਰਕਵਾਦੀਆਂ ਅਤੇ ਮਨੁੱਖਤਾਵਾਦੀਆਂ ਵਿਚ ਬਹੁਤ ਮਸ਼ਹੂਰ ਸੀ। ਉਹ ਸਰਕਾਰੀ ਸੈਂਸਰਸ਼ਿੱਪ ਅਤੇ ਉੱਥੇ ਬੰਗਲਾਦੇਸ਼ 'ਚ ਬਲੌਗਰਜ਼ ਦੀ ਗ੍ਰਿਫਤਾਰੀ ਦੇ ਖਿਲਾਫ ਅੰਤਰਰਾਸ਼ਟਰੀ ਪੱਧਰ ਤੇ ਵਿਰੋਧ ਪ੍ਰਦਰਸ਼ਨਾਂ ਦੀ ਅਗਵਾਈ ਕਰਨ ਵਿਚ ਵੀ ਅੱਗੇ ਸਨ।

ਇਹ ਵੱਖਰੀ ਗੱਲ ਹੈ ਕਿ ਹਰ ਕਿਸਮ ਦੀ ਧਾਰਮਿਕ ਕੱਟੜਤਾ ਦੇ ਖਿਲਾਫ ਅਵਾਜ਼ ਉਠਾਉਣ 'ਚ ਦੋਵੇਂ ਅੱਗੇ ਸਨ ਅਤੇ ਇਸ ਲਈ ਪ੍ਰਗਟਾਵੇ ਦੇ ਸਾਰੇ ਖਤਰੇ ਉਠਾਉਣ ਨੂੰ ਤਿਆਰ ਸਨ। ਅਜੇ ਜਿਆਦਾ ਦਿਨ ਨਹੀਂ ਹੋਏ ਜਦ ਹਿੰਦੁਤਵੀ ਅੱਤਵਾਦੀਆਂ ਨੇ ਕਾਮਰੇਡ ਪਾਨਸਾਰੇ ਨੂੰ ਧਮਕੀ ਭਰਿਆ ਪੱਤਰ ਭੇਜਿਆ ਸੀ ਕਿ 'ਤੁਮਚਾ ਦਾਭੋਲਕਰ ਕਰੂ'। ਡੇਢ ਸਾਲ ਪਹਿਲਾਂ ਪੂਨੇ ਦੀਆਂ ਸੜਕਾਂ ਤੇ ਮਾਰੇ ਗਏ ਦਾਭੋਲਕਰ ਵਰਗੇ ਤਰਕਸ਼ੀਲ ਅੰਦੋਲਨ ਦੇ ਚੋਟੀ ਦੇ ਆਗੂ ਵਰਗਾ ਉਨ੍ਹਾਂ ਦਾ ਹਸ਼ਰ ਕਰਨ ਦੀ ਇਹ ਚਿਤਾਵਨੀ ਸੀ। ਅਤੇ ਜਿੱਥੋਂ ਤੱਕ ਅਵੀਜੀਤ ਦਾ ਸਵਾਲ ਹੈ, ਉਨ੍ਹਾਂ ਨੂੰ ਵੀ ਈਮੇਲ ਜਾਂ ਫੇਸਬੁੱਕ ਰਾਹੀਂ ਅਕਸਰ ਧਮਕੀਆਂ ਮਿਲਦੀਆਂ ਸਨ। ਉਨ੍ਹਾਂ ਦੀ ਹੱਤਿਆ ਦੇ ਦੋਸ਼ 'ਚ ਜਿਸ ਇਸਲਾਮਿਕ ਅੱਤਵਾਦੀ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਿਆ ਹੈ, ਉਸਨੇ ਉਨ੍ਹਾਂ ਨੂੰ ਬਾਕਾਇਦਾ ਜਾਨ ਤੋਂ ਮਾਰਨ ਦੀਆਂ ਕਈ ਵਾਰ ਧਮਕੀਆਂ ਦਿੱਤੀਆਂ ਸਨ। ਇਹ ਗੱਲ ਇਤਿਹਾਸ ਹੋ ਚੁੱਕੀ ਹੈ ਕਿ ਨਾ ਕਾਮਰੇਡ ਪਾਨਸਾਰੇ ਨੇ ਅਤੇ ਨਾ ਹੀ ਅਵੀਜੀਤ ਨੇ ਰੂੜੀਵਾਦਤਾ, ਬੰਦ ਦਿਮਾਗੀ ਜਾਂ.ਬਕੌਲ ਅਵੀਜੀਤ/ 'ਆਸਥਾ ਦੇ ਵਾਇਰਸ' ਦੇ ਖਿਲਾਫ ਆਪਣੇ ਸੰਘਰਸ਼ ਦੀ ਧਾਰ ਕਦੇ ਘੱਟ ਨਹੀਂ ਕੀਤੀ।

ਦੋਵਾਂ ਵਿਚ ਇਕ ਹੋਰ ਦੁਰਲੱਭ ਸਮਾਨਤਾ ਸੀ ਕਿ ਦੋਨਾਂ 'ਚ ਸ਼ਬਦਾਂ ਪ੍ਰਤੀ ਜਬਰਦਸਤ ਲਗਾਅ ਸੀ, ਜੋ ਉਨ੍ਹਾਂ ਦੀਆਂ ਰਚਨਾਵਾਂ 'ਚ ਪ੍ਰਗਟ ਹੋ ਰਿਹਾ ਸੀ। ਕਲਮ ਨੂੰ ਤਲਵਾਰ ਦੀ ਤਰ੍ਹਾਂ ਫੜ੍ਹਕੇ ਕਾਮਰੇਡ ਪਾਨਸਾਰੇ ਨੇ ਲੋਕਾਂ ਨੂੰ ਜਗਾਉਣ ਦੇ ਮਕਸਦ ਨਾਲ ਕਈ ਕਿਤਾਬਾਂ ਦੀ ਰਚਨਾ ਕੀਤੀ। ਜਿਵੇਂ 'ਸਿੱਖਿਆ ਵਿਵਸਥਾ', 'ਮਾਰਕਸਵਾਦ ਦਾ ਪਰੀਚੈ', 'ਮੁਸਲਿਮ ਤੁਸ਼ਟੀਕਰਨ ਦਾ ਸੱਚ', ਜਾਂ 'ਰਾਜਸ਼ੀ ਸ਼ਾਹੂ ਦੀ ਵਿਰਾਸਤ' ਆਦਿ, ਜਿਸਦੇ ਕਈ ਐਡੀਸ਼ਨ ਨਿਕਲੇ। ਸ਼ਿਵਾਜੀ ਦੇ ਇਤਿਹਾਸ ਤੇ ਲਿਖੀ ਉਨ੍ਹਾਂ ਦੀ ਛੋਟੀ ਪੁਸਤਕ 'ਸ਼ਿਵਾਜੀ ਕੌਣ ਹੈ?' ਬਹੁਤ ਚਰਚਿਤ ਹੋਈ। ਕਈ ਭਾਸ਼ਾਵਾਂ 'ਚ ਅਨੁਵਾਦਿਤ ਇਸ ਪੁਸਤਕ ਦੀਆਂ ਮਾਤ੍ਰੀ 'ਚ ਇਕ ਲੱਖ ਤੋਂ ਵੱਧ ਕਾਪੀਆਂ ਵਿਕ ਚੁੱਕੀਆਂ ਹਨ। ਸੱਤਰਵਿਆਂ ਦੇ ਦਹਾਕੇ ਤੋਂ ਬਾਅਦ ਮਹਾਂਰਾਸ਼ਟਰ 'ਚ ਜਿਸ ਤਰ੍ਹਾਂ ਸੰਕੀਰਨ ਸੰਗਠਨਾਂ ਨੇ ਸ਼ਿਵਾਜੀ ਨੂੰ ਆਪਣੀ ਲੋਕਵਿਰੋਧੀ ਰਾਜਨੀਤੀ 'ਚ ਸਮੋਣ ਦੀਆਂ, ਉਨ੍ਹਾਂ ਨੂੰ 'ਹਿੰਦੂ ਰਾਜੇ' ਦੇ ਤੌਰ ਤੇ ਪ੍ਰਚਾਰਨ ਦੀਆਂ ਕੋਸ਼ਿਸ਼ਾਂ ਤੇਜ ਕੀਤੀਆਂ, ਤਦ ਉਨ੍ਹਾਂ ਦਾ ਵਿਰੋਧ ਕਰਨ ਲਈ ਅਤੇ ਸ਼ਿਵਾਜੀ ਦੇ ਅਸਲੀ ਰੂਪ ਨੂੰ ਸਾਹਮਣੇ ਲਿਆਉਣ ਲਈ ਉਨ੍ਹਾਂ ਨੇ ਡੂੰਘਾਂ ਅਧਿਐਨ ਕਰਕੇ ਸ਼ਿਵਾਜੀ ਦੀ ਅਸਲੀ ਤਸਵੀਰ ਲੋਕਾਂ ਦੇ ਸਾਹਮਣੇ ਪੇਸ਼ ਕੀਤੀ। ਹਿੰਦੂਆਂ ਅਤੇ ਮੁਸਲਮਾਨਾਂ ਦੋਵਾਂ ਵਿਚ ਫਿਰਕਾਪ੍ਰਸਤ ਤੱਤਾਂ ਦੀ ਅਸਲੀਅਤ ਨੂੰ ਚਿਤਰਨ ਵਾਲੀ ਉਨ੍ਹਾਂ ਦੀ ਅਵਾਜ਼ ਇਨ੍ਹਾਂ ਦੋਵਾਂ ਸਮੂਹਾਂ ਨੂੰ ਆਪਣਾ ਸਾਂਝਾ ਇਤਿਹਾਸ, ਸਾਂਝੀ ਵਿਰਾਸਤ ਨੂੰ ਦੇਖਣ ਤੇ ਵੀ ਜ਼ੋਰ ਪਾਉਂਦੀ ਹੈ।

ਇਕ ਥਾਂ ਉਹ ਲਿਖਦੇ ਹਨ :

ਹਿੰਦੂਆਂ ਦੇ ਧਰਮ ਗੁਰੂ ਦੰਗਈ ਹਨ, ਇਸੇ ਤਰ੍ਹਾਂ ਮੁਸਲਮਾਨਾਂ ਦੇ ਵਿਚ ਵੀ ਹਨ। ਕੁੱਝ ਮੁਸਲਮਾਨ ਆਪਣੇ ਆਪ ਨੂੰ ਸ਼ਹਿਨਸ਼ਾਹ ਦਾ ਵਾਰਸ ਸਮਝਦੇ ਹਨ ਅਤੇ ਇਹ ਸੋਚਦੇ ਹਨ ਕਿ ਉਨ੍ਹਾਂ ਨੇ ਇਸ ਮੁਲਕ 'ਚ ਰਾਜ ਕੀਤਾ ਹੈ। ਦੱਸੋ, ਇਸ ਦੇਸ਼ ਵਿਚ ਜਦ ਮੁਸਲਮਾਨਾਂ ਦੀ ਹਕੂਮਤ ਸੀ ਤਦ ਵੀ ਸਾਰੇ ਮੁਸਲਮਾਨ ਕੋਈ ਬਰਿਆਨੀ ਦਾ ਸਵਾਦ ਨਹੀਂ ਸੀ ਲੈ ਰਹੇ, ਸ਼ਰਾਬ ਨਹੀਂ ਸੀ ਪੀ ਰਹੇ। ਉਨ੍ਹਾਂ ਦੀ ਬਹੁਗਿਣਤੀ ਗਰੀਬ ਹੀ ਸੀ। ਇਸਦੇ ਇਲਾਵਾ, ਸ਼ਿਵਾਜੀ ਦਾ ਰਾਜ ਕਾਇਮ ਕਰਨ 'ਚ ਜਿਨ੍ਹਾਂ ਮੁਸਲਮਾਨਾ ਨੇ ਆਪਣੀ ਕੁਰਬਾਨੀ ਦਿੱਤੀ, ਉਨ੍ਹਾਂ ਦਾ ਖੂਨ ਵੀ ਤਾਂ ਤੁਹਾਡੇ ਪੂਰਵਜਾਂ ਦਾ ਖੂਨ ਹੀ ਸੀ। ਜਾਂ ਤੁਸੀਂ ਕਹੋਗੇ ਕਿ ਔਰੰਗਜ਼ੇਬ ਤੁਹਾਡਾ ਪੁਰਖਾ ਅਤੇ /ਸ਼ਿਵਾ ਜੀ ਦਾ ਅਭਿੰਨ ਸਾਥੀ/ ਮਦਾਰੀ ਮੇਹਤਰ ਤੁਹਾਡਾ ਕੁੱਝ ਵੀ ਨਹੀਂ ਸੀ।...ਜਿਸ ਤਰ੍ਹਾਂ ਸ਼ਿਵਾਜੀ ਦਾ ਲੈ ਕੇ ਨਾਮ ਮੁਸਲਮਾਨਾ ਉੱਤੇ ਹਮਲੇ ਹੋ ਰਹੇ ਸਨ, ਉਸੇ ਤਰ੍ਹਾਂ ਦਲਿਤਾਂ ਉਪਰ ਵੀ ਹਮਲੇ ਹੋ ਰਹੇ ਹਨ। ਰਾਖਵੀਆਂ ਸੀਟਾਂ ਦਾ ਵਿਰੋਧ ਕਰਨ ਵਾਲੇ ਵੀ ਸ਼ਿਵਾਜੀ ਮਹਾਂਰਾਜ ਦੀ ਜੈ ਦਾ ਐਲਾਨ ਕਰਦੇ ਹਨ ਅਤੇ ਭੁੱਲ ਜਾਂਦੇ ਹਨ ਕਿ ਸ਼ਿਵਾਜੀ ਨੇ ਸੁਚੇਤ ਢੰਗ ਨਾਲ ਆਪਣੀਆਂ ਨੌਕਰੀਆਂ ਵਿਚ ਦਲਿਤਾਂ ਨੂੰ ਸਥਾਨ ਦਿੱਤਾ। ਅੱਜ ਸ਼ਿਵਾਜੀ ਦੇ ਨਾਮ ਤੇ ਸ਼ਿਵਾਜੀ ਦੇ ਨਾਹਰੇ ਲਾਉਂਦੇ ਹੋਏ ਹਿੰਦੂਆਂ ਅਤੇ ਮੁਸਲਮਾਨਾ ਵਿਚ ਦੰਗੇ ਹੋ ਰਹੇ ਹਨ। ਧਰਮ ਦੇ ਇਨ੍ਹਾਂ ਜਾਨੂੰਨੀਆਂ ਨੂੰ ਦੱਸਣਾ ਹੋਵੇਗਾ ਕਿ ਸ਼ਿਵਾਜੀ ਖੁਦ ਧਰਮ ਨੂੰ ਲੈ ਕੇ ਜਾਨੂੰਨੀ ਨਹੀਂ ਸੀ। ਹਿੰਦੂ ਧਰਮ ਵਿਚ ਵਿਸ਼ਵਾਸ਼ ਰੱਖਦੇ ਸਨ, ਪਰ ਮੁਸਲਮਾਨਾ ਨਾਲ ਭੇਦਭਾਵ ਨਹੀਂ ਕਰਦੇ ਸਨ। ਸ਼ਰਧਾਲੂ ਸਨ ਪਰ ਅੰਧਸ਼ਰਧਾ ਦੇ ਹਿਮਾਇਤੀ ਨਹੀਂ ਸਨ।

ਇਸੇ ਤਰ੍ਹਾਂ, ਬੰਗਲਾ ਭਾਸ਼ਾ ਵਿਚ ਲਿਖਣ ਵਾਲੇ ਅਵੀਜੀਤ ਵੀ ਬਹੁਤ ਲਿਖਦੇ ਸਨ। ਵਿਗਿਆਨ, ਦਰਸ਼ਨ ਅਤੇ ਭੌਤਿਕਤਾਵਾਦ ਤੇ ਲਿਖੀਆਂ ਉਨ੍ਹਾਂ ਦੀਆਂ ਇਕ ਦਰਜਨ ਤੋਂ ਵੱਧ ਕਿਤਾਬਾਂ ਪ੍ਰਕਾਸ਼ਿਤ ਹੋ ਚੁਕੀਆਂ ਹਨ। ਉਨ੍ਹਾਂ ਦੀ ਅੰਤਿਮ ਕਿਤਾਬਾਂ 'ਅਵੀਸ਼ਾਸੇਰ ਦੋਰਸ਼ਨ' ਭਾਵ ਸੰਦੇਹ ਦਾ ਦਰਸ਼ਨ ਅਤੇ 'ਵਿਸ਼ਵਾਸੇਰ ਵਾਇਰਸ' ਭਾਵ ਆਸਥਾ ਦਾ ਵਾਇਰਸ ਦੋਵੇਂ ਕਾਫੀ ਚਰਚਿਤ ਰਹੀਆਂ। 'ਆਸਥਾ ਦੇ ਵਾਇਰਸ' 'ਚ ਉਨ੍ਹਾਂ ਦਾ ਪ੍ਰਮੁੱਖ ਤਰਕ ਰਿਹਾ ਕਿ 'ਆਸਥਾ ਅਧਾਰਿਤ ਅੱਤਵਾਦ ਸਮਾਜ ਉਪਰ ਕਹਿਰ ਵਰਸਾਏਗਾ'। 'ਫ੍ਰੀ ਇਨਕੁਯਾਰੀ' 'ਚ ਆਪਣੇ ਅੰਤਿਮ ਲੇਖ ਵਿਚ ਉਹ ਲਿਖਦੇ ਹਨ :

ਮੇਰੇ ਲਈ ਧਾਰਮਿਕ ਕੱਟੜਵਾਦ ਇਕ ਕਿਸਮ ਦਾ ਛੂਤ–ਛਾਤ ਵਾਲਾ ਵਾਇਰਸ (ਛੂਤ–ਛਾਤ ਵਿਸ਼ਾਣੂ)। ਇਸ ਸੰਦਰਭ 'ਚ ਮੇਰੇ ਤਾਜੇ ਅਨੁਭਵ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਅਜਿਹਾ ਧਾਰਮਿਕ ਕੱਟੜਵਾਦ ਆਸਥਾ ਦਾ ਵਿਸ਼ਾਣੂ ਹੀ ਹੈ। ਦੋਵੇਂ ਭਲਾਂ ਹੀ ਲੱਗਭਗ ਇਕੱਲੇ ਸਨ, ਜਦ ਹਮਲਾਵਾਰਾਂ ਨੇ ਉਨ੍ਹਾਂ ਨੂੰ ਆਪਣਾ ਨਿਸ਼ਾਨਾ ਬਣਾਇਆ, ਪਰ ਉਨ੍ਹਾਂ ਨੂੰ ਅੰਤਿਮ ਵਿਦਾਈ ਦੇਣ ਲਈ ਸਾਰੇ ਖੇਤਰਾਂ ਵਿਚੋਂ ਹਜ਼ਾਰਾਂ ਲੋਕ ਪੁੱਜੇ ਹੋਏ ਸਨ। ਕਾਮਰੇਡ ਪਾਨਸਾਰੇ ਜਿਹੇ ਸਾਥੀ ਨੂੰ ਆਖਰੀ 'ਲਾਲ ਸਲਾਮ' ਪੇਸ਼ ਕਰਨ ਲਈ ਕੋਹਲਾਪੁਰ ਦੀਆਂ ਸੜਕਾਂ ਉਪਰ ਲੋਕਾਂ ਦਾ ਸੈਲਾਬ ਉਮੜਿਆ ਹੋਇਆ ਸੀ, ਉਥੇ ਅਵੀਜੀਤ ਰਾਏ ਦੀ ਆਖਰੀ ਯਾਤਰਾ ਹਜ਼ਾਰਾਂ ਦੇ ਲੋਕਸਮੂਹ ਵਿਚਦੀ ਨਿਕਲੀ। ਢਾਕਾ ਯੂਨੀਵਰਸਿਟੀ 'ਚ 1971 ਦੇ ਸੁਤੰਤਰਤਾ ਸੈਨਾਨੀਆਂ ਦੀ ਯਾਦ 'ਚ ਬਣੇ ਜੇਤੂ ਬੰਗਲਾ ਨਾਮ ਦੇ ਸਮਾਰਕ ਦੇ ਕੋਲ ਮੰਚ ਤੇ ਅਵੀਜੀਤ ਦੀ ਅਰਥੀ ਰੱਖੀ ਗਈ ਸੀ ਅਤੇ ਉਨ੍ਹਾਂ ਦੀ ਆਖਰੀ ਇੱਛਾ ਮੁਤਾਬਕ ਉਨ੍ਹਾਂ ਦੀ ਦੇਹ ਨੂੰ ਢਾਕਾ ਮੈਡੀਕਲ ਕਾਲਜ ਨੂੰ ਮੈਡੀਕਲ ਰਿਸਰਚ ਲਈ ਸੌਂਪ ਦਿੱਤਾ ਗਿਆ।

ਅਵੀਜੀਤ ਦੀ ਅੰਤਿਮ ਵਿਦਾਈ ਦੇ ਸਮੇਂ ਦੀਆਂ ਰਸਮਾਂ ਉਪਰ ਸਭ ਨੇ ਗੌਰ ਕੀਤਾ।

ਉਹ ਦਰਅਸਲ ਇਸ ਗੱਲ ਦਾ ਸੰਕੇਤ ਸੀ ਕਿ 1971 'ਚ ਬੰਗਲਾਦੇਸ਼ ਦੀ ਮੁਕਤੀ ਦੇ ਬਹਾਨੇ ਤੱਤਕਾਲੀ ਪੂਰਬੀ ਪਾਕਿਸਤਾਨ ਦੇ ਭਵਿੱਖ ਨੂੰ ਲੈ ਕੇ ਸੰਘਰਸ਼ ਸ਼ੁਰੂ ਹੋਇਆ ਸੀ, ਜਦ ਕਿ ਇਕ ਪਾਸੇ 'ਧਰਮ ਨੂੰ ਰਾਸ਼ਟਰ' ਦਾ ਅਧਾਰ ਮੰਨਣ ਵਾਲੀਆਂ ਤਾਕਤਾਂ ਸਨ, ਜੋ ਪਾਕਿਸਤਾਨ ਨਾਲ ਏਕਤਾ ਬਣਾਈ ਰੱਖਣਾ ਚਾਹੁੰਦੀਆਂ ਰਹੀਆਂ ਸਨ ਅਤੇ ਦੂਜੇ ਪਾਸੇ ਧਰਮ–ਨਿਰਪੱਖ, ਲੋਕਤੰਤਰੀ ਤਾਕਤਾਂ ਸਨ, ਇਹੀ ਸਿਲਸਿਲਾ ਅੱਜ ਵੀ ਜਾਰੀ ਹੈ। ਇਹ ਗੱਲ ਹੁਣ ਇਤਿਹਾਸ ਹੋ ਚੁੱਕੀ ਹੈ ਕਿ ਕਿਵੇਂ ਇਹ ਤਾਕਤਾਂ, ਜਿਨ੍ਹਾਂ ਦੀ ਬਹੁਗਿਣਤੀ 'ਜਮਾਤੇ ਇਸਲਾਮੀ' ਨਾਲ ਸਬੰਧ ਰੱਖਦੀ ਸੀ, ਉਨ੍ਹਾਂ ਨੇ ਉਨੀਂ ਦਿਨੀਂ ਪਾਕਿਸਤਾਨੀ ਸੈਨਾ ਦਾ ਸਾਥ ਦਿੱਤਾ ਸੀ ਅਤੇ ਮਨੁੱਖਤਾ ਦੇ ਖਿਲਾਫ ਨੀਚ ਅਪਰਾਧਾਂ ਨੂੰ ਅੰਜ਼ਾਮ ਦਿੱਤਾ ਸੀ। । ਇਹ ਸਹੀ ਹੈ ਕਿ ਲੜਾਈ ਦਾ ਉਹ ਦੌਰ ਉਹ ਹਾਰ ਚੁੱਕੇ ਹਨ, ਪਰ ਉਨ੍ਹਾਂ ਨੇ ਕਦੇ ਹਾਰ ਕਬੂਲ ਨਹੀਂ ਕੀਤੀ ਅਤੇ ਉਹ ਕਿਸੇ ਨਾ ਕਿਸੇ ਰੂਪ ਵਿਚ ਅੱਜ ਵੀ ਸਰਗਰਮ ਰਹਿੰਦੇ ਹਨ।

ਸਿਰਫ ਦੋ ਸਾਲ ਪਹਿਲਾਂ ਮੁਕਤੀ ਯੁੱਧ ਦੇ ਯੁੱਧ ਅਪਰਾਧੀਆਂ ਨੂੰ ਸਜ਼ਾ ਦੇਣ ਦੀ ਮੰਗ ਨੂੰ ਲੈ ਕੇ ਉੱਥੇ ਵਿਆਪਕ ਲੋਕ ਸੰਘਰਸ਼ ਹੋਇਆ ਸੀ, ਜਿਸਦੇ ਚੱਲਦੇ ਇਸਲਾਮਿਕ ਤਾਕਤਾਂ ਨੂੰ ਬਚਾਅ ਦਾ ਪੈਂਤਰਾ ਅਖਤਿਆਰ ਕਰਨਾ ਪਿਆ ਸੀ। ਦਾਅ ਪਲਟਨ ਦੇ ਇਰਾਦੇ ਨਾਲ ਉਨ੍ਹਾਂ ਦੇ ਹਤਿਆਰੇ ਦਸਤੇ ਨੇ ਅਹਿਮਦ ਰਾਜਿਬ ਹੈਦਰ ਨਾਮ ਦੇ ਬਲਾਗਰ ਨੂੰ ਆਪਣੇ ਘਰ ਦੇ ਸਾਹਮਣੇ ਮਾਰ ਦਿੱਤਾ ਸੀ ਓਤੇ ਇਹ ਕਿਹਾ ਸੀ ਕਿ ਉਹ ਨਾਸਤਿਕ ਸੀ।

ਦਰਅਸਲ ਰਾਜਿਬ ਬਲਾਗਰਜ਼ ਦੇ ਉਸ ਸਮੂਹ ਦਾ ਹਿੱਸਾ ਸੀ ਜਿਸਨੇ ਇਕ ਤਰ੍ਹਾਂ ਨਾਲ ਸ਼ਾਹਬਾਗ ਸੰਘਰਸ਼ ਨੂੰ ਖੜਾ ਕਰਨ 'ਚ ਪਹਿਲ ਲਈ ਸੀ। ਰਜਿਬ ਹੈਦਰ ਉੱਤੇ ਹੋਏ ਹਮਲੇ ਦੇ ਮਹਿਜ ਇਕ ਮਹੀਨਾ ਪਹਿਲਾਂ ਆਸਿਫ ਮੋਹਿਓਦੀਨ ਨਾਮ ਦੇ ਇਕ ਹੋਰ ਬਲਾਗਰ ਨੂੰ ਅੰਸਾਰਉੱਲਾ ਬੰਗਾਲੀ ਟੀਮ ਦੇ ਅੱਤਵਾਦੀ ਦਸਤੇ ਨੇ ਚਾਕੂਆਂ ਨਾਲ ਵਿੰਨ ਦਿੱਤਾ ਸੀ, ਜਿਸ ਵਿਚ ਉਹ ਬਚ ਗਏ ਸਨ। ਰਜਿਬ ਦੀ ਹੱਤਿਆ ਦੇ ਤਿੰਨ ਹਫਤੇ ਬਾਅਦ ਸੁਨਪੁਰ ਰਹਿਮਾਨ ਨਾਮਕ ਇਕ ਬਲਾਗਰ ਅਤੇ ਆਨਲਾਇਨ ਐਕਟੀਵਿਸਟ ਜੋ 'ਨਾਸਤਿਕ ਨਬੀ' ਨਾਮ ਨਾਲ ਮਸ਼ਹੂਰ ਸੀ ਉਸ ਉੱਤੇ ਵੀ ਚਾਕੂਆਂ ਨਾਲ ਹਮਲਾ ਹੋਇਆ ਸੀ। ਅਵੀਜੀਤ ਉੱਤੇ ਹੋਏ ਹੋਏ ਹਮਲੇ 'ਚ ਅਤੇ ਬੰਗਲਾਦੇਸ਼ ਦੇ ਮਹਾਨ ਲੇਖਕ ਹੁਮਾਯੂੰ ਅਜ਼ਾਦ ਉੱਤੇ ਹੋਏ ਹਮਲੇ 'ਚ ਉਂਝ ਕਾਫੀ ਸਮਾਨਤਾ ਦਿਖਦੀ ਹੈ। ਉਨ੍ਹਾਂ ਉੱਤੇ ਵੀ ਗਿਆਰਾਂ ਸਾਲ ਪਹਿਲਾਂ ਇਸਲਾਮਿਕ ਅੱਤਵਾਦੀਆਂ ਨੇ ਉਦੋਂ ਹਮਲਾ ਕੀਤਾ ਸੀ (27 ਫਰਵਰੀ 2004) ਜਦ ਉਹ ਉਸੇ 'ਏਕੁਸ਼ੇ ਪੁਸਤਕ ਮੇਲਾ' ਤੋਂ ਬਾਹਰ ਨਿਕਲ ਰਹੇ ਸਨ। ਉਹ ਬੁਰੀ ਤਰ੍ਹਾਂ ਜ਼ਖਮੀ ਹੋਏ, ਪਰ ਬਚਾ ਲਏ ਗਏ ਸਨ। ਬਾਅਦ 'ਚ ਅਗਸਤ 2004 'ਚ ਜਰਮਨੀ 'ਚ ਉਨ੍ਹਾਂ ਦੀ ਰਹੱਸਮਈ ਹਾਲਤ 'ਚ ਮੌਤ ਹੋ ਗਈ, ਜਿੱਥੇ ਉਹ ਅਧਿਐਨ ਲਈ ਗਏ ਸਨ। ਦਰਅਸਲ ਆਪਣੇ ਨਾਵਲ 'ਪਾਕ ਸਰ ਜਮੀਨ ਸਾਦ ਬਾਦ' ਦੇ ਪ੍ਰਕਾਸ਼ਨ ਦੇ ਬਾਅਦ ਹੀ–ਜਿਸ ਵਿਚ ਬੰਗਲਾਦੇਸ਼ ਦੇ ਇਸਲਾਮਿਕ ਬੁਨਿਆਦਪ੍ਰਸਤੀਆਂ ਦੀ ਸਿਆਸਤ ਅਤੇ ਵਿਚਾਰਧਾਰਾ ਨੂੰ ਬੇਪਰਦ ਕੀਤਾ ਗਿਆ ਸੀ, ਉਦੋਂ ਤੋਂ ਹੀ ਉਨ੍ਹਾਂ ਨੂੰ ਧਮਕੀਆਂ ਦੇਣ ਦਾ ਸਿਲਸਿਲਾ ਤੇਜ਼ ਹੋ ਗਿਆ ਸੀ। ਉਨ੍ਹਾਂ ਨੂੰ ਮਿਲ ਰਹੀਆਂ ਧਮਕੀਆਂ ਨੂੰ ਲੈ ਕੇ ਉਨ੍ਹਾਂ ਨੇ ਅਵੀਜੀਤ ਅਤੇ ਹੋਰ ਸਾਥੀਆਂ ਦੁਆਰਾ ਸੰਚਾਲਿਤ 'ਮੁਕਤੋ ਮਨਾ' ਨੂੰ ਸੂਚਿਤ ਵੀ ਕੀਤਾ ਸੀ।

ਇਕ ਦਾਸ ਦੇ ਤੌਰ ਤੇ ਇਥੇ ਦੱਸ ਦੇਈਏ ਕਿ ਰਾਬਿੰਦਰਨਾਥ ਠਾਕੁਰ ਦੇ ਬਾਅਦ ਬੰਗਲਾ ਦੇ ਸਭ ਤੋਂ ਸ਼੍ਰੇਸ਼ਠ ਲੇਖਕ ਸਮਝੇ ਜਾਣ ਵਾਲੇ ਹੁਮਾਯੂੰ ਅਜ਼ਾਦ ਦੀਆਂ 70 ਕਿਤਾਬਾਂ ਪ੍ਰਕਾਸ਼ਿਤ ਹੋਈਆਂ ਹਨ। ਆਪਣੀ ਲੇਖਨਸ਼ੈਲੀ 'ਚ ਉਨ੍ਹਾਂ ਨੇ ਵਿਭਿੰਨ ਵਿਧਾਵਾਂ ਦਾ ਬਾਖੂਬੀ ਇਸਤੇਮਾਲ ਕੀਤਾ। ਉਹ ਕਵੀ ਸਨ, ਨਾਵਲਕਾਰ ਸਨ, ਆਲੋਚਕ ਸਨ, ਸਿਆਸੀ ਵਿਸ਼ਲੇਸ਼ਕ ਸਨ, ਨਿਬੰਧਕਾਰ ਸਨ ਅਤੇ ਬੱਚਿਆਂ ਦੀਆਂ ਕੁੱਝ ਕਿਤਾਬਾਂ ਦੇ ਰਚੇਤਾ ਸਨ। 'ਨਾਰੀ' ਨਾਮਕ ਉਨ੍ਹਾਂ ਦੀ ਕਿਤਾਬ ਨੂੰ 'ਬੰਗਲਾ 'ਚ ਸਭ ਤੋਂ ਪਹਿਲੀ ਅਮੀਰ ਨਾਰੀਵਾਦੀ' ਕਿਤਾਬ ਕਿਹਾ ਜਾਂਦਾ ਹੈ। ਔਰਤਾਂ ਪ੍ਰਤੀ ਧਰਮ ਦੀ ਪਿੱਤਰਸੱਤਾਤਮਕ ਅਤੇ ਮਰਦ ਪ੍ਰਧਾਨਤਾ ਦੀ ਆਲੋਚਨਾ ਕਰਨ ਵਾਲੀ ਇਸ ਕਿਤਾਬ ਨੇ ਐਨਾ ਹੰਗਾਮਾ ਖੜਾ ਕੀਤਾ ਕਿ ਬਾਅਦ 'ਚ ਬੰਗਲਾਦੇਸ਼ ਦੀ ਸਰਕਾਰ ਨੇ ਇਸਤੇ ਪਾਬੰਧੀ ਲਗਾ ਦਿੱਤੀ। ਅਦਾਲਤੀ ਲੜਾਈ ਲੜ ਕੇ ਹੁਮਾਯੂੰ ਨੇ ਇਸ ਪਾਬੰਧੀ ਨੂੰ ਹਟਾਇਆ।

ਹੁਮਾਯੂੰ ਅਜ਼ਾਦ, ਪਾਕਿਸਤਾਨ ਦੇ ਸਲਮਾਨ ਤਾਸੀਰ–ਜਿਨ੍ਹਾਂ ਨੂੰ ਰੱਬੀ ਨਿੰਦਾ ਕਾਨੂੰਨ ਦਾ ਵਿਰੋਧ ਕਰਨ ਲਈ ਇਸਲਾਮੀ ਅੱਤਵਾਦੀਆਂ ਨੇ ਮਾਰ ਦਿੱਤਾ ਸੀ, ਅਹਿਮਦ ਰਾਜਿਬ ਹੈਦਰ, ਡਾ. ਦਾਭੋਲਕਰ, ਕਾਮਰੇਡ ਪਾਨਸਾਰੇ ਅਤੇ ਹੁਣ ਅਵੀਜੀਤ ਰਾਏ।

ਧਰਮ ਦੀ ਰਾਜਨੀਤੀ ਦੇ ਵੱਧਦੇ ਬੋਲਬਾਲੇ ਦਾ ਸਿੱਟਾ ਹੈ ਜਦ ਅਸੀਂ ਦੱਖਣੀ ਏਸ਼ੀਆ ਦੇ ਇਸ ਹਿੱਸੇ 'ਚ ਹਰ ਕਿਸਮ ਦੇ ਮਜ਼ਹਬੀ ਜਾਨੂੰਨ ਦਾ ਵਿਸਤਾਰ ਦੇਖ ਸਕਦੇ ਹਾਂ। ਇਕ ਅਜਿਹਾ ਆਲਮ ਜਦ ਧਰਮ ਨੂੰ ਰਾਜਨੀਤੀ ਤੋਂ ਅਲੱਗ ਕਰਨ ਦੀ, ਵਰਤਮਾਨ ਧਰਮ ਨਿਰਪੱਖ ਸਮਾਜ ਬਣਾਉਣ ਦੀ ਸਾਡੀ ਲੜਾਈ ਵਿਰੋਧ ਦਾ ਸ਼ਿਕਾਰ ਹੁੰਦੀ ਦਿਖਦੀ ਹੈ। ਇਕ ਅਜਿਹੇ ਸਮੇਂ 'ਚ ਜਦ ਸਾਡੇ ਵਿਚੋਂ ਬੇਸ਼ਕੀਮਤੀ ਲੋਕ ਇਕ ਤੋਂ ਬਾਅਦ ਇਕ ਵਿਦਾ ਹੋ ਰਹੇ ਹਨ, ਅਜਿਹੇ ਲੋਕ ਜੋ ਇਸ ਨਰਕੀ ਦੌਰ 'ਚ 'ਸਾਡੇ ਲਈ ਉਮੀਦ ਦੀ ਕਿਰਨ ਅਤੇ ਰੋਸ਼ਨੀ ਦਾ ਟੁਕੜਾ ਸਨ' ਸਾਨੂੰ ਕੀ ਕਰਨਾ ਚਾਹੀਦਾ ਹੈ।

ਸਾਨੂੰ ਸਵੈ–ਵਿਸ਼ਵਾਸ਼ੀ ਹੋ ਕੇ ਆਪਣੇ ਸੰਘਰਸ਼ ਨੂੰ ਅੱਗੇ ਵਧਾਉਂਦੇ ਰਹਿਣਾ ਹੋਵੇਗਾ ਅਤੇ ਆਪਣੀਆਂ ਕੁਰਬਾਨੀਆਂ ਤੋਂ ਬਰੂਨੋ ਦੇ ਇਨ੍ਹਾਂ ਆਧੁਨਿਕ ਵਾਰਸਾਂ ਨੇ ਜੋ ਮਿਸਾਲ ਅੱਗੇ ਵਧਾਈ ਹੈ, ਉਸਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣਾ ਹੋਵੇਗਾ। ਸ਼ਾਇਦ ਇਸ ਵਕਤ ਇਹ ਸਹੀ ਹੋਵੇਗਾ ਕਿ ਪ੍ਰੋਫੈਸਰ ਹੁਮਾਯੂੰ ਅਜ਼ਾਦ ਦੀ ਮੌਤ ਤੇ 'ਮੁਕਤੋ ਮਨਾ' ਦੇ ਸਲਾਹਕਾਰ ਬੋਰਡ ਨੇ ਜੋ ਪੱਤਰ ਲਿਖਿਆ ਸੀ ਉਸਦੇ ਕੁੱਝ ਅੰਸ਼ ਇੱਥੇ ਸਾਂਝੇ ਕਰ ਦੇਈਏ:

'ਧਰਮ, ਧਾਰਮਿਕ ਅੱਤਵਾਦ ਅਤੇ ਸੰਪਰਦਾਇਕਤਾ ਦੇ ਖਿਲਾਫ ਸਾਡਾ ਸੰਘਰਸ਼ ਜਾਰੀ ਰਹੇਗਾ ਅਤੇ ਸਾਨੂੰ ਯਕੀਨ ਹੈ ਕਿ ਬੰਦਿਸ਼ਾਂ ਨੂੰ ਦੂਰ ਕਰਦੇ ਹੋਏ ਅਸੀਂ ਅੱਗੇ ਹੀ ਵੱਧਦੇ ਜਾਵਾਂਗੇ'।

# ਮਾਈ ਇੰਡੀਆ ਬਨਾਮ ਮਾਈ ਚਵਾਇਸ

**-ਅਵਤਾਰ ਸਿੰਘ**



ਅਫ਼ਰੀਕਾ ਅਤੇ ਅਮਰੀਕਾ ਦੇ ਲੋਕਾਂ ਨੇ ਗ਼ੁਲਾਮੀ ਹੰਢਾਈ ਹੈ। ਇਹਨਾਂ ਮੁਲਕਾਂ ਵਿਚ ਮਾਲਕ, ਗੁਲਾਮਾਂ ਨੂੰ ਕਾਨੂੰਨੀ ਤੌਰ ’ਤੇ ਖ਼ਰੀਦ ਅਤੇ ਵੇਚ ਸਕਦੇ ਸਨ। ਮਾਲਕ ਆਪਣੀ ਮਰਜ਼ੀ ਦੇ ਘੰਟੇ ਗ਼ੁਲਾਮਾਂ ਤੋਂ ਕੰਮ ਲੈਂਦਾ ਸੀ ਅਤੇ ਉਹਨਾਂ ਨੂੰ ਸਿਰਫ਼ ਜੀਣ ਜੋਗਾ ਹੀ ਖਾਣ ਲਈ ਦਿੱਤਾ ਜਾਂਦਾ ਸੀ। ਇਸ ਸਥਿਤੀ ਵਿਚ ਉਥੇ ਗ਼ੁਲਾਮ ਔਰਤ ਦੀ ਦਸ਼ਾ ਗ਼ੁਲਾਮ ਮਰਦ ਦੇ ਮੁਕਾਬਲੇ ਜ਼ਿਆਦਾ ਤਰਸਯੋਗ ਸੀ ਕਿਉਂਕਿ ਔਰਤ ਦੀ ਆਰਥਿਕ ਲੁੱਟ ਦੇ ਨਾਲ-ਨਾਲ ਸਰੀਰਕ ਲੁੱਟ ਵੀ ਹੁੰਦੀ ਸੀ ਭਾਰਤ ਨੇ ਅਜਿਹੀ ਗ਼ੁਲਾਮੀ ਜਾਤੀਵਾਦ ਦੇ ਰੂਪ ’ਚ ਹੰਢਾਈ ਹੈ। ਦਾਸ-ਦਾਸੀਆਂ ਦੀ ਪ੍ਰਥਾ ਇਥੇ ਵੀ ਰਹੀ ਹੈ ਅਤੇ ਔਰਤ ਨੂੰ ਚੁੱਲੇ-ਚੌਕੇ ਤੱਕ ਅੱਜ ਵੀ ਸੀਮਤ ਕੀਤਾ ਜਾ ਰਿਹਾ ਹੈ। ਹੁਣ ਚੇਤੰਨ ਹੋ ਰਹੀ ਨਵੀਂ ਪੀੜ੍ਹੀ ਬੇਖ਼ੌਫ਼ ਆਜ਼ਾਦੀ ਦੀ ਮੰਗ ਕਰ ਰਹੀ ਹੈ।

ਪਿਛਲੇ ਦਿਨੀ ‘ਵੋਗ ਇੰਡੀਆ ਨਾਮੀ ਅੰਗਰੇਜ਼ੀ ਮੈਗਜ਼ੀਨ ਨੇ ਫ਼ਿਲਮ ਅਦਾਕਾਰ ਦੀਪਿਕਾ ਪਾਡੂਕੋਨ ਦੀ ਇੱਕ ਵੀਡੀਓ ‘ਮਾਈ ਚਵਾਇਸ (ਮੇਰੀ ਪਸੰਦ) ਯੂ-ਟਿਊਬ ਉਪਰ ਰੀਲਿਜ਼ ਕੀਤੀ ਹੈ ਜਿਸ ਵਿਚ ਦੀਪਿਕਾ ਪਾਡੂਕੋਨ ਔਰਤ ਦੇ ਰਹਿਣ ਸਹਿਣ, ਪਹਿਨਣ-ਹੰਢਾਉਣ ਤੋਂ ਲੈ ਕੇ ਸਰੀਰਕ ਸਬੰਧਾਂ ’ਚ ਉਸ ਦੀ ਖੁਲੀ ਅਜ਼ਾਦੀ ਦੀ ਵਕਾਲਤ ਕਰਦੀ ਹੈ। ਵੀਡੀਓ ਵਿਚ ਉਹ ਕਹਿੰਦੀ ਹੈ ਕਿ, ਮੇਰਾ ਸਰੀਰ, ਮੇਰਾ ਮਨ, ਮੇਰੀ ਪਸੰਦ, ਸਾਈਜ਼ ਜ਼ੀਰੋ ਜਾਂ ਸਾਈਜ਼ 50, ਮੇਰੀ ਪਸੰਦ... ਵਿਆਹ ਕਰਵਾਉਣਾ ਜਾਂ ਨਾ ਕਰਵਾਉਣਾ ਮੇਰੀ ਪਸੰਦ, ਵਿਆਹ ਤੋਂ ਪਹਿਲਾ ਸੈਕਸ ਕਰਨ ਜਾਂ ਵਿਆਹ ਤੋਂ ਬਾਅਦ ਬਾਹਰ ਸੈਕਸ ਕਰਨਾ ਜਾ ਸੈਕਸ ਨਾ ਕਰਨਾ ਵੀ ਮੇਰੀ ਪਸੰਦ....ਕਿਸੇ ਮਰਦ ਨੂੰ ਪਿਆਰ ਕਰਨਾ ਜਾਂ ਕਿਸੇ ਔਰਤ ਨੂੰ ਪਿਆਰ ਕਰਨ ਜਾਂ ਦੋਵਾਂ ਨੂੰ.. ਮੇਰੀ ਪਸੰਦ.... ਇਹ ਸਭ ਗੱਲਾਂ ਕਿਸੇ ਹੱਦ ਤੱਕ ਇੱਕ ਔਰਤ ਦੇ ਨਿੱਜੀ ਫੈਸਲਿਆਂ ਉਪਰ ਛੱਡੀਆਂ ਜਾ ਸਕਦੀਆਂ ਹਨ ਕਿ ਉਸ ਨੇ ਜ਼ਿੰਦਗੀ ਵਿਚ ਕੀ ਕਰਨਾ ਹੈ, ਕਿਸ ਨੂੰ ਪਿਆਰ ਕਰਨਾ ਹੈ ਜਾਂ ਕਿਸ ਨਾਲ ਵਿਆਹ ਕਰਵਾਉਣਾ ਹੈ। ਇਸ ਤਰ੍ਹਾਂ ਦੇ ਅਜ਼ਾਦ ਫੈਸਲਿਆਂ ਨਾਲ ਔਰਤ ਦੀ ਜ਼ਿੰਦਗੀ ਕਿੰਨ੍ਹੀ ਚਿੰਤਾ ਮੁਕਤ ਹੋ ਜਾਵੇਗੀ। ਸਮਾਜਿਕ, ਆਰਥਿਕ ਅਤੇ ਮਾਨਸਿਕ ਗ਼ੁਲਾਮੀ ਖ਼ਤਮ ਹੋ ਜਾਵੇਗੀ।ਕੀ ਅਜਿਹੇ ਵਿਚਾਰ ਦਿਮਾਗ ਵਿਚ ਆਉਂਦਿਆਂ ਹੀ ਇਹਨਾਂ ਨੂੰ ਲਾਗੂ ਕੀਤਾ ਜਾ ਸਕਦਾ ਹੈ ਜਾਂ ਅਜ਼ਾਦੀ ਐਨੀ ਅਸਾਨੀ ਨਾਲ ਮਿਲ ਜਾਵੇਗੀ? ਇਹਨਾਂ ਸਵਾਲਾਂ ਨੂੰ ਵਿਚਾਰਨਾਂ ਉਦੋਂ ਜ਼ਰੂਰੀ ਬਣ ਜਾਂਦਾ ਹੈ ਜਦੋਂ ਸਮਾਜ ਵਿਚ ਔਰਤ ਆਰਥਿਕ ਤੌਰ ’ਤੇ ਦੂਜਿਆ ਉਪਰ ਨਿਰਭਰ ਹੋਵੇ।

ਬੇਸ਼ੱਕ ਮਰਦ-ਔਰਤ ਦੋਵਾਂ ਨੂੰ ਆਪਣੀ ਜ਼ਿੰਦਗੀ ਦੇ ਫੈਸਲੇ ਖੁਦ ਲੈਣ ਅਤੇ ਆਪਣੇ ਢੰਗ ਨਾਲ ਜ਼ਿੰਦਗੀ ਜੀਣ ਦੀ ਸੁਤੰਤਰਤਾ ਹੋਣੀ ਚਾਹੀਦੀ ਹੈ ਪਰ ਜੋ ਗੱਲਾਂ ਜਾਂ ਮੰਗਾਂ ਰੱਖੀਆ ਜਾ ਰਹੀਆਂ ਨੇ ਕੀ ਉਹ ਨਿੱਜਵਾਦ ’ਚੋਂ ਪੈਦਾ ਹੋਏ ਉਚ ਮੱਧ ਵਰਗੀ ਸਵਾਦਾਂ ਦੀ ਗੱਲ ਨਹੀਂ ਹੈ? ਇਸ ਪੂਰੇ ਦ੍ਰਿਸ਼ ਵਿਚ ਜ਼ਿੰਮੇਵਾਰੀ ਕਿਤੇ ਵੀ ਦਿਖਾਈ ਨਹੀਂ ਦਿੰਦੀ, ਨਾ ਸਾਥੀ ਪ੍ਰਤੀ ਅਤੇ ਨਾ ਹੀ ਸਮਾਜ ਪ੍ਰਤੀ। ਸਾਡੇ ਮੁਲਕ ਵਿਚ ਜਿੱਥੇ ਔਰਤਾਂ ਦੀ ਸਾਰੀ-ਸਾਰੀ ਜ਼ਿੰਦਗੀ ਚੁੱਲਾ ਚੌਕਾ ਕਰਦਿਆਂ ਲੰਘ ਜਾਂਦੀ ਹੈ ਅਤੇ ਮੁੰਡਾ ਜੰਮਣਾ ਨੈਤਿਕ-ਸਮਾਜਿਕ ਫ਼ਰਜ਼ ਮੰਨਿਆਂ ਜਾਂਦਾ ਹੈ ਉਥੇ ਇਸ ਵੀਡੀਓ ਵਿਚ ਬੱਚਾ ਜੰਮਣਾ ਜਾਂ ਨਾ ਜੰਮਣਾ ਸਿਰਫ ਪਸੰਦ ਵਿਚ ਰੱਖ ਦਿੱਤਾ ਗਿਆ ਹੈ ਜੋ ਐਨਾ ਸਧਾਰਨ ਮੁੱਦਾ ਨਹੀਂ।ਇਥੇ ਔਰਤਾਂ ਬੱਚਾ ਨਾ ਹੋਣ ਦੀ ਹਾਲਤ ਵਿਚ 40-45 ਸਾਲ ਦੀ ਉਮਰ ਤੱਕ ਡਾਕਟਰਾਂ ਜਾਂ ਸਾਧਾਂ ਦੇ ਡੇਰਿਆਂ ਉਪਰ ਚੱਕਰ ਲਗਾਉਂਦੀਆਂ ਰਹਿੰਦੀਆਂ ਹਨ। ਧਾਰਮਿਕ ਕੱਟੜਪੰਥੀ ਤਾਂ ਉਂਝ ਹੀ ਔਰਤਾਂ ਨੂੰ ਬੱਚੇ ਪੈਦਾ ਕਰਨ ਦੀ ਮਸ਼ੀਨ ਸਮਝਦੇ ਹਨ। ਬੀ.ਜੇ.ਪੀ. ਦੇ ਸਾਂਸਦ ਸਾਕਸ਼ੀ ਮਹਾਰਾਜ ਦੇ ਇੱਕ ਰੈਲੀ ਵਿਚ ਬੋਲਦਿਆਂ ਕਿਹਾ ਸੀ ਕਿ ‘ਹਰੇਕ ਹਿੰਦੂ ਔਰਤ ਨੂੰ ਧਰਮ ਦੀ ਰੱਖਿਆ ਲਈ ਘੱਟੋ-ਘੱਟ ਚਾਰ ਬੱਚੇ ਪੈਦਾ ਕਰਨੇ ਚਾਹੀਦੇ ਹਨ।’ ਸਾਡੇ ਮਰਦ ਪ੍ਰਧਾਨ ਦੇਸ਼ ਵਿਚ ਜਦੋਂ ਕੋਈ ਕੁੜੀ ਆਪਣੀ ਮਰਜ਼ੀ ਨਾਲ ਵਿਆਹ ਕਰਵਾਉਣ ਦੀ ਗੱਲ ਕਰਦੀ ਹੈ ਤਾਂ ਫੋਕੀ ਅਣਖ ਖਾਤਰ ਜਾਂ ਅਣਖ ਦੇ ਨਾਂ ਉਪਰ ਕਤਲ ਕਰ ਦਿੱਤੇ ਜਾਂਦੇ ਹਨ। ਇਸ ਵੀਡੀਓ ਵਿਚ ਮਰਜ਼ੀ ਨਾਲ ਵਿਆਹ ਕਰਵਾਉਣ ਜਾਂ ਨਾ ਕਰਵਾਉਣ ਦੀ ਗੱਲ ਤਾਂ ਆਖੀ ਜਾ ਰਹੀ ਹੈ ਪਰ ਜਾਤ ਤੇ ਜਮਾਤ ਦਾ ਕਿਤੇ ਵੀ ਕੋਈ ਜ਼ਿਕਰ ਨਹੀਂ ਆਉਂਦਾ। ਵਿਆਹ ਵਰਗੇ ਰਿਸ਼ਤੇ ਇਸ ਮੁਲਕ ਵਿਚ ਜਾਤ ਅਤੇ ਜਮਾਤ ਨਾਲ ਤੈਅ ਹੁੰਦੇ ਹਨ। ਅੰਤਰ ਜਾਤੀ ਵਿਆਹ ਕਰਵਾਉਣ ਨਾਲ ਜਦੋਂ ਜਾਤ-ਪਾਤ ਦੇ ਢਾਂਚੇ ਉਪਰ ਕਰਾਰੀ ਸੱਟ ਵੱਜਦੀ ਹੈ ਤਾਂ ਵੱਡੇ-ਵੱਡੇ ਸਮਾਜ ਸੁਧਾਰਕਾਂ ਅਤੇ ਨੈਤਿਕਤਾ ਦਾ ਭਾਰ ਚੁੱਕੀ ਫਿਰਨ ਵਾਲਿਆਂ ਨੂੰ ਧਰਮ ਸੰਕਟ ਪੈ ਜਾਂਦਾ ਹੈ। ਜਦੋਂ ਅੰਤਰ ਜਮਾਤ ਜਾਂ ਕਹਿ ਲਵੋਂ ਗਰੀਬ ਅਤੇ ਅਮੀਰ ਕੁੜੀ ਮੁੰਡੇ ਦੇ ਵਿਆਹ ਦੀ ਗੱਲ ਆਉਂਦੀ ਹੈ ਤਾਂ ਹਰ ਇੱਕ ਨੂੰ ਸੁਨਣ ਵਿਚ ਕੁਝ ਅਜੀਬ ਜਿਹਾ ਲੱਗਦਾ ਹੈ। ਕਿਉਂਕਿ ਅੱਜ ਕੱਲ੍ਹ ਪਿਆਰ ਵਿਚ ਵੀ ਜਾਤ ਅਤੇ ਜਮਾਤ ਹੀ ਨਿਰਨਾਇਕ ਤੱਥ ਹੁੰਦੇ ਹਨ। ਦੂਜਾ ਇਸ ਲਈ ਸਮਾਜਿਕ ਕਦਰਾਂ ਕੀਮਤਾਂ ਵਾਲੀ ਕੰਧ ਵੀ ਟੱਪਣੀ ਪੈਂਦੀ ਹੈ ਜਿਸ ਲਈ ਸਮਝ ਅਤੇ ਦਲੇਰੀ ਦਾ ਹੋਣਾ ਵੀ ਜਰੂਰੀ ਹੁੰਦਾ ਹੈ।

ਜਿਸ ਦੇਸ ਵਿਚ ਰਾਜ ਕਰ ਰਹੀਆਂ ਪਾਰਟੀਆਂ ਦੇ ਨੇਤਾਵਾਂ ਵਿਚ ਕੁੱਟ ਕੁੱਟ ਕੇ ਨਸਲਵਾਦ, ਜਾਤੀਵਾਦ ਅਤੇ ਜਗੀਰੂ ਵਿਚਾਰ ਭਰੇ ਹੋਣ ਉਥੇ ਇਹ ਉਮੀਦ ਕਰਨੀ ਕਿ ਪਸੰਦ ਦੱਸਣ ਨਾਲ ਇੱਛਾ ਪੂਰੀ ਹੋ ਜਾਵੇਗੀ ‘ਅੱਲੜਪੁਣਾ’ ਹੈ।ਕਾਂਗਰਸ ਪ੍ਰਧਾਨ ਸੋਨੀਆਂ ਗਾਂਧੀ ਨੂੰ ਉਹਨਾਂ ਦੇ ਵਿਦੇਸ਼ੀ ਹੋਣ ਕਰਕੇ ਹਮੇਸ਼ਾ ਹੀ ਨਿਸ਼ਾਨੇ ’ਤੇ ਰੱਖਿਆ ਜਾਂਦਾ ਹੈ।ਇਸ ਵੀਡੀਓ ਦੇ ਰੀਲੀਜ਼ ਹੋਣ ਤੋਂ ਕੁਝ ਦਿਨ ਬਾਅਦ ਹੀ ਭਾਜਪਾ ਦੇ ਇਕ ਕੇਂਦਰੀ ਮੰਤਰੀ ਗਿਰੀਰਾਜ ਸਿੰਘ ਦਾ ਬਿਆਨ ਆਉਂਦਾ ਹੈ ਕਿ, ਜੇਕਰ ਰਾਜੀਵ ਜੀ ਨੇ ਕਿਸੇ ਨਾਈਜੀਰੀਅਨ ਔਰਤ ਨਾਲ ਵਿਆਹ ਕਰਵਾਇਆ ਹੁੰਦਾ, ਗੋਰੀ ਚਮੜੀ ਨਾ ਹੁੰਦੀ, ਤਾਂ ਕੀ ਕਾਂਗਰਸ ਪਾਰਟੀ ਉਹਨਾਂ ਦੀ ਕਮਾਨ ਸਵੀਕਾਰ ਕਰਦੀ। ਇੱਕ ਔਰਤ, ਜੋ ਕਿ ਕਾਂਗਰਸ ਪਾਰਟੀ ਦੀ ਪ੍ਰਧਾਨ ਵੀ ਹੈ ਉਸ ਨੂੰ ਵੀ ਨਸਲਵਾਦੀ ਟਿੱਪਣੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਭਾਵੇਂ ਕਿ ਆਪਣੇ ਇਸ ਬਿਆਨ ਲਈ ਉਹਨਾਂ ਬਾਅਦ ਵਿਚ ਸੋਨੀਆਂ ਗਾਂਧੀ ਅਤੇ ਰਾਹੁਲ ਗਾਂਧੀ ਤੋਂ ਮੁਆਫ਼ੀ ਵੀ ਮੰਗੀ। ਉਹਨਾਂ ਸੋਨੀਆਂ ਗਾਂਧੀ ਅਤੇ ਰਾਹੁਲ ਗਾਂਧੀ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਣ ਦੀ ਹਾਲਤ ਵਿਚ ਮੁਆਫੀ ਦੀ ਗੱਲ ਆਖੀ ਹੈ ਨਾ ਕਿ ਨਾਈਜੀਰੀਆ ਵਾਸੀਆਂ ਉਪਰ ਕੀਤੀ ਗਈ ਨਸਲਵਾਦੀ ਟਿੱਪਣੀ ਕਰਕੇ।

‘ਦੀ ਹਿੰਦੂ’ ’ਚੋਂ ਬੀ.ਬੀ.ਸੀ. ਨਾਲ ਸਬੰਧਿਤ ਲੇਸਲੀ ਉਦਵਿਨ ਵੱਲੋਂ ਦਿੱਲੀ ਬਲਾਤਕਾਰ ਉਪਰ ਬਣਾਈ ਦਸਤਾਵੇਜ਼ੀ ਫ਼ਿਲਮ ‘ਇੰਡੀਆ’ਜ਼ ਡੌਟਰ’ ’ਤੇ ਭਾਰਤ ਸਰਕਾਰ ਵੱਲੋਂ ਪਾਬੰਦੀ ਲਗਾ ਦਿੱਤੀ ਗਈ। ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਪਾਰਲੀਮੈਂਟ ’ਚ ਬਿਆਨ ਦਿੱਤਾ ਕਿ, ਅਸੀਂ ਕਿਸੇ ਵੀ ਸੰਸਥਾ ਨੂੰ ਇਸ ਤਰ੍ਹਾਂ ਦੇ ਮੁੱਦਿਆਂ ਦਾ ਲਾਭ ਉਠਾਣ ਅਤੇ ਕਾਰੋਬਾਰੀ ਮੰਤਵ ਲਈ ਵਰਤਨ ਦੀ ਆਗਿਆ ਨਹੀਂ ਦੇਵਾਂਗੇ। ਇਹ ਫ਼ਿਲਮ ਸਾਨੂੰ ਸਾਡੇ ਸਮਾਜ ਦਾ ਸ਼ੀਸ਼ਾ ਦਿਖਾਉਂਦੀ ਹੈ।ਸਾਡਾ ਸਮਾਜ ਜੋ ਸੋਚਦਾ ਹੈ ਉਹ ਹੀ ਇੱਕ ਬਲਾਤਕਾਰੀ ਸੋਚਦਾ ਹੈ।ਇਸ ਦਸਤਾਵੇਜੀ ਫ਼ਿਲਮ ਵਿਚ ਦੋਸ਼ੀ ਮੁਕੇਸ਼ ਸਿੰਘ ਕਹਿੰਦਾ ਹੈ ਕਿ, ‘ਕੋਈ ਵੀ ਸ਼ਰੀਫ ਕੁੜੀ ਰਾਤ ਨੂੰ ਨੌ ਵਜੇ ਇਕੱਲੀ ਬਾਹਰ ਨਹੀਂ ਜਾਂਦੀ’ ਅਗੇ ਉਹ ਕਹਿੰਦਾ ਹੈ ਕਿ, ਉਹ ਤਾਂ ਸਿਰਫ ਉਸ ਨੂੰ ਸਬਕ ਸਿਖਾਉਣਾ ਚਹੁੰਦੇ ਸੀ ਕਿ ਰਾਤ ਨੂੰ ਇੱਕ ਕੁੜੀ ਨੂੰ ਦੋਸਤ ਨਾਲ ਵੀ ਬਾਹਰ ਨਹੀਂ ਨਿਕਲਣਾ ਚਾਹੀਦਾ।ਹੁਣ ਜਦੋਂ ਮੁਕੇਸ਼ ਇਹ ਕਹਿ ਰਿਹਾ ਹੈ ਕਿ ਔਰਤਾਂ ਨੂੰ ਰਾਤ ਨੂੰ ਬਾਹਰ ਨਹੀਂ ਨਿੱਕਲਣਾ ਚਾਹੀਦੀ ਅਤੇ ਸਾਡੇ ਸਮਾਜ ਦੇ ਅਲੰਬਰਦਾਰ ਵੀ ਇਹੋ ਕਹਿ ਰਹੇ ਹਨ ਤਾਂ ਦੋਵਾਂ ਵਿਚ ਫਰਕ ਕੀ ਰਹਿ ਜਾਂਦਾ ਹੈ। ਔਰਤਾਂ ਨੂੰ ਸੁਰੱਖਿਆ ਦੇ ਨਾਂ ’ਤੇ ਅੰਦਰ ਵਾੜ ਦਿੱਤਾ ਜਾਂਦਾ ਹੈ ਜਦਕਿ ਦੀਪਿਕਾ ਦੀ ਵੀਡੀਓ ਦਾ ਕਲਿਪ ਕਹਿੰਦਾ ਹੈ ਕਿ, ਘਰ ਦੇਰ ਨਾਲ ਆਉਣਾ ’ ਮੇਰੀ ਚੋਣ ਹੈ।ਇਸ ਸਮਾਜ ਵਿਚ ਇਹ ਕਿਵੇਂ ਸੰਭਵ ਹੋਵੇ ਜਾਂ ਕਿਸ ਤਰੀਕੇ ਨਾਲ ਐਨੀ ਅਜ਼ਾਦੀ ਹਾਸਿਲ ਕਰਨੀ ਹੈ ਇਸ ਬਾਰੇ ਵੀਡੀਓ ਚੁੱਪ ਹੈ। ਮੀਡੀਆ ਵਿਚ ‘ਫੈਸ਼ਨ’ ਵੇਚਿਆ ਜਾਂਦਾ ਹੈ। ਗਰੀਬੀ-ਅਮੀਰੀ ਵੀ ਵੇਚੀ ਜਾਂਦੀ ਹੈ, ਸਮਾਜਿਕ ਆਰਥਿਕ ਮੁੱਦੇ ਵੇਚੇ ਜਾਂਦੇ ਹਨ। ਉਹ ਔਰਤ-ਮਰਦ ਦੀਆਂ ਭਾਵਨਾਵਾਂ ਨੂੰ ਵੀ ਮੰਗਾਂ ਅਤੇ ਇਛਾਵਾਂ ਦਾ ਰੂਪ ਦੇ ਕੇ ਵੇਚ ਸਕਦੇ ਹੈ। ਜਿਸ ਦੀ ਇੱਕ ਉਦਾਹਰਨ ਇਸ ਵੀਡੀਓ ਦੇ ਤੁਰੰਤ ਬਾਅਦ ਇਸੇ ਟਾਈਟਲ ਹੇਠ ਆਇਆ ਬ੍ਰੈਟ ਹਾਉਸ ਦਾ ਪੁਰਸ਼ ਤਰਜ਼ਮਾ ਹੈ ਮਾਈ ਚਵਾਇਸ ਮੇਲ ਵਰਜ਼ਨ। ਇਸ ਵਿਚ ਕਈ ਮਰਦ ਮਾਡਲ ਆਉਂਦੇ ਹਨ ਅਤੇ ਆਪਣੀ ਆਪਣੀ ਪਸੰਦ ਮੁਤਾਬਕ ਫੈਸਲੇ ਲੈਣ ਦੀ ਵਕਾਲਤ ਕਰਦੇ ਹਨ। ਉਹ ਕਹਿੰਦੇ ਹਨ, ਇਹ ਮੇਰਾ ਸਰੀਰ ਹੈ ਇਸ ਲਈ ਇਸ ਨਾਲ ਜੁੜੇ ਫੈਸਲੇ ਵੀ ਮੇਰੇ ਹਨ। ....ਮੈਂ ਪ੍ਰੇਮਿਕਾਵਾਂ ਬਦਲਦਾ ਰਹਾਂ, ਮੇਰੀ ਮਰਜੀ, ਮੇਰਾ ਘਰ, ਮੇਰੀ ਗੱਡੀ ਬਦਲਦੀ ਰਹੇ, ਪਰ ਤੇਰੇ ਪ੍ਰਤੀ ਮੇਰਾ ਪਿਆਰ ਹਮੇਸ਼ਾ ਲਈ ਰਹੇਗਾ। ਮੈਂ ਦੇਰ ਨਾਲ ਘਰ ਆਵਾ ਜਾਂ ਸਵੇਰੇ, ਕੀ ਫਰਕ ਪੈਂਦਾ? ਇਸ ਤਰ੍ਹਾਂ ਵਿਆਹ, ਪਿਆਰ ਅਤੇ ਜ਼ਿੰਦਗੀ ਦੀ ਹੋਰ ਮੌਜ ਮਸਤੀ ਦੀਆਂ ਗੱਲਾਂ ਪੁਰਸ਼ ਤਰਜਮੇ ਵਿਚ ਵੀ ਕੀਤੀਆਂ ਗਈਆਂ ਹਨ।

ਨੌਜਵਾਨ ਮੁੰਡੇ-ਕੁੜੀਆਂ ਨੂੰ ਨਿੱਜਵਾਦ ਪਰੋਸਿਆ ਜਾ ਰਿਹਾ ਹੈ।ਜ਼ਿੰਦਗੀ ਦਾ ਅਰਥ ਸਿਰਫ਼ ਸਵਾਦ ਲੈਣਾ ਦਿਖਾਇਆ ਜਾ ਰਿਹਾ ਹੈ। ਪਿਆਰ, ਵਿਆਹ, ਬੱਚੇ ਅਤੇ ਗੱਡੀਆਂ ਆਪਣੀ ਮਰਜੀ ਨਾਲ ਮਾਨਣ ਦੀ ਗੱਲ ਕੀਤੀ ਜਾ ਰਹੀ ਹੈ। ਇਸ ਸਭ ਦੀ ਕਲਪਨਾ ਬਿਨ੍ਹਾਂ ਸਮਾਜ ਤੋਂ ਨਹੀਂ ਕੀਤੀ ਜਾ ਸਕਦੀ? ਜਦੋਂ ਸਾਡੇ ਸਮਾਜ ਦੇ ਬਹੁਤ ਸਾਰੇ ਰੰਗ ਹਨ ਤਾਂ ਨੌਜਵਾਨ ਮੁੰਡੇ ਕੁੜੀਆਂ ਨੂੰ ਦੂਜੇ ਧਰਮਾਂ, ਜਾਤਾਂ ਅਤੇ ਜਮਾਤਾਂ ਦੇ ਲੋਕਾਂ ਨਾਲ ਵੀ ਰਿਸ਼ਤੇ ਬਣਾ ਲੈਣੇ ਚਾਹੀਦੇ ਹਨ ਕਿਉਂਕਿ ਉਹ ਵੀ ਗੁਣਵਾਨ ਅਤੇ ਚੰਗੇ ਇਨਸਾਨ ਹੁੰਦੇ ਹਨ ਕੋਈ ਇੱਕ ਸਮੁਦਾਏ ਹੀ ਸਰਵ ਉਚ ਨਹੀਂ ਹੁੰਦਾ।ਜਦੋਂ ਤੱਕ ਇਸ ਮੁਲਕ ਵਿਚ ਉਚ ਨੀਚ, ਜਾਤ-ਪਾਤ, ਨਸਲਵਾਦ ਅਤੇ ਧਾਰਮਿਕ ਕੱਟੜਤਾ ਮੌਜੂਦ ਹੈ ਉਦੋਂ ਤੱਕ ਲਿੰਗ ਸਮਾਨਤਾ ਅਤੇ ਮਨੁੱਖਾਂ ਦੇ ਬਰਾਬਰ ਸਤਿਕਾਰ ਦੀ ਕਲਪਨਾ ਕਿਵੇਂ ਕੀਤੀ ਜਾ ਸਕਦੀ ਹੈ? ਮਨੁੱਖ ਦੇ ਉਸ ਸੁਪਨੇ ਨੂੰ ਸਲਾਮ ਕਰਨਾ ਬਣਦਾ ਹੈ ਜਿਸ ਵਿਚ ਔਰਤ-ਮਰਦ ਬਰਾਬਰ ਹੋਣ ਅਤੇ ਬਿਨ੍ਹਾਂ ਕਿਸੇ ਪਾਬੰਦੀ ਦੇ ਖ਼ੁੱਲ ਕੇ ਜੀਵਨ ਜੀਅ ਸਕਣ ਪਰ ਇਹ ਤਾਂ ਹੀ ਸੰਭਵ ਹੋਵੇਗਾ ਜੇਕਰ ਆਰਥਿਕ ਅਤੇ ਸਮਾਜਿਕ ਬਰਾਬਰੀ ਹੋਵੇਗੀ।



# ਮਜ਼ਦੂਰ ਜਮਾਤ ਦਾ ਸੱਭਿਆਚਾਰ



ਅਨੁਵਾਦ : ਰਣਜੀਤ ਲਹਿਰਾ

ਕੁੱਝ ਲੋਕਾਂ ਨੂੰ ਇਸ ਲੇਖ ਦੇ ਸਿਰਲੇਖ 'ਤੇ ਇਹ ਇਤਰਾਜ਼ ਹੋ ਸਕਦਾ ਹੈ ਕਿ ਕੀ ਮਜ਼ਦੂਰ ਜਮਾਤ ਦੇ ਸੱਭਿਆਚਾਰ ਵਰਗੀ ਕੋਈ ਚੀਜ਼ ਹੁੰਦੀ ਹੈ। ਸੱਭਿਆਚਾਰ ਤਾਂ ਬਸ ਸੱਭਿਆਚਾਰ ਹੁੰਦਾ ਹੈ। ਇਹ ਕਿਸੇ ਜਮਾਤ ਦਾ ਨਹੀਂ ਸਗੋਂ ਸਾਰੇ ਮਨੁੱਖਾਂ ਦਾ ਸੱਭਿਆਚਾਰ ਹੁੰਦਾ ਹੈ। ਇਹ ਮਨੁੱਖੀ ਸਮਾਜ ਦਾ ਸਾਂਝਾ ਸੱਭਿਆਚਾਰ ਹੁੰਦਾ ਹੈ। ਅਜਿਹੀ ਵੰਡ ਕਰਨੀ ਹੀ ਗ਼ਲਤ ਹੋਵੇਗੀ। ਉਸਦਾ ਕੋਈ ਜਮਾਤੀ ਖ਼ਾਸਾ ਨਹੀਂ ਹੁੰਦਾ ਸਾਨੂੰ ਕਿਸੇ ਜਮਾਤ-ਤਬਕੇ ਦੇ ਸੱਭਿਆਚਾਰ ਦੀ ਥਾਂ ਮਨੁੱਖੀ ਸੱਭਿਆਚਾਰ ਦੀ ਗੱਲ ਕਰਨੀ ਚਾਹੀਦੀ ਹੈ।

ਅਜਿਹੇ ਕੁੱਝ ਕੁ ਲੋਕਾਂ ਨੂੰ ਛੱਡ ਦਿੱਤਾ ਜਾਵੇ ਤਾਂ ਬਹੁਤੇ ਲੋਕ ਕਬੂਲ ਕਰਨਗੇ ਕਿ ਸੱਭਿਆਚਾਰ ਵੱਖ-ਵੱਖ ਕਿਸਮ ਦਾ ਹੁੰਦਾ ਹੈ। ਸਮਾਜ ਦੇ ਧੰਨਾ-ਸੇਠਾਂ ਦੀ ਹਾਕਮ ਜਮਾਤ ਦਾ ਸੱਭਿਆਚਾਰ ਇੱਕ ਹੁੰਦਾ ਹੈ, ਕਿਸਾਨਾਂ ਦਾ ਦੂਜੀ ਕਿਸਮ ਦਾ, ਆਦਿਵਾਸੀਆਂ ਦਾ ਤੀਜੀ ਕਿਸਮ ਦਾ ਅਤੇ ਮਜ਼ਦੂਰ ਜਮਾਤ ਦਾ ਚੌਥੀ ਕਿਸਮ ਦਾ। ਯਾਨੀ ਵੱਖ-ਵੱਖ ਜਮਾਤਾਂ-ਤਬਕਿਆਂ ਦਾ ਸੱਭਿਆਚਾਰ ਵੱਖੋ-ਵੱਖਰੀ ਕਿਸਮ ਦਾ ਹੁੰਦਾ ਹੈ। ਅਮੀਰ ਜਮਾਤ ਹੱਥੀਂ ਕਿਰਤ ਕਰਨ ਵਾਲਿਆਂ ਨੂੰ, ਮਿਹਨਤ ਕਰਨ ਵਾਲਿਆਂ ਨੂੰ ਘਟੀਆ ਨਜ਼ਰ ਨਾਲ ਦੇਖਦੀ ਹੈ। ਉਨ੍ਹਾਂ ਨੂੰ ਅਸੱਭਿਆ, ਗੰਵਾਰ, ਹੀਣ ਤੇ ਮੂਰਖ ਸਮਝਦੀ ਹੈ। ਉਹ ਉਨ੍ਹਾਂ ਨੂੰ ਉਨ੍ਹਾਂ ਦੇ ਨਾਂ ਨਾਲ ਬਲਾਉਣ ਦੀ ਥਾਂ ਕੰਮ ਦੇ ਲਿਹਾਜ਼ ਨਾਲ ਸੰਬੋਧਿਤ ਕਰਦੀ ਹੈ, ਉਹ ਵੀ ਮਰਿਆਦਾ ਨੂੰ ਤਾਕ 'ਤੇ ਰੱਖ ਕੇ। ਡਰਾਈਵਰ, ਕੁਲੀ, ਧੋਬੀ ਆਮ ਸੰਬੋਧਨ ਹਨ। ਜਿੱਥੇ ਇੱਕ ਮਨੁੱਖ ਦੀ ਸਾਰੀ ਉਮਰ ਉਸਦਾ ਪੂਰਾ ਵਿਅਕਤੀਤਵ, ਉਸਦੀਆਂ ਖ਼ੂਬੀਆਂ, ਉਸ ਦੇ ਕੰਮ ਦੇ ਦੁਆਲੇ ਸਿਮਟ ਕੇ ਰਹਿ ਜਾਂਦੀਆਂ ਹਨ, ਜਿਨ੍ਹਾਂ ਨੂੰ ਅਮੀਰ ਸ਼੍ਰੇਣੀ ਨਖਿੱਧ ਸਮਝਦੀ ਹੈ। ਇਸਦੇ ਉਲਟ ਮਜ਼ਦੂਰ-ਕਿਸਾਨ, ਜਿਨ੍ਹਾਂ ਦੀ ਜ਼ਿੰਦਗੀ ਦਾ ਹਰ ਪਲ ਕਿਰਤ ਦੇ ਦੁਆਲੇ ਘੁੰਮਦਾ ਹੈ, ਦਾ ਸੱਭਿਆਚਾਰ ਵੱਖਰੇ ਸੁਭਾਓ ਦਾ ਹੁੰਦਾ ਹੈ। ਕਿਰਤ ਉਨ੍ਹਾਂ ਦੀ ਜ਼ਿੰਦਗੀ ਦਾ ਧੁਰਾ ਹੁੰਦੀ ਹੈ। ਸਰਮਾਏਦਾਰ ਜਮਾਤ ਦਾ ਆਧਾਰ ਨਿੱਜੀ ਜ਼ਾਇਦਾਦ ਅਤੇ ਉਸਦੇ ਆਧਾਰ 'ਤੇ ਬੇਰਹਿਮ ਸ਼ੋਸ਼ਣ ਹੁੰਦਾ ਹੈ। ਮਜ਼ਦੂਰ ਜਮਾਤ ਕੋਲ ਅਜਿਹੀ ਕੋਈ ਜਾਇਦਾਦ ਨਹੀਂ ਹੁੰਦੀ ਜਿਸਦੇ ਆਧਾਰ 'ਤੇ ਉਹ ਕਿਸੇ ਹੋਰ ਦਾ ਸ਼ੋਸ਼ਣ ਕਰ ਸਕੇ। ਜਿੱਥੇ ਸਰਮਾਏਦਾਰ ਜਮਾਤ ਲੁਟੇਰੀ ਜਮਾਤ ਹੁੰਦੀ ਹੈ ਉੱਥੇ ਮਜ਼ਦੂਰ ਜਮਾਤ ਸ਼ੋਸ਼ਿਤ ਜਮਾਤ ਹੁੰਦੀ ਹੈ। ਕਿਸਾਨਾਂ ਅਤੇ ਆਦਿਵਾਸੀਆਂ ਦਾ ਸੱਭਿਆਚਾਰ ਵੀ ਇਸ ਤਰ੍ਹਾਂ ਨਾਲ ਉਸ ਸੱਭਿਆਚਾਰ ਤੋਂ ਵੱਖਰਾ ਹੁੰਦਾ ਹੈ ਜਿਸਨੂੰ ਸਾਡੇ ਸਮਾਜ ਦੀ ਹਾਕਮ ਜਮਾਤ ਫੈਲਾ ਰਹੀ ਹੁੰਦੀ ਹੈ। ਉਸ ਵਿੱਚ ਅਨੇਕਾਂ ਗੱਲਾਂ ਅਜਿਹੀਆਂ ਹੁੰਦੀਆਂ ਹਨ ਜੋ ਹਾਕਮ ਜਮਾਤ ਦੇ ਸੱਭਿਆਚਾਰ ਵਿੱਚ ਨਹੀਂ ਹੋ ਸਕਦੀਆਂ। ਕਿਸਾਨਾਂ-ਆਦਿਵਾਸੀਆਂ ਦੇ ਗੀਤਾਂ-ਨਾਚਾਂ ਵਿੱਚ ਅਕਸਰ ਹੀ ਪੈਦਾਵਾਰੀ ਸਰਗਰਮੀਆਂ ਦੀ ਛਾਪ ਹੁੰਦੀ ਹੈ। ਸਾਫ਼ਗੋਈ, ਸਹਿਜਤਾ, ਸਮੂਹਿਕਤਾ ਵਰਗੀਆਂ ਕਦਰਾਂ-ਕੀਮਤਾਂ ਨੂੰ, ਇਨ੍ਹਾਂ ਨਾਚਾਂ-ਗੀਤਾਂ ਵਿੱਚ ਸੌਖਿਆਂ ਹੀ ਦੇਖਿਆ ਜਾ ਸਕਦਾ ਹੈ।

ਇੰਝ ਸੱਭਿਆਚਾਰ ਦਾ ਖ਼ਾਸਾ ਇਸ ਗੱਲ ਨਾਲ ਤਹਿ ਹੁੰਦਾ ਹੈ ਕਿ ਕਿਸੇ ਜਮਾਤ ਦਾ ਸਮਾਜ ਦੀ ਸਭ ਤੋਂ ਬੁਨਿਆਦੀ ਸਰਗਰਮੀ, ਪੈਦਾਵਾਰ, ਨਾਲ ਕੀ ਲੈਣਾ-ਦੇਣਾ ਹੈ। ਉਹ ਪੈਦਾਵਾਰ ਦੀ ਸਰਗਰਮੀ ਵਿੱਚ ਹਿੱਸਾ ਲੈਂਦੀ ਹੈ ਜਾਂ ਉਹ ਹੋਰਨਾਂ ਤੋਂ ਪੈਦਾਵਾਰ ਕਰਵਾਉਂਦੀ ਹੈ। ਉਹ ਖ਼ੁਦ ਦੀ ਮਿਹਨਤ 'ਤੇ ਜਿਉਂਦੀ ਹੈ ਜਾਂ ਦੂਸਰਿਆਂ ਦੀ ਮਿਹਨਤ ਨੂੰ ਹੜੱਪ ਕੇ ਪਲਦੀ ਹੈ। ਉਹ ਫੈਕਟਰੀ ਦੀ ਮਾਲਕ ਹੈ ਜਾਂ ਫੈਕਟਰੀ 'ਚ ਕੰਮ ਕਰਨ ਵਾਲਾ ਮਜ਼ਦੂਰ ਹੈ। ਉਹ ਖੇਤ ਦੀ ਮਾਲਕ ਹੈ ਜਾਂ ਖੇਤ ਵਿੱਚ ਕੰਮ ਕਰਨ ਵਾਲਾ ਮਜ਼ਦੂਰ। ਉਹ ਖ਼ੁਦ ਜਾਲ ਉਠਾਕੇ ਸਮੁੰਦਰ 'ਚੋਂ ਮੱਛੀ ਫੜਨ ਵਾਲਾ ਮਛੇਰਾ ਹੈ ਜਾਂ ਸਮੁੰਦਰ ਵਿੱਚ ਜਹਾਜ਼ ਦੇ ਜ਼ਰੀਏ ਮੱਛੀ ਪਕੜਨ ਵਾਲੀ ਕਿਸੇ ਕੰਪਨੀ ਦਾ ਮਜ਼ਦੂਰ। ਯਾਨੀ ਪੈਦਾਵਾਰ ਦੀ ਸਰਗਰਮੀ ਨਾਲ ਉਸਦਾ ਸਬੰਧ ਕਿਹੋ-ਜਿਹਾ ਹੈ? ਉਹ ਪੈਦਾਵਾਰ ਦੇ ਸਾਧਨਾਂ ਫੈਕਟਰੀਆਂ, ਕਲ-ਕਾਰਖ਼ਾਨਿਆਂ, ਖੇਤਾਂ ਆਦਿ ਦਾ ਮਾਲਕ ਹੈ ਜਾਂ ਕਿ ਉਹ ਇਨ੍ਹਾਂ ਸਾਧਨਾਂ ਵਿੱਚ ਕੰਮ ਕਰਨ ਵਾਲਾ ਮਜ਼ਦੂਰ? ਉਹ ਸਰਮਾਏਦਾਰ ਜਮਾਤ ਦਾ ਮੈਂਬਰ ਹੈ ਜਾਂ ਮਜ਼ਦੂਰ ਜਮਾਤ ਦਾ?

ਸਰਮਾਏਦਾਰ ਜਮਾਤ ਅਤੇ ਮਜ਼ਦੂਰ ਜਮਾਤ ਤੋਂ ਸਾਡੇ ਸਮਾਜ ਦੀਆਂ ਹੋਰਨਾਂ ਜਮਾਤਾਂ ਯਾਨੀ ਕਿਸਾਨ, ਦਸਤਕਾਰ, ਬੁੱਧੀਜੀਵੀ ਵਰਗ, ਛੋਟੇ ਦੁਕਾਨਦਾਰਾਂ ਦੀ ਹਾਲਤ ਸਰਮਾਏਦਾਰੀ ਤੇ ਮਜ਼ਦੂਰ ਜਮਾਤ ਤੋਂ ਵੱਖਰੀ ਹੁੰਦੀ ਹੈ। ਉਹ ਨਾ ਤਾਂ ਸਰਮਾਏਦਾਰ ਜਮਾਤ ਵਾਂਗ ਨਾ ਤਾਂ ਦੂਜਿਆਂ ਦੇ ਸ਼ੋਸ਼ਣ 'ਤੇ ਜਿਉਂਦੀਆਂ ਹਨ ਅਤੇ ਨਾ ਹੀ ਮਜ਼ਦੂਰ ਜਮਾਤ ਵਾਂਗ ਪੈਦਾਵਾਰ ਦੇ ਸਾਧਨਾਂ ਤੋਂ ਬਿਲਕੁੱਲ ਵਾਂਝੇ ਹੁੰਦੀਆਂ ਹਨ। ਉਨ੍ਹਾਂ ਕੋਲ ਜ਼ਮੀਨ ਦਾ ਟੁੱਕੜਾ ਜਾਂ ਅਜਿਹੇ ਕੁੱਝ ਪੈਦਾਵਾਰ ਦੇ ਸਾਧਨ ਹੁੰਦੇ ਹਨ ਜਿਨ੍ਹਾਂ 'ਤੇ ਉਹ ਆਪਣੀ ਮਿਹਨਤ ਨਾਲ ਕਰਨ ਵਾਲੀਆਂ ਜਮਾਤਾਂ ਦਾ ਸਰਮਾਏਦਾਰ ਜਾਂ ਹਾਕਮ ਜਮਾਤ ਨਾਲ ਰਿਸ਼ਤਾ ਸ਼ਾਸ਼ਕ-ਸ਼ੋਸ਼ਿਤ ਦਾ ਹੁੰਦਾ ਹੈ, ਸ਼ੋਸ਼ਕ-ਸ਼ੋਸ਼ਿਤ ਦਾ ਹੁੰਦਾ ਹੈ। ਬੁੱਧੀਜੀਵੀ ਜਮਾਤ ਦਾ ਆਮ ਹਿੱਸਾ ਵੀ ਮਿਹਨਤਕਸ਼ਾਂ ਵਾਂਗ ਹੁੰਦਾ ਹੈ। ਹਾਲਾਂ ਕਿ ਇਸਦਾ ਇੱਕ ਖ਼ਾਸ ਹਿੱਸਾ, ਜਿਹੜਾ ਕਿ ਇਸਦਾ ਓਪਰੀ ਹਿੱਸੇ ਦਾ ਹੁੰਦਾ ਹੈ ਸਰਮਾਏਦਾਰ ਜਮਾਤ ਦੇ ਮੈਂਬਰਾਂ ਜਿਹੀ ਜ਼ਿੰਦਗੀ ਬਤੀਤ ਕਰਦਾ ਹੈ ਅਤੇ ਇਸ ਜਮਾਤ ਦੇ ਮੈਂਬਰਾਂ ਵਾਂਗ ਵਰਤਾਓ ਕਰਦਾ ਹੈ।

ਇਸ ਤਰ੍ਹਾਂ ਨਾਲ ਦੇਖੀਏ ਤਾਂ ਹਰ ਜਮਾਤ ਦੇ ਰਹਿਣ-ਸਹਿਣ, ਖਾਣ-ਪੀਣ, ਪੜ੍ਹਾਈ-ਲਿਖਾਈ, ਵਰਤੋਂ-ਵਿਹਾਰ, ਪਹਿਨਣ-ਪਚਰਨ, ਵਿਚਾਰਾਂ-ਧਾਰਨਾਵਾਂ, ਛੁੱਟੀ ਮਾਣਨ ਤੇ ਮਨ ਪ੍ਰਚਾਵੇ ਦੇ ਤੌਰ-ਤਰੀਕੇ ਆਦਿ ਵੱਖੋ-ਵੱਖ ਹੁੰਦੇ ਹਨ। ਇਹ ਸਭ ਮਿਲ ਕੇ ਹੀ ਸੱਭਿਆਚਾਰ ਦਾ ਮੁਹਾਂਦਰਾ ਘੜਦੇ ਹਨ। ਮਜ਼ਦੂਰ ਜਮਾਤ ਦਾ ਰਹਿਣ-ਸਹਿਣ, ਖਾਣ-ਪੀਣ ਆਦਿ ਸਰਮਾਏਦਾਰ ਜਮਾਤ ਤੋਂ ਵੱਖਰੇ ਹੁੰਦੇ ਹਨ। ਜਦੋਂਕਿ ਮਜ਼ਦੂਰ ਜਮਾਤ ਨੂੰ ਵਿਹਲ ਅਸਾਨੀ ਨਾਲ ਨਹੀਂ ਮਿਲਦੀ ਅਤੇ ਮਨੋਰੰਜਨ ਦੇ ਨਾਂ 'ਤੇ ਬੇਹੱਦ ਫੂਹੜ ਸਾਧਨ ਹੀ ਸਰਮਾਏਦਾਰੀ ਤੋਂ ਹਾਸਿਲ ਹੋ ਪਾਉਂਦੇ ਹਨ। ਘੱਟ-ਵੱਧ ਰੂਪ 'ਚ ਇਹੋ ਹਾਲਤ ਸਮਾਜ ਦੇ ਹੋਰਨਾਂ ਮਿਹਨਤਕਸ਼ ਲੋਕਾਂ ਦੀ ਹੁੰਦੀ ਹੈ। ਉਹ ਅਨੇਕਾਂ ਚੀਜ਼ਾਂ ਤੋਂ ਵਾਂਝੇ ਹੁੰਦੇ ਹਨ। ਸਰਮਾਏਦਾਰ ਸਮਾਜ ਵਿੱਚ ਕਿਉਂਕਿ ਸਮਾਜ ਦੇ ਪੈਦਾਵਾਰੀ ਸਾਧਨਾਂ 'ਤੇ ਸਰਮਾਏਦਾਰ ਜਮਾਤ ਕਬਜ਼ਾ ਹੁੰਦੀ ਹੈ ਇਸ ਲਈ ਸੁਭਾਵਿਕ ਤੌਰ 'ਤੇ ਉਹ ਇਸ ਹਾਲਤ ਵਿੱਚ ਹੁੰਦੀ ਹੈ ਕਿ ਉਸਦਾ ਸੱਭਿਆਚਾਰ ਸਮਾਜ ਵਿੱਚ ਭਾਰੂ ਹਾਲਤ ਵਿੱਚ ਹੋਵੇ। ਕਿਉਂ ਜੋ ਉਹ ਸਮਾਜ ਦੀ ਹਾਕਮ ਜਮਾਤ ਹੁੰਦੀ ਹੈ ਇਸ ਲਈ ਹਰ ਪਾਸੇ ਉਸੇ ਦੇ ਸੱਭਿਆਚਾਰ ਦਾ ਬੋਲਬਾਲਾ ਹੁੰਦਾ ਹੈ। ਉਸਦੇ ਹਿੱਤਾਂ ਦੇ ਅਨੁਸਾਰੀ ਹੀ ਸਿੱਖਿਆ ਹੁੰਦੀ ਹੈ। ਉਸ ਦੇ ਹਿੱਤਾਂ ਨੂੰ ਮੀਡੀਆ ਤੇ ਮਨ ਪ੍ਰਚਾਵੇ ਦੇ ਸਾਧਨ ਬੇਹੱਦ ਸੂਖਮਤਾ ਤੇ ਚਲਾਕੀ ਨਾਲ ਸਾਧਦੇ ਹਨ। ਵਿੱਦਿਅਕ ਢਾਂਚੇ ਤੋਂ ਲੈ ਕੇ ਮੀਡੀਆ ਤੱਕ, ਸਰਕਾਰ ਤੋਂ ਲੈ ਕੇ ਅਦਾਲਤਾਂ ਤੱਕ, ਸਰਮਾਏਦਾਰ ਜਮਾਤ ਦੇ ਹਿੱਤਾਂ ਨੂੰ ਪੂਰੇ ਸਮਾਜ ਦੇ ਹਿੱਤ ਦੱਸ ਕੇ ਪ੍ਰਚਾਰਦੇ ਹਨ। ਇਸੇ ਤਰ੍ਹਾਂ ਸਰਮਾਏਦਾਰ ਜਮਾਤ ਦੇ ਸੱਭਿਆਚਾਰ ਨੂੰ ਇਹ ਸਾਧਨ ਸਮਾਜ ਦੇ ਆਮ ਸੱਭਿਆਚਾਰ ਦਾ ਦਰਜਾ ਦਿੰਦੇ ਹਨ। ਇਹ ਸਾਧਨ ਅਜਿਹਾ ਇਸ ਲਈ ਕਰਦੇ ਹਨ ਕਿਉਂਕਿ ਇਨ੍ਹਾਂ ਸਾਧਨਾਂ 'ਤੇ ਸਰਮਾਏਦਾਰੀ ਜਮਾਤ ਦਾ ਨਿੱਜੀ ਜਾਂ ਉਸਦੀ ਸਰਕਾਰ ਦਾ ਕਬਜ਼ਾ ਹੁੰਦਾ ਹੈ ਅਤੇ ਇਨ੍ਹਾਂ ਸਾਧਨਾਂ ਵਿੱਚ ਕੰਮ ਕਰਨ ਵਾਲੇ ਲੋਕ ਉਸਦੇ ਜਾਂ ਉਸਦੀ ਸਰਕਾਰ ਦੇ ਨੌਕਰ ਹੁੰਦੇ ਹਨ। ਉਨ੍ਹਾਂ ਦੀ ਕੋਈ ਨਿੱਜੀ ਇੱਛਾ ਜਾਂ ਪ੍ਰਗਟਾਵਾ ਨਹੀਂ ਹੁੰਦਾ। ਟੈਲੀਵਿਜ਼ਨ ਦੇ ਕਿਸੇ ਮੁਲਾਜ਼ਮ ਖ਼ਬਰਚੀ ਨੇ ਉਹ ਕੁੱਝ ਬੋਲਣਾ ਹੁੰਦਾ ਹੈ, ਜੋ ਉਸ ਤੋਂ ਬੁਲਵਾਇਆ ਜਾਂਦਾ ਹੈ। ਕਿਸੇ ਅਖ਼ਬਾਰ ਦਾ ਪੱਤਰਕਾਰ ਉਹੀ ਲਿਖਦਾ ਹੈ ਜੋ ਉਸ ਤੋਂ ਲਿਖਵਾਇਆ ਜਾਂਦਾ ਹੈ। ਜਾਂ ਇਸਦਾ ਉਲਟਾ ਜੇਕਰ ਉਹ ਜ਼ਿੰਦਾ ਰਹਿਣਾ ਚਾਹੁੰਦਾ ਹੈ, ਆਪਣੀ ਰੋਟੀ ਕਮਾਉਣੀ ਚਾਹੁੰਦਾ ਹੈ ਤਾਂ ਉਸਨੂੰ ਉਹੋ ਕੁੱਝ ਲਿਖਣਾ ਹੁੰਦਾ ਹੈ ਜੋ ਛਪ ਸਕੇ ਅਤੇ ਬਿਰਲਾ ਜੀ ਦੇ ਅਖ਼ਬਾਰ 'ਚ ਉਹੋ ਕੁੱਝ ਛਪੇਗਾ ਜੋ ਬਿਰਲਾ ਜੀ ਚਾਹੇਗਾ। ਬਿਰਲਾ ਜੀ ਉਹੋ ਛਾਪਣਗੇ ਜੋ ਬਾਜ਼ਾਰ ਵਿੱਚ ਵਿਕੇ ਅਤੇ ਉਸਦੀ ਨਿੱਜੀ ਜਾਇਦਾਦ ਵਿੱਚ, ਉਸਦੇ ਮੁਨਾਫ਼ੇ ਵਿੱਚ ਵਾਧਾ ਕਰੇ।

ਇੰਝ ਸਰਮਾਏਦਾਰੀ ਜਮਾਤ ਦੇ ਸੱਭਿਆਚਾਰ ਦੇ ਕੇਂਦਰ ਵਿੱਚ ਹੁੰਦੇ ਹਨ ਨਿੱਜੀ ਜਾਇਦਾਦ ਤੇ ਮੁਨਾਫ਼ੇ। ਸੱਭਿਅਕ ਹੋਣ ਦਾ ਭਾਵ ਹੈ ਨਿੱਜੀ ਜਾਇਦਾਦ ਦਾ ਮਾਲਕ ਹੋਣਾ। ਜਿੰਨੀ ਜ਼ਿਆਦਾ ਨਿੱਜੀ ਜਾਇਦਾਦ ਓਨਾ ਹੀ ਸੱਭਿਆਚਾਰਕ। ਜਿੰਨਾ ਅੰਬਾਰ ਜਾਇਦਾਦ ਦਾ, ਓਨਾ ਹੀ ਉੱਚਾ ਵਿਅਕਤੀਤਵ। ਜੇਕਰ ਪੱਲੇ ਪੈਸਾ ਨਹੀਂ ਹੈ ਤਾਂ ਸਰਮਾਏਦਾਰਾ ਸਮਾਜ ਵਿੱਚ ਤੁਹਾਡਾ ਕੋਈ ਵਿਅਕਤੀਤਵ ਨਹੀਂ। 'ਵਿਅਕਤੀਤਵ-ਹੀਣ' ਵਿਅਕਤੀ ਦਾ ਵਿਅਤਕੀਤਵ ਉਦੋਂ ਹੀ ਬਣ ਸਕਦਾ ਹੈ ਜਦੋਂ ਉਹ ਪੈਸਾ ਕਮਾਵੇ। ਇਸ ਲਈ ਸਮਾਜ ਵਿੱਚ ਹਰ ਵਿਅਕਤੀ ਦਾ ਟੀਚਾ ਪੈਸਾ ਕਮਾਉਣਾ ਬਣਾ ਦਿੱਤਾ ਜਾਂਦਾ ਹੈ। ਇਹ ਕੰਮ ਪੂਰਾ ਸਮਾਜ ਕਰਦਾ ਹੈ। ਉਸਨੂੰ ਘਰ ਤੋਂ ਲੈ ਕੇ ਸਕੂਲ ਤੱਕ ਇਹੋ ਪਾਠ ਪੜ੍ਹਾਇਆ ਜਾਂਦਾ ਹੈ। ਧਨੀ ਰਿਸ਼ਤੇਦਾਰ-ਗੁਆਂਢੀਆਂ ਦਾ ਜੀਵਨ ਅਤੇ ਕਿੱਸੇ ਉਸਦੇ ਸਾਹਮਣੇ ਆਦਰਸ਼ ਦੇ ਰੂਪ 'ਚ ਪੇਸ਼ ਕੀਤੇ ਜਾਂਦੇ ਹਨ। ਧਾਰਮਿਕ ਸੰਸਕਾਰ ਤਾਂ ਮਹਿਜ਼ ਰਸਮੀ ਜਾਂ ਵੱਧ ਤੋਂ ਵੱਧ ਭੈਅ-ਵੱਸ ਦਿੱਤੇ ਜਾਂਦੇ ਹਨ, ਪਰ ਪੈਸੇ ਦਾ ਸੰਸਕਾਰ ਅਸਲੀ ਅਤੇ ਰੋਜ਼-ਬ-ਰੋਜ਼ ਹਰ ਪਲ ਰਟਾਇਆ ਜਾਂਦਾ ਹੈ। ਨਿੱਜੀ ਜਾਇਦਾਦ ਦਾ ਫ਼ਲਸਫ਼ਾ ਅਤੇ ਸੱਭਿਆਚਾਰ ਇਸ ਤਰ੍ਹਾਂ ਨਾਲ ਪੂਰੇ ਸਰਟਾਜ਼ ਵਿੱਚ ਆਪਣਾ ਤੰਦੂਆ ਜਾਲ ਫੈਲਾ ਜਾਂਦਾ ਹੈ। ਇਹ ਵਿਚਾਰ ਅਤੇ ਫ਼ਲਸਫ਼ਾ ਆਪਣੇ ਆਪ ਨੂੰ ਇਸ ਪ੍ਰਚੱਲਿਤ ਫ਼ਿਕਰੇ ਵਿੱਚ ਪ੍ਰਗਟ ਕਰਦਾ ਹੈ ਕਿ 'ਬਾਪ ਬੜਾ ਨਾ ਭਈਆ, ਸਭ ਸੇ ਬੜਾ ਰੁਪਈਆ।

ਸਰਮਾਏਦਾਰ ਜਮਾਤ ਦਾ ਸੱਭਿਆਚਾਰ ਅਤੇ ਉਸ ਤੋਂ ਪਹਿਲਾਂ ਦੇ ਜਗੀਰੂ ਤੇ ਮੱਧ ਯੁੱਗੀ ਸੱਭਿਆਚਾਰ ਵਿਚਕਾਰ ਅਤੀਤ ਵਿੱਚ ਕਾਫ਼ੀ ਤਿੱਖਾ ਸੰਘਰਸ਼ ਹੋਇਆ ਸੀ। ਜਦੋਂ ਜਗੀਰੂ ਸੱਭਿਆਚਾਰ ਦੀ ਚੌਧਰ ਟੁੱਟ ਗਈ ਤਾਂ ਸਰਮਾਏਦਾਰ ਸੱਭਿਆਚਾਰ ਨੇ ਉਸ ਦੀਆਂ ਉਨ੍ਹਾਂ ਸਭਨਾਂ ਗੱਲਾਂ ਨੂੰ ਅਪਨਾ ਲਿਆ ਜਿਹੜੀਆਂ ਉਸ ਦੇ ਹਿੱਤਾਂ ਨੂੰ ਸਾਧਨ ਲਈ ਚੰਗੀਆਂ ਸਨ। ਅਸਲ ਵਿੱਚ ਅਸਲੀ ਲੜਾਈ ਤਾਂ ਸਮਾਜਿਕ ਆਰਥਿਕ-ਪ੍ਰਬੰਧ ਦੇ ਖੇਤਰ ਵਿੱਚ ਹੋਈ ਸੀ। ਜਦੋਂ ਸਰਮਾਏਦਾਰ ਜਮਾਤ ਨੇ ਪੈਦਾਵਾਰ ਦੇ ਸਾਧਨਾਂ 'ਤੇ ਕਬਜ਼ਾ ਜਮਾਅ ਲਿਆ ਤਾਂ ਉਸਨੇ ਸਥਾਪਤ ਪੈਦਾਵਾਰੀ ਪ੍ਰਣਾਲੀ ਨੂੰ ਸਰਮਾਏਦਾਰਾ ਰੰਗ-ਢੰਗ ਦੇ ਦਿੱਤਾ। ਜਗੀਰਦਾਰਾਂ ਨੂੰ ਸੱਤ੍ਹਾ ਤੋਂ ਲਾਂਭੇ ਕਰਕੇ ਆਪਣੀ ਹਕੂਮਤ ਕਾਇਮ ਕਰ ਲਈ ਤਾਂ ਫਿਰ ਉਸਦੇ ਸੱਭਿਆਚਾਰ ਦੀ ਚੌਧਰ ਦਾ ਕੁੱਝ ਨਹੀਂ ਬਚਣਾ ਸੀ। ਉਸਨੇ ਪਿਛਾਂਹ ਹਟਣਾ ਸੀ। ਪਰ ਸ਼ਾਤਰ ਸਰਮਾਏਦਾਰ ਜਮਾਤ ਨੇ ਆਪਣੇ ਸ਼ੁਰੂਆਤੀ ਤਜ਼ਰਬਿਆਂ ਦੌਰਾਨ ਹੀ ਇਹ ਗੱਲ ਸਿੱਖ ਲਈ ਸੀ ਕਿ ਜਗੀਰੂ ਤੱਤਾਂ ਅਤੇ ਉਨ੍ਹਾਂ ਦੇ ਸੱਭਿਆਚਾਰ ਦਾ ਵਧੇਰੇ ਇਨਕਲਾਬੀ ਢੰਗ ਨਾਲ ਸਫਾਇਆ ਕਰਨ ਨਾਲ ਉਸਨੂੰ ਵੱਡਾ ਹਰਜਾ ਝੱਲਣਾ ਪਵੇਗਾ। ਸਭ ਤੋਂ ਵੱਡਾ ਘਾਟਾ ਤਾਂ ਇਹ ਝੱਲਣਾ ਪਵੇਗਾ ਕਿ ਸੱਤ੍ਹਾ 'ਤੇ ਮਜ਼ਦੂਰ-ਕਿਸਾਨ-ਦਸਤਕਾਰ ਆਦਿ ਕਾਬਜ਼ ਹੋ ਜਾਣਗੇ। 1789 ਦੇ ਫਰਾਂਸੀਸੀ ਇਨਕਲਾਬ ਦੇ ਨਾਅਰੇ 'ਆਜ਼ਾਦੀ-ਬਰਾਬਰੀ-ਭਾਈਚਾਰੇ' ਨੂੰ ਫ਼ਰਾਂਸੀਸੀ ਇਨਕਲਾਬ ਤੋਂ ਬਾਅਦ ਕਿਸੇ ਵੀ ਸਰਮਾਏਦਾਰਾ ਇਨਕਲਾਬ ਵਿੱਚ ਓਨੇ ਜ਼ੋਰ-ਸ਼ੋਰ ਨਾਲ ਅਮਲੀ ਰੂਪ ਵਿੱਚ ਉਠਾਇਆ ਨਹੀਂ ਗਿਆ। ਸਰਮਾਏਦਾਰ ਜਮਾਤ ਨੇ ਮਜ਼ਦੂਰਾਂ-ਕਿਸਾਨਾਂ ਦੀ ਥਾਂ ਪਤਿਤ ਜਗੀਰੂ ਤੱਤਾਂ ਨਾਲ ਗੱਠਜੋੜ ਕਰਨਾ ਵਧੇਰੇ ਠੀਕ ਸਮਝਿਆ, ਅਜਿਹਾ ਹੀ ਉਸ ਨੇ ਉਸਦੇ ਪਤਿਤ ਧਾਰਮਿਕ ਮੱਧਯੁੱਗੀ ਜਗੀਰੂ ਸੱਭਿਆਚਾਰ ਨਾਲ ਕੀਤਾ। ਭਾਰਤ ਵਿੱਚ ਅਸੀਂ ਦੇਖਦੇ ਹਾਂ ਕਿ ਬਰਤਾਨਵੀ ਬਸਤੀਵਾਦੀਆਂ ਤੋਂ ਸੱਤ੍ਹਾ ਜਦੋਂ ਭਾਰਤੀ ਸਰਮਾਏਦਾਰ ਜ਼ਮਾਤ ਦੇ ਹੱਥਾਂ 'ਚ ਤਬਦੀਲ ਹੋਈ ਤਾਂ ਉਸਨੇ ਇਹੋ ਸਭ ਕੁੱਝ ਕੀਤਾ।

ਭਾਰਤ ਦੀ ਨਵੀਂ ਹਾਕਮ ਜਮਾਤ ਨੇ ਜਗੀਰੂ ਸਫੇਦਪੋਸ਼ਾਂ ਨਾਲ ਨਾ ਸਿਰਫ ਸੱਤਾ ਸਾਂਝੀ ਕੀਤੀ, ਉਨ੍ਹਾਂ ਨੂੰ ਲੰਮੇ ਅਰਸੇ ਤੱਕ ਪ੍ਰੀਵੀ-ਪਰਸ ਦਿੱਤੇ ਸਗੋਂ ਉਨ੍ਹਾਂ ਦੇ ਸੱਭਿਆਚਾਰ ਨੂੰ ਵੀ ਅੰਗੀਕਾਰ ਕਰ ਲਿਆ। ਲੱਭ-ਲੱਭ ਕੇ ਉਨ੍ਹਾਂ ਮੰਦਰਾਂ ਦੇ ਜਿੰਦੇ ਖੁੱਲ੍ਹਵਾਏ ਗਏ ਜੋ ਲੰਮੇ ਅਰਸੇ ਤੋਂ ਖੰਡਰ ਬਣਦੇ ਜਾ ਰਹੇ ਸਨ। ਸੋਮਨਾਥ ਦੇ ਮੰਦਰ ਤੋਂ ਸ਼ੁਰੂ ਹੋਈ ਇਹ ਯਾਤਰਾ ਬਾਬਰੀ ਮਸਜਿਦ ਦੀ ਤਬਾਹੀ ਤੱਕ ਜਾ ਪਹੁੰਚੀ। ਜਾਤੀਪਾਤੀ ਪ੍ਰਬੰਧ, ਛੂਤ-ਛਾਤ, ਔਰਤਾਂ ਦੀ ਬੇਪਤੀ ਤੇ ਉਨ੍ਹਾਂ ਦੇ ਹੱਕਾਂ ਦੀ ਬੇਹੁਰਮਤੀ, ਧਾਰਮਿਕ ਅੰਧਵਿਸ਼ਵਾਸ, ਦਾਜ ਦੀ ਪ੍ਰਥਾ ਵਰਗੀਆਂ ਤਮਾਮ ਸਮਾਜਿਕ ਬੁਰਾਈਆਂ ਨਾ ਸਿਰਫ਼ ਉਸਨੇ ਕਾਇਮ ਰੱਖੀਆਂ ਸਗੋਂ ਉਨ੍ਹਾਂ ਨੂੰ ਬਲ ਬਖ਼ਸ਼ਿਆ।

ਅੱਜ ਭਾਰਤੀ ਸਮਾਜ ਵਿੱਚ ਜਿਹੜਾ ਸੱਭਿਆਚਾਰ ਹਾਕਮ ਜਮਾਤ ਵੱਲੋਂ ਆਪਣੀ ਭਾਰੂ ਸਥਿਤੀ ਕਾਰਨ ਪਰੋਸਿਆ ਜਾ ਰਿਹਾ ਹੈ ਉਹ ਜਗੀਰੂ ਤੇ ਸਾਮਰਾਜਵਾਦੀ ਸੱਭਿਆਚਾਰ ਦਾ ਸਰਮਾਏਦਾਰਾ ਸੱਭਿਆਚਾਰ ਨਾਲ ਅਜੀਬ ਘਾਲਾ-ਮਾਲਾ ਹੈ। ਇਸਨੂੰ ਭਾਰਤੀ ਸਰਮਾਏਦਾਰਾ ਸੱਭਿਆਚਾਰ ਵੀ ਕਹਿ ਸਕਦੇ ਹਾਂ ਜਿਸ ਵਿੱਚ ਵੈਲੇਨਟਾਇਨ-ਡੇ ਤੋਂ ਲੈ ਕੇ ਕਰਵਾ-ਚੌਥ ਤੱਕ ਸਭ ਕੁੱਝ ਸ਼ਾਮਿਲ ਹੈ। ਰਥ 'ਤੇ ਸਵਾਰ, ਤਲਵਾਰ ਦੀ ਮੁੱਠ ਫੜੀਂ, ਮੁਕਟ ਪਹਿਲੇ ਹੋਏ, ਰੇਮੰਡ ਦੀ ਸੂਟ-ਟਾਈ ਪਹਿਨੀ ਭਾਰਤੀ ਲਾੜਾ ਇਸਦਾ ਸਭ ਤੋਂ ਮਜ਼ੇਦਾਰ ਨਮੂਨਾ ਹੈ। ਇਹ ਨਮੂਨਾ ਤੇ ਉਸਦਾ ਪਰਿਵਾਰ ਵੱਧ ਤੋਂ ਵੱਧ ਦਾਜ, ਉਹ ਵੀ ਬ੍ਰਾਂਡਿਡ ਕੰਪਨੀਆਂ ਦਾ, ਪ੍ਰਾਪਤ ਕਰਨ ਲਈ ਕਮੀਨਗੀ ਦੀ ਕਿਸੇ ਵੀ ਹੱਦ ਤੱਕ ਡਿੱਗ ਸਕਦਾ ਹੈ। ਇੱਥੋਂ ਤੱਕ ਕਿ ਆਪਣੀ ਦੁਲਹਨ ਨੂੰ ਅੱਗ ਦੀਆਂ ਲਪਟਾਂ ਹਵਾਲੇ ਵੀ ਕਰ ਸਕਦਾ ਹੈ। ਭਵਿੱਖ ਵਿੱਚ ਉਸਨੂੰ ਕਿਤੇ ਦਾਜ ਨਾ ਦੇਣਾ ਪੈ ਜਾਵੇ ਇਸ

ਲਈ ਮਾਸੂਮ ਕੰਨਿਆ ਭਰੂਣ ਦਾ ਕਤਲ ਵੀ ਕਰ ਸਕਦਾ ਹੈ। ਅਜਿਹੀਆਂ ਕਿੰਨੀਆਂ ਹੀ ਉਦਾਹਰਨਾਂ ਇਸ ਮਹਾਨ ਭਾਰਤੀ ਸਰਮਾਏਦਾਰਾ ਸੱਭਿਆਚਾਰ ਦੀਆਂ ਦਿੱਤੀਆਂ ਜਾ ਸਕਦੀਆਂ ਹਨ। ਇਸੇ ਸੱਭਿਆਚਾਰ ਦੇ ਕਸੀਦੇ ਦੇਸ਼ ਦੀ ਪਾਰਲੀਮੈਂਟ ਤੋਂ ਲੈ ਕੇ ਰੋਜ਼ਾਨਾ ਅਖ਼ਬਾਰਾਂ ਵਿੱਚ ਦਿਨ-ਰਾਤ ਕੱਢੇ ਜਾਂਦੇ ਹਨ। ਟੀ.ਵੀ, ਚੈਨਲ ਚੌਵੀ ਘੰਟੇ ਇਸ ਮਹਾਨ ਸੱਭਿਆਚਾਰ ਦੀਆਂ ਉਸਤਤੀਆਂ ਕਰ ਕਰ ਕੇ ਹਫ਼ ਜਾਂਦੇ ਹਨ।

ਅਜਿਹੇ ਘ੍ਰਿਣਤ ਸਰਮਾਏਦਾਰਾ ਸਮਾਜ ਵਿੱਚ ਮਜ਼ਦੂਰ ਜਮਾਤ ਦਾ ਸੱਭਿਆਚਾਰ ਸਭ ਤੋਂ ਪਹਿਲਾਂ ਵਿਦਰੋਹ ਦਾ ਸੱਭਿਆਚਾਰ ਹੀ ਹੋ ਸਕਦਾ ਹੈ। ਜਾਂ ਦੁਜੇ ਸ਼ਬਦਾਂ ਵਿੱਚ ਉਸਦੇ ਸੱਭਿਆਚਾਰ ਦਾ ਸਭ ਤੋਂ ਅਹਿਮ ਤੱਤ ਵਿਦਰੋਹ ਹੀ ਹੋ ਸਕਦਾ ਹੈ। ਯਾਨੀ ਇਸ ਗਲੇ-ਸੜੇ ਸੱਭਿਆਚਾਰ ਦੇ ਹਰ ਰੂਪ, ਹਰ ਤੱਤ ਨੂੰ ਉਸਨੂੰ ਨਿਸ਼ਾਨੇ 'ਤੇ ਲਿਆਉਣਾ ਪਵੇਗਾ। ਉਸਨੂੰ ਸਰਮਾਏਦਾਰਾ ਫ਼ਲਸਫੇ, ਵਿਚਾਰ, ਧਾਰਨਾਵਾਂ, ਰਹਿਣ-ਸਹਿਣ, ਸਿੱਖਿਆ-ਦੀਖਿਆ, ਗੀਤ-ਸੰਗੀਤ ਯਾਨੀ ਹਰ ਚੀਜ਼ ਨੂੰ ਆਪਣੇ ਨਿਸ਼ਾਨੇ ਦੀ ਮਾਰ ਹੇਠ ਲਿਆਉਣਾ ਹੋਵੇਗਾ। ਇਹ ਸਭ ਉਸ ਦੇ ਉਸ ਟੀਚੇ ਦਾ ਅੰਗ ਹੁੰਦਾ ਹੈ ਜਿਸ ਵਿੱਚ ਉਸਨੇ ਸਰਮਾਏਦਾਰ ਜਮਾਤ ਨੂੰ ਸੱਤ੍ਹਾ ਤੋਂ ਲਾਹ ਕੇ ਖ਼ੁਦ ਸੱਤ੍ਹਾ 'ਤੇ ਕਾਬਜ਼ ਹੋਣਾ ਚਾਹੀਦਾ ਹੈ। ਉਸ ਦਾ ਵਿਦਰੋਹ ਤਦ ਹੀ ਇੱਕ ਵੱਡੀ ਮੰਜ਼ਿਲ ਹਾਸਲ ਕਰ ਸਕਦਾ ਹੈ ਜੇਕਰ ਉਹ ਮਜ਼ਦੂਰ ਜਮਾਤ ਦੇ ਰਾਜ ਦੀ ਸਮਾਜਵਾਦ ਦੀ ਸਥਾਪਨਾ ਕਰਦਾ ਹੈ। ਸਮਾਜਵਾਦ ਦਾ ਮਜ਼ਦੂਰਾਂ ਦੇ ਕਾਜ਼ ਤੋਂ ਬਿਨਾਂ ਉੱਕਾ ਹੀ ਕੋਈ ਮਤਲਬ ਨਹੀਂ। ਮਜ਼ਦੂਰ ਜਮਾਤ ਦੇ ਇਸ ਰਾਜ ਵਿੱਚ ਉਸਦਾ ਸਭ ਤੋਂ ਨੇੜਲਾ ਸੰਗੀ ਛੋਟਾ ਕਿਸਾਨ ਹੁੰਦਾ ਹੈ। ਹੋਰ ਮਿਹਨਤਕਸ਼ ਜਮਾਤਾਂ ਨੂੰ ਵੀ ਇਸ ਰਾਜ ਵਿੱਚ ਉਚਿਤ ਥਾਂ ਦਿੱਤੀ ਜਾਂਦੀ ਹੈ ਪਰ ਲੁਟੇਰਿਆਂ-ਜ਼ਾਬਰਾਂ ਦਾ ਨਾਸ਼ ਕਰਨ ਲਈ ਹਰ ਸੰਭਵ ਕਦਮ ਉਠਾਏ ਜਾਂਦੇ ਹਨ। ਇਨ੍ਹਾਂ ਦਾ ਨਾਸ਼ ਕੀਤੇ ਬਗ਼ੈਰ ਮਨੁੱਖ ਜਾਤੀ ਦੀ ਸੁਰੱਖਿਆ ਕਰਨਾ ਵੀ ਸੰਭਵ ਨਹੀਂ ਹੈ।

ਜਿਵੇਂ ਸਰਮਾਏਦਾਰਾ ਸੱਭਿਆਚਾਰ ਦਾ ਤੱਤ-ਸਾਰ ਨਿੱਜੀ ਜਾਇਦਾਦ ਅਤੇ ਮੁਨਾਫ਼ਾ ਹੁੰਦਾ ਹੈ ਉਵੇਂ ਹੀ ਮਜ਼ਦੂਰ ਜਮਾਤ ਦੇ ਸੱਭਿਆਚਾਰ ਦਾ ਸਾਰ-ਤੱਤ ਕਿਰਤ ਹੁੰਦਾ ਹੈ ਅਤੇ ਅਸਲ ਵਿੱਚ ਇਹੋ ਮਾਨਵੀ ਸਾਰ-ਤੱਤ ਵੀ ਹੈ। ਇਹੋ ਮਨੁੱਖ ਦੇ ਸਾਰੇ ਸੱਭਿਆਚਾਰ ਦਾ ਸਾਰ ਹੈ। ਇਸ ਤਰ੍ਹਾਂ ਨਾਲ ਜੇਕਰ ਮਨੁੱਖ ਜਾਤੀ ਦੇ ਸਾਂਝੇ ਸੱਭਿਆਚਾਰ ਦੀ ਗੱਲ ਕੀਤੀ ਜਾਵੇ ਜਾਂ ਪੂਰੇ ਮਨੁੱਖੀ ਇਤਿਹਾਸ ਦਾ ਸਾਰ-ਤੱਤ ਕੱਢਿਆ ਜਾਵੇ ਤਾਂ ਉਹ ਆਪਣੇ ਆਪ ਨੂੰ ਮਜ਼ਦੂਰ ਜਮਾਤ ਦਾ ਸੱਭਿਆਚਾਰ ਮਨੁੱਖ ਜਾਤੀ ਦੀਆਂ ਸਭ ਤੋਂ ਉੱਤਮ ਚੀਜ਼ਾਂ ਨੂੰ ਆਪਣੇ ਅੰਦਰ ਸਮੋ ਕੇ ਬਿਲਕੁੱਲ ਇੱਕ ਨਵੇਂ ਤੇ ਅਮੀਰ ਸੱਭਿਆਚਾਰ ਦੀ ਸਿਰਜਣਾ ਕਰਦਾ ਹੈ ਅਤੇ ਇਸ ਦਿਸ਼ਾ 'ਚ ਨਿਰੰਤਰ ਅੱਗੇ ਵੱਧਦਾ ਹੈ। ਮਜ਼ਦੂਰ ਜਮਾਤ ਇਹ ਸਭ ਉਸ ਵਖਤ ਹੀ ਕਰ ਸਕਦੀ ਹੈ ਜਦੋਂ ਉਸ ਦਾ ਰਾਜ ਸੱਤ੍ਹਾ 'ਤੇ ਕਬਜ਼ਾ ਹੁੰਦਾ ਹੈ। ਪੈਦਾਵਾਰ ਦੇ ਸਾਧਨਾਂ ਨੂੰ ਉਹ ਆਪਣੇ ਕੰਟਰੋਲ 'ਚ ਕਰ ਲੈਂਦੀ ਹੈ। ਫਿਰ ਹੀ ਉਹ ਇਸ ਹਾਲਤ ਵਿੱਚ ਹੁੰਦੀ ਹੈ ਕਿ ਉਹ ਆਪਣੇ ਸੱਭਿਆਚਾਰ ਦਾ ਪ੍ਰਚਾਰ-ਪ੍ਰਸਾਰ ਕਰ ਸਕੇ। ਉਸਨੂੰ ਆਮ ਜਨ-ਜੀਵਨ ਦਾ ਹਿੱਸਾ ਬਣਾ ਸਕੇ। ਮਿਹਨਤ ਕਰਨ ਨੂੰ ਆਦਤ ਦਾ ਹਿੱਸਾ ਬਣਾ ਸਕੇ।

ਮਜ਼ਦੂਰ ਜਮਾਤ ਦਾ ਸੱਭਿਆਚਾਰ ਲੋਕ-ਸੱਭਿਆਚਾਰ ਦੇ ਸਭਨਾਂ ਉੱਚੀਆਂ-ਸੁੱਚੀਆਂ ਕਦਰਾਂ-ਕੀਮਤਾਂ ਤੇ ਰੂਪਾਂ ਨੂੰ ਆਤਮ-ਸਾਤ ਕਰ ਲੈਂਦਾ ਹੈ। ਕਿਸਾਨਾਂ, ਆਦਿਵਾਸੀਆਂ ਦੇ ਸੱਭਿਆਚਾਰ ਦੇ ਕਈ ਤੱਤ ਮਜ਼ਦੂਰ ਜਮਾਤ ਦੇ ਸੱਭਿਆਚਾਰ ਵਿੱਚ ਸਮਾ ਜਾਂਦੇ ਹਨ। ਅਜਿਹੇ ਤੱਤਾਂ ਵਿੱਚ ਮਿਹਨਤ ਨਾਲ ਜੁੜੇ ਮੁੱਲ, ਪੈਦਾਵਾਰ ਦੌਰਾਨ ਗਏ ਜਾਣ ਵਾਲੇ ਗੀਤ ਤੇ ਨਾਚ ਦੇ ਨਾਲ-ਨਾਲ ਸਮੂਹਿਕ ਦੀ ਭਾਵਨਾ ਆਦਿ ਲਿਆ ਜਾ ਸਕਦਾ ਹੈ। ਉਹ ਇਨ੍ਹਾਂ ਸੱਭਿਆਚਾਰਾਂ ਵਿੱਚ ਇੱਕ ਮੌਜੂਦ ਜਗੀਰੂ-ਧਾਰਮਿਕ ਮੱਧਯੁੱਗੀ ਤੇ ਹੋਰ ਗ਼ੈਰ-ਜਮਹੂਰੀ ਕਦਰਾਂ-ਕੀਮਤਾਂ ਨੂੰ ਤਿਆਗ ਕੇ ਚੰਗੇ ਤੱਤਾਂ ਨੂੰ ਆਤਮ-ਸਾਤ ਕਰ ਲੈਂਦੀ ਹੈ। ਅਜਿਹਾ ਕਰਦੇ ਹੋਏ ਉਹ ਸਭ ਤੋਂ ਪਹਿਲਾਂ ਇਨ੍ਹਾ ਨੂੰ ਸਰਮਾਏ ਦੇ ਚੁੰਗਲ ਤੋਂ ਮੁਕਤ ਕਰਦੀ ਹੈ। ਉਹ ਇਸ ਰੂਪ ਵਿੱਚ ਵਿਗਿਆਨ ਨੂੰ ਸਰਮਾਏ ਦੀ ਥਾਂ ਕਿਰਤ ਦੀ ਸੇਵਾ ਵਿੱਚ ਲਾਉਂਦੀ ਹੈ। ਇਸ ਤਰ੍ਹਾਂ ਨਾਲ ਵਿਗਿਆਨ ਮਿਹਨਤਕਸ਼ਾਂ ਦੀ ਜ਼ਿੰਦਗੀ ਤੇ ਫ਼ਲਸਫ਼ੇ ਦਾ ਅਨਿੱਖੜ ਹਿੱਸਾ ਬਣ ਜਾਂਦਾ ਹੈ। ਇਸੇ ਤਰ੍ਹਾਂ ਮਜ਼ਦੂਰ ਜਮਾਤ ਦਾ ਸੱਭਿਆਚਾਰ ਮਾਨਸਿਕ ਕਿਰਤ ਤੇ ਸਰੀਰਕ ਕਿਰਤ ਦੇ ਪਾੜੇ ਨੂੰ ਖ਼ਤਮ ਕਰਨ ਦੀ ਜ਼ੁੰਮੇਵਾਰੀ ਆਪਣੇ ਮੋਢਿਆਂ 'ਤੇ ਲੈਂਦਾ ਹੈ। ਉਹ ਬੁੱਧੀਜੀਵੀ ਵਰਗ ਦਾ ਸੁਭਾਓ ਬਦਲ ਕੇ ਉਸਨੂੰ ਮਨੁੱਖ ਜਾਤੀ ਦੀ ਸੇਵਾ ਕਰਨ ਦੇ ਉੱਤਮ ਗੁਣ ਨਾਲ ਲੈਸ ਕਰਦੀ ਹੈ। ਬੌਧਿਕ ਤਬਕਾ ਸਰਮਾਏ ਦੀ ਥਾਂ ਕਿਰਤ ਦੀ ਸੇਵਾ ਲਈ ਅੱਗੇ ਆਉਂਦਾ ਹੈ। ਖ਼ੁਦ ਮਜ਼ਦੂਰ ਤੇ ਮਿਹਨਤਕਸ਼ ਜਮਾਤ ਅੰਦਰੋਂ ਨਵੇਂ ਲੇਖਕ, ਕਲਾਕਾਰ, ਕਵੀ ਆਦਿ ਪੈਦਾ ਹੁੰਦੇ ਹਨ ਅਤੇ ਪਿਛਲੇ ਸਮਾਜ ਦੇ ਕਈ ਲੇਖਕ-ਪੱਤਰਕਾਰ ਆਦਿ ਆਪਣੇ-ਆਪ ਨੂੰ ਮਨੁੱਖ ਜਾਤੀ ਦੀ ਮੁਕਤੀ ਦੇ ਸੰਘਰਸ਼ ਨਾਲ ਜੋੜ ਲੈਂਦੇ ਹਨ ਅਤੇ ਉਹ ਮਜ਼ਦੂਰ ਜਮਾਤ ਦੇ ਗੂੜ੍ਹੇ ਸੰਗੀ ਬਣ ਜਾਂਦੇ ਹਨ।

('ਇਨਕਲਾਬੀ ਮਜ਼ਦੂਰ', ਵਿੱਚੋਂ ਧੰਨਵਾਦ ਸਹਿਤ )

# ਗੁਜਰਾਤ ਦਹਿਸ਼ਤਗਰਦੀ ਅਤੇ ਜਥੇਬੰਦਕ ਜੁਰਮ ਵਿਰੋਧੀ ਕਾਨੂੰਨ ਦੀ ਪਿਠ ਭੂਮੀ

**ਪ੍ਰਿਤਪਾਲ ਮੰਡੀਕਲਾਂ**

ਪਿਛਲੇ ਦਿਨੀਂ ਗੁਜਰਾਤ ਸਰਕਾਰ ਨੇ ਕਾਲੇ ਕਾਨੂੰਨਾਂ ਦੀ ਲੜੀ 'ਚ ਵਾਧਾ ਕਰਦਿਆਂ ਇਸ ਵਿੱਚ 'ਗੁਜਰਾਤ ਦਹਿਸ਼ਤਗਰਦੀ ਅਤੇ ਜਥੇਬੰਦਕ ਜੁਰਮ ਵਿਰੋਧੀ ਕਾਨੂੰਨ' ਨਾਮੀ ਇੱਕ ਹੋਰ ਕਾਲਾ ਕਾਨੂੰਨ ਜੋੜ ਦਿੱਤਾ ਹੈ। ਪੁਲਿਸ ਅੱਗੇ ਦਿੱਤਾ ਗਿਆ ਇਕਬਾਲੀਆ ਬਿਆਨ ਅਤੇ ਪੁਲੀਸ ਦੁਆਰਾ ਫੜੇ ਗਏ ਟੈਲੀਫੋਨਿਕ, ਬਿਜਲਈ ਜਾਂ ਜ਼ਬਾਨੀ ਵਾਰਤਾਲਾਪ ਨੂੰ ਅਦਾਲਤ ਵਿੱਚ ਸਬੂਤ ਵਜੋਂ ਮਾਨਤਾ ਦੇਣ, ਪੁਲੀਸ ਹਿਰਾਸਤ ਦਾ ਸਮਾਂ 30 ਦਿਨ ਤੱਕ ਵਧਾਉਣ, ਅਦਾਲਤੀ ਹਿਰਾਸਤ ਦੇ ਸਮਾਂ 180 ਦਿਨ ਕਰਨ, ਗ੍ਰਿਫਤਾਰ ਵਿਅਕਤੀਆਂ ਦੀ ਜਮਾਨਤ ਤੋਂ ਮਨਾਹੀ ਅਤੇ ਡਿਊਟੀ ਨਿਭਾਉਂਦੇ ਪੁਲਿਸ ਅਧਿਕਾਰੀ ਵੱਲੋਂ ਇਸ ਕਾਨੂੰਨ ਤਹਿਤ ਕੀਤੀਆਂ ਗਈਆਂ ਵਧੀਕੀਆਂ ਨੂੰ ਅਦਾਲਤ ਵਿੱਚ ਚਣੌਤੀ ਤੋਂ ਕਾਨੂੰਨੀ ਹਿਫ਼ਾਜ਼ਤ ਆਦਿ ਇਸ ਨਵੇਂ ਕਾਲੇ ਕਾਨੂੰਨ ਦੀਆਂ ਪ੍ਰਮੁੱਖ ਕਾਲੀਆਂ ਧਾਰਾਵਾਂ ਹਨ। ਇਹ ਕਾਨੂੰਨ ਪਾਸ ਕਰਨ ਪਿਛੇ ਦਲੀਲਾਂ ਇਹ ਦਿੱਤੀਆਂ ਗਈਆਂ ਹਨ ਕਿ 'ਗੁਜਰਾਤ ਰਾਜ ਦੀ ਪਾਕਿਸਤਾਨ ਨਾਲ ਲੰਬੀ ਚੌੜੀ ਸੁਮੰਦਰੀ (1600ਕਿਲੋਮੀਟਰ) ਅਤੇ ਜ਼ਮੀਨੀ (500 ਕਿਲੋਮੀਟਰ) ਸਰਹੱਦ ਹੈ ਅਤੇ ਦੂਜਾ ਗੁਜਰਾਤ ਦਹਿਸ਼ਤਗਰਦ ਅਤੇ ਆਰਥਿਕ ਅਪਰਾਧਾਂ ਦੇ ਖਤਰੇ ਦਾ ਸਾਹਮਣਾ ਕਰ ਰਿਹਾ ਹੈ। ਸੂਬੇ ਵਿੱਚ ਬਹੁਤ ਸਾਰੇ ਦਹਿਸ਼ਤਗਰਦ ਹਮਲੇ ਹੋਏ ਹਨ। ਇਹ ਨੋਟ ਕੀਤਾ ਗਿਆ ਹੈ ਕਿ ਜਥੇਬੰਦਕ ਅਪਰਾਧੀ ਗਰੋਹ ਦਹਿਸ਼ਤਗਰਦ ਗੈਂਗਾਂ ਨਾਲ ਸਾਂਝ ਬਣਾ ਲੈਂਦੇ ਹਨ ਅਤੇ ਵੱਡੀ ਪੱਧਰ 'ਤੇ ਦਹਿਸ਼ਤਗਰਦੀ ਨੂੰ ਪਾਲਦੇ ਪੋਸਦੇ ਹਨ। ਇਹ ਦਹਿਸ਼ਤਗਰਦੀ ਕੌਮੀ ਸਰਹੱਦਾਂ ਤੋਂ ਪਾਰ ਫੈਲ ਜਾਂਦੀ ਹੈ। ਗੁਜਰਾਤ ਵਿੱਚ ਜਥੇਬੰਦ ਅਪਰਾਧੀ ਗਰੋਹਾਂ ਦੇ ਕਾਰਜਸ਼ੀਲ ਹੋਣ ਉਪਰ ਵਿਸ਼ਵਾਸ਼ ਕਰਨ ਯੋਗ ਦਲੀਲ ਮੌਜੂਦ ਹੈ ਜਿਸ ਕਰ ਕੇ ਉਹਨਾਂ ਦੀਆਂ ਗਤੀਵਿਧੀਆਂ ਨੂੰ ਤੁਰੰਤ ਨੱਥ ਪਾਉਂਣ ਦੀ ਲੋੜ ਹੈ।'

ਮੋਦੀ ਦੇ ਮੁੱਖ ਮੰਤਰੀ ਦੇ ਸ਼ਾਸਨ ਕਾਲ ਦੌਰਾਨ ਇਹ ਬਿਲ ਤਿੰਨ ਵਾਰ 2003, 2008 ਅਤੇ 2009 ਵਿੱਚ ਪਾਸ ਕੀਤਾ ਗਿਆ। ਸਮੇਂ ਸਮੇਂ ਰਾਸਟਰਪਤੀ ਇਸ ਦੀ ਪੁਲੀਸ ਦੁਆਰਾ ਫੜੇ (ਇੰਟਰਸੈਪਟ) ਗਏ ਟੈਲੀਫੋਨਿਕ, ਬਿਜਲਈ ਜਾਂ ਜ਼ਬਾਨੀ ਵਾਰਤਾਲਾਪ ਨੂੰ ਅਦਾਲਤ ਵਿੱਚ ਸਬੂਤ ਵਜੋਂ ਮਾਨਤਾ ਦੀ ਧਾਰਾ ਨੂੰ ਸੰਵਿਧਾਨ ਵਿਰੋਧੀ ਕਰਾਰ ਦੇ ਕੇ ਵਾਪਸ ਕਰਦੇ ਰਹੇ। ਪਰ ਹੁਣ ਫਿਰ ਗੁਜਰਾਤ ਦੀ ਭਾਜਪਾ ਸਰਕਾਰ ਨੇ ਇਸ ਬਦਨਾਮ ਕਾਨੂੰਨ ਫਿਰ ਪਾਸ ਕਰ ਦਿੱਤਾ। ਹੁਣ ਪਹਿਲੇ ਰਾਸ਼ਟਰਪਤੀਆਂ ਵਾਂਗ ਬਿਲ ਦੇ ਵਾਪਸ ਹੋਣ ਦੀਆਂ ਸੰਭਾਵਨਾਵਾਂ ਨਾਂਹ ਦੇ ਬਰਾਬਰ ਹਨ ਕਿਉਂਕਿ ਰਾਸ਼ਟਰਪਤੀ ਪ੍ਰਣਾਬ ਮੁਕਰਜੀ ਅਫਜ਼ਲ ਗੁਰੂ ਦੀ ਫਾਂਸ਼ੀ ਅਤੇ ਭੌਂ ਪ੍ਰਪਤੀ ਆਰਡੀਨੈਸਾਂ ਨੂੰ ਵਿਵਾਦਗ੍ਰਸਤ ਮਨਜ਼ੂਰੀਆਂ ਦੇ ਚੁੱਕਿਆ ਹੈ।

ਪੁਲੀਸ ਅੱਗੇ ਇੱਕਬਾਲੀਆ ਬਿਆਨ ਨੂੰ ਅਦਾਲਤ ਵਿੱਚ ਸਬੂਤ ਵਜੋਂ ਮੰਨਣ ਦੀ ਬਦਨਾਮ ਧਾਰਾ ਟਾਡਾ 1985, ਪੋਟਾ 2002 ਅਤੇ ਮਕੋਕਾ 1999 ਨਾਲ ਮਿਲਦੀਆਂ ਹਨ। ਟਾਡਾ 1985 ਅਤੇ ਪੋਟਾ 2002 ਦੀ ਵੱਡੀ ਪੱਧਰ 'ਤੇ ਹੋਈ ਦੁਰਵਰਤੋਂ ਅਤੇ ਇਹਨਾਂ ਦੀਆਂ ਪੁਲੀਸ ਅੱਗੇ ਇੱਕਬਾਲੀਆ ਬਿਆਨ ਨੂੰ ਅਦਾਲਤ ਵਿੱਚ ਸਬੂਤ ਵਜੋਂ ਮੰਨਣ ਵਰਗੀਆਂ ਵਿਵਾਦਗ੍ਰਸਤ ਧਾਰਾਵਾਂ ਕਾਰਨ ਇਹ ਦੋਵੇਂ ਬਿਲ ਮਨਸੂਖ ਹੋ ਚੁੱਕੇ ਹਨ, ਕੇਵਲ ਮਕੋਕਾ 1999 ਹੀ ਵਰਤੋਂ ਵਿੱਚ ਹੈ। ਦੋਨੇ ਵਿਵਾਦਗ੍ਰਸਤ ਕਾਨੂੰਨਾਂ ਵਿੱਚ 77500 ਵਿਅਕਤੀ ਨਜ਼ਰਬੰਦ ਕੀਤੇ ਗਏ ਪਰ ਕੇਵਲ .81ਫੀਸਦੀ ਹੀ ਦੋਸ਼ੀ ਪਾਏ ਗਏ। ਇਸ ਤੋਂ ਇਲਾਵਾ ਇਹਨਾ ਦੀ ਵਰਤੋਂ ਘੱਟ ਗਿਣਤੀਆਂ ਖ਼ਿਲਾਫ਼ ਕੀਤੀ ਗਈ , ਪੰਜਾਬ 'ਚ 15314 ਸਿੱਖ, ਗੁਜਰਾਤ ਵਿੱਚ 18686, ਜੰਮੂ ਕਸ਼ਮੀਰ 'ਚ 15225 ਅਤੇ ਆਸਾਮ 'ਚ 12715 ਮੁਸਲਮਾਨ ਨਜ਼ਰਬੰਦ ਕੀਤੇ। ਗੁਜਰਾਤ ਵਿੱਚ ਮੁਸਲਮ ਵਿਰੋਧੀ ਦੰਗਿਆਂ ਦਾ ਇੱਕ ਵੀ ਦੋਸ਼ੀ ਪੋਟਾ ਅਧੀਨ ਗ੍ਰਿਫਤਾਰ ਨਹੀਂ ਕੀਤਾ ਗਿਆ। ਤਾਮਿਲਨਾਡੂ ਵਿੱਚ ਵਿਰੋਧੀ ਪਾਰਟੀ ਆਗੂ ਵਾਈਕੋ ਨੂੰ ਪੋਟਾ ਅਧੀਨ ਗ੍ਰਿਫਤਾਰ ਕੀਤਾ ਗਿਆ ਜਿਸਦੀ ਜਮਾਨਤ ਵੀ ਨਾ ਹੋ ਸਕੀ। ਅਸਲ ਵਿੱਚ ਪੁਲੀਸ ਅੱਗੇ ਦਿੱਤੇ ਇਕਬਾਲੀਆ ਬਿਆਨ ਨੂੰ ਕਾਨੂੰਨੀ ਮਾਨਤਾ ਦੇਣ ਅਤੇ ਪੁਲੀਸ ਹਿਰਾਸਤ ਦਾ ਸਮਾਂ 30 ਦਿਨ ਤੱਕ ਵਧਾ ਦੇਣਾ ਨਾਲ ਨੰਗਾ ਚਿੱਟਾ ਜਬਰ ਦਾ ਰਾਜ ਸਥਾਪਤ ਹੋਵੇਗਾ ਜਿਸ ਕਰ ਕੇ ਅਜੋਕੀ ਨਿਆਂ ਪ੍ਰਣਾਲੀ ਵੀ ਇਸ ਨੂੰ ਮਨਜ਼ੂਰ ਨਹੀਂ।



ਇਸ ਨਾਲ ਕੋਈ ਫ਼ਰਕ ਨਹੀਂ ਪੈਣ ਲੱਗਿਆ ਕਿ ਅਜਿਹਾ ਬਿਆਨ ਕਿਸ ਰੈਂਕ ਦੇ ਪੁਲਿਸ ਅਧਿਕਾਰੀ ਅੱਗੇ ਦਿੱਤਾ ਗਿਆ ਹੋਵੇ ਕਿਉਂਕਿ ਹੇਠਾਂ ਤੋਂ ਲੈ ਕੇ ਉੱਪਰ ਤੱਕ ਸਾਰੇ ਪੁਲਸ ਅਧਿਕਾਰੀਆਂ ਦਾ ਵਰਤਾਓ ਇੱਕੋ ਜਿਹਾ ਹੀ ਹੈ। ਝੂਠੇ ਪੁਲਸ ਮੁਕਾਬਲਿਆਂ ਦੇ ਵਰਤਾਰੇ 'ਤੇ ਝਾਤੀ ਮਾਰਦਿਆਂ ਸਪੱਸ਼ਟ ਹੁੰਦਾ ਹੈ ਕਿ ਪੂਰਾ ਪੁਲਸ ਤੰਤਰ ਰਾਜ ਦੇ ਸਿਆਸੀ ਵਿਰੋਧੀਆਂ ਨੂੰ ਖ਼ਤਮ ਕਰਨ ਲਈ ਰਾਜ ਨਾਲ ਪੂਰੀ ਵਫਾਦਾਰੀ ਦਾ ਪ੍ਰਦਰਸ਼ਨ ਕਰਦਾ ਹੈ। ਲੋਕਾਂ ਦੇ ਮਨੁੱਖੀ ਅਤੇ ਜਮਹੂਰੀ ਅਧਿਕਾਰਾਂ ਦੀਆਂ ਉਲੰਘਣਾਵਾਂ ਨੂੰ ਵੱਖ ਵੱਖ ਢੰਗਾਂ ਨਾਲ ਕਾਨੂੰਨੀ ਛਤਰੀ ਮੁਹੱਈਆ ਕਰਨ (ਜੋ ਇਸ ਕਾਨੂੰਨ ਵਿੱਚ ਵੀ ਕੀਤੀ ਗਈ ਹੈ ਦਾ ਵਰਤਾਰਾ ਪੂਰੇ ਦੇਸ਼ ਨੂੰ ਕਲਾਵੇ ਵਿੱਚ ਲੈਣ ਵੱਲ ਵੱਧ ਰਿਹਾ ਹੈ)। ਕੇਂਦਰ ਦੀ ਮੋਦੀ ਸਰਕਾਰ ਵੱਲੋਂ ਲਿਆਂਦਾ ਗਿਆ ਭੂਮੀ ਗ੍ਰਹਿਣ ਆਰਡੀਨੈਂਸ 2014 ਅਤੇ 2015 , ਪੰਜਾਬ ਸਰਕਾਰ ਵੱਲੋਂ ਪਾਸ ਕੀਤਾ ਗਿਆ ਸਰਕਾਰੀ ਅਤੇ ਨਿੱਜੀ ਜਾਇਦਾਦ ਨੁਕਸਾਨ ਰੋਕੂ ਕਾਨੂੰਨ 2014, ਜੰਮੂ ਕਸ਼ਮੀਰ ਸਰਕਾਰ ਵੱਲੋ ਲਿਆਂਦਾ ਜਾ ਰਿਹਾ ਪੁਲਸ ਐਕਟ ਆਦਿ ਇਸਦੀਆਂ ਹੀ ਵੰਨਗੀਆਂ ਹਨ। ਗੱਲ ਕੀ ਰਾਜ ਲੋਕਾਂ ਦੀ ਜਵਾਬ ਦੇਹੀ ਤੋਂ ਮੁਕਤ ਹੋਣ ਵੱਲ ਅੱਗੇ ਵਧ ਰਿਹਾ ਹੈ। ਚੇਤੇ ਰਹੇ ਜੰਮੂ ਕਸ਼ਮੀਰ ਅਤੇ ਉੱਤਰੀ ਪੂਰਬੀ ਰਾਜਾਂ ਵਿੱਚ ਲੰਮੇ ਸਮੇਂ ਤੋਂ ਸੁਰੱਖਿਆਂ ਦਸਤਿਆਂ ਦਾ ਵਿਸ਼ੇਸ਼ ਅਧਿਕਾਰ ਕਾਨੂੰਨ ਲਾਗੂ ਹੈ ਜਿਸ ਤਹਿਤ ਸੁਰੱਖਿਆ ਦਸਤਿਆਂ ਦੀਆਂ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਨੂੰ ਕਾਨੂੰਨੀ ਛੱਤਰੀ ਹਾਸਲ ਹੈ। ਇਹਨਾਂ ਵਿੱਚ ਸੁਰੱਖਿਆ ਦਸਤਿਆਂ ਵੱਲੋਂ ਰਚਾਏ ਝੂਠੇ ਮੁਕਾਬਲਿਆਂ, ਲਾਪਤਾ ਕੀਤੇ ਲੋਕਾਂ ਅਤੇ ਬਲਾਤਕਾਰਾਂ ਦੀਆਂ ਅਣਗਿਣਤ ਘਟਨਾਵਾਂ ਸਾਹਮਣੇ ਆ ਚੁੱਕੀਆਂ ਹਨ।

ਸਰਹੱਦੋਂ ਪਾਰ ਦਹਿਸ਼ਤਗਰਦੀ ਸਮੇਤ ਦਹਿਸ਼ਤਗਰਦੀ ਦੇ ਦ੍ਰਿਸ਼ਟਾਕੋਣ ਤੋਂ ਗੁਜਰਾਤ ਪਿਛਲੇ ਸਮੇਂ ਤੋਂ ਮੁਕਾਬਲਤਨ ਇੱਕ ਸ਼ਾਂਤ ਸੂਬਾ ਹੈ ਅਤੇ ਦਹਿਸ਼ਤਗਰਦੀ ਵਿਰੋਧੀ ਯੂ.ਏ.ਪੀ.ਏ., ਨੈਸ਼ਨਲ ਸਕਿਊਰਟੀ ਐਕਟ, ਆਦਿ ਐਕਟ ਮੌਜੂਦ ਹਨ ਤਾਂ ਫਿਰ ਗੁਜਰਾਤ ਦੀ ਭਾਜਪਾ ਸਰਕਾਰ ਅਜਿਹਾ ਕਾਨੂੰਨ ਲਿਆਉਣ ਲਈ ਕਿਉਂ ਬਜ਼ਿੱਦ ਹੈ? ਇਸਨੂੰ ਮੋਦੀ ਸਰਕਾਰ ਦੇ ਪੂਰੇ ਕਾਰਪੋਰੇਟ ਅਤੇਹਿੰਦੂਤਵ ਪੱਖੀ ਅਤੇ ਮਜ਼ਦੂਰ ਕਿਸਾਨਾਂ ਸਮੇਤ ਸਮੁੱਚੇ ਮਿਹਨਤਕਸ਼ਾਂ ਅਤੇ ਘੱਟ ਗਿਣਤੀਆਂ ਵਿਸ਼ੇਸ਼ ਕਰਕੇ ਮੁਸਲਮ ਵਿਰੋਧੀ ਫਾਸ਼ੀਵਾਦੀਏਜੰਡੇ ਦੇ ਪੱਖ ਤੋਂ ਸਮਝਣ ਦੀ ਲੋੜ ਹੈ। ਭਾਜਪਾ ਸ਼ਾਸਤ ਸੂਬੇ ਵਿਸ਼ੇਸ਼ ਕਰਕੇ ਗੁਜਰਾਤ ਇਸ ਤਜਰਬੇ ਦੀ ਇੱਕ ਪ੍ਰਯੋਗਸ਼ਾਲਾ ਹੈ। ਗੁਜਰਾਤ ਵਿੱਚ ਮੋਦੀ ਨੇ ਕਾਰਪੋਰੇਟ ਪੱਖੀ ਅਤੇ ਲੋਕਾਂ ਦੀ ਭਾਈਚਾਰਕ ਸਾਂਝ ਨੂੰ ਤਾਰ ਤਾਰ ਕਰਨ ਦਾ ਫ਼ਿਰਕੂ ਪੱਤਾ ਪੂਰੇ ਜ਼ੋਰ ਨਾਲ ਖੇਡਿਆ ਹੈ। ਅੱਜ ਇਹ ਪੱਤਾ ਭਾਰਤ ਪੱਧਰ 'ਤੇ ਅਜਮਾਇਆ ਜਾ ਰਿਹਾ ਹੈ । ਇੱਕ ਪਾਸੇ ਮਨਮੋਹਨ ਸਰਕਾਰ ਤੋਂ ਅਧੂਰੇ ਰਹਿ ਗਏ ਆਰਥਿਕ ਸੁਧਾਰਾਂ ਨੂੰ ਬੜੀ ਤੇਜ਼ੀ ਨਾਲ ਅੱਗੇ ਵਧਾਇਆ ਜਾ ਰਿਹਾ ਹੈ ਜਿਵੇਂ ਭੂਮੀ ਗ੍ਰਹਿਣ ਸੋਧ ਆਰਡੀਨੈਸ 2014, 2015, ਬੀਮਾ 'ਚ ਸਿਧੇ ਵਿਦੇਸ਼ੀ ਨਿਵੇਸ਼ ਦੀ ਹੱਦ 25 ਤੋਂ 49 ਫ਼ੀਸਦੀ ਕਰਨਾ, ਰਾਜਿਸਥਾਨ ਸਰਕਾਰ ਦੀਆਂ ਕਿਰਤ ਕਾਨੂੰਨਾਂ ਵਿੱਚ ਸੋਧਾਂ ਆਦਿ ਅਤੇ ਦੂਜੇ ਪਾਸੇ ਇਸ ਵਿਰੁੱਧ ਉਠਣ ਵਾਲੇ ਲੋਕ ਰੋਹ ਨੂੰ ਕਮਜ਼ੋਰ ਕਰਨ ਅਤੇ ਦਬਾਉਣ ਦੇ ਰੱਸੇ ਪੈੜੇ ਵੱਟੇ ਜਾ ਰਹੇ ਹਨ। ਲੋਕ ਰੋਹ ਨੂੰ ਕਮਜ਼ੋਰ ਕਰਨ ਲਈ ਰਾਸ਼ਟਰੀ ਸੋਇਮ ਸੇਵਕ ਸੰਘ ਦੀ ਅਗਵਾਈ ਵਿੱਚ ਫ਼ਿਰਕੂ ਟੋਲਾ ਸਰਗਰਮ ਹੈ ਜੋ ਘੱਟ ਗਿਣਤੀਆਂ ਵਿਸ਼ੇਸ਼ ਕਰਕੇ ਮੁਸਲਮਾਨਾਂ ਨੂੰ ਆਪਣੇ ਜ਼ਹਿਰੀਲੇ ਪ੍ਰਚਾਰ ਦਾ ਨਿਸ਼ਾਨਾ ਬਣਾ ਰਿਹਾ ਹੈ । ਦੂਸਰੇ ਪਾਸੇ ਕਿਸੇ ਵੀ ਵਿਰੋਧ ਨੂੰ ਦਬਾਉਣ ਲਈ ਜਾਬਰ ਮਸ਼ੀਨਰੀ ਦੇ ਦੰਦ ਤਿੱਖੇ ਕੀਤੇ ਜਾ ਰਹੇ ਹਨ। ਜਿੱਥੇ ਗੁਜਰਾਤ ਸਰਕਾਰ ਦਹਿਸ਼ਤਗਰਦੀ ਵਿਰੋਧੀ ਐਕਟ ਰਾਹੀ ਇਸ ਜਾਬਰ ਏਜੰਡੇ ਨੂੰ ਅੱਗੇ ਵਧਾ ਰਹੀ ਹੈ ਉਥੇ ਪੰਜਾਬ ਸਰਕਾਰ ਵੱਲੋਂ ਜਨਤਕ ਅਤੇ ਨਿਜੀ ਜਾਇਦਾਦ ਨੁਕਸਾਨ ਰੋਕੂ ਕਾਨੂੰਨ 2014 ਵੀ ਇਸੇ ਕੜੀ ਦੀ ਮਣਕਾ ਹੈ ਜੋ ਹਾਲ ਦੀ ਘੜੀ ਠੰਡੇ ਬਸਤੇ ਵਿੱਚ ਰੱਖਿਆ ਹੋਇਆ ਹੈ। ਪਰ ਮੋਦੀ ਵੱਲੋਂ ਲਗਾਤਾਰ ਵਿਦੇਸ਼ੀ ਦੌਰਿਆਂ ਨਾਲ ਮੇਕ ਇਨ ਇੰਡੀਆ ਦੇ ਨਾਹਰੇ ਤਹਿਤ ਕਾਰਪੋਰੇਟ ਘਰਾਣਿਆਂ ਨਾਲ ਕੀਤੇ ਜਾ ਰਹੇ ਸਮਝੌਤਿਆਂ ਦੀ ਪੂਰਤੀ ਲਈ ਲੋਕਾਂ ਦੇ ਜਿਊਣ ਦੇ ਵਸੀਲੇ ਜਲ ਜੰਗਲ ਜ਼ਮੀਨ ਅਤੇ ਧਰਤੀ ਹੇਠ ਦੱਬੇ ਖਣਿਜ ਪਦਾਰਥਾਂ ਦੀ ਲੁੱਟ ਤੇਜ਼ ਹੋਣੀ ਹੈ ਤਾਂ ਲਾਜ਼ਮੀ ਹੈ ਲੋਕ ਰੋਹ ਨੂੰ ਕਮਜ਼ੋਰ ਕਰਨ ਅਤੇ ਕੁਚਲਣ ਦਾ ਦੌਰ ਵੀ ਤਿੱਖਾ ਹੋਣਾ ਹੈ। ਅਜਿਹੇ ਹਮਲੇ ਦੀ ਤਿਆਰੀ ਦੇ ਸੰਦ ਹਨ ਗੁਜਰਾਤ ਦਹਿਸ਼ਤਗਰਦੀ ਅਤੇ ਜਥੇਬੰਦ ਜੁਰਮ ਵਿਰੋਧੀ ਕਾਨੂੰਨ 2015 ਅਤੇ ਜਨਤਕ ਅਤੇ ਨਿਜੀ ਜਾਇਦਾਦ ਨੁਕਸਾਨ ਰੋਕੂ ਕਾਨੂੰਨ 2014। ਆਓ ਲੁਟੇਰੀਆਂ ਫਾਸ਼ੀਵਾਦੀ ਤਾਕਤਾਂ ਦੇ ਢੋਲ ਦਾ ਪੋਲ ਲੋਕਾਂ ਸਾਹਮਣੇ ਨੰਗਾ ਕਰਦੇ ਹੋਏ ਲੋਕ ਤਾਕਤ ਦਾ ਕਿਲਾ ਉਸਾਰੀਏ ਅਤੇ ਲੋਕ ਪੱਖੀ ਸਮਾਜ ਦੇ ਨਿਰਮਾਣ ਵੱਲ ਅੱਗੇ ਵਧੀਏ।



## ਤੇਰੀਆਂ ਜਾਗਦੀਆਂ ਪੈੜਾਂ



ਖ਼ੂਨੀ ਖੂਹ ਦੀ ਪਰਿਕਰਮਾ ਕਰਦੇ
12 ਸਾਲ ਦੇ ਬਾਲ
ਭਗਤ ਸਿੰਘ
ਤੂੰ ਅੱਜ ਵੀ ਜਾਗਦਾ ਏਂ
ਤੇਰੀਆਂ ਪੈੜਾਂ ਤੁਰਦੀਆਂ
ਗਲ਼ੀਆਂ ਦੇ ਗਲ਼ ਲੱਗਦੀਆਂ
ਸੁੱਤੇ ਲੋਕਾਂ ਦੀ ਦੁਰਗਤ 'ਤੇ
ਦੁਹਾਈ ਦਿੰਦੀਆਂ
ਤੇਰੀਆਂ ਪੈੜਾਂ ਵੇਖਦੀਆਂ
ਕਚਹਿਰੀ ਮੂਹਰੇ ਵਿਛੀਆਂ ਚਾਦਰਾਂ
ਜਨਰਲ ਡਾਇਰ ਨੂੰ ਮਿਲਦੀ ਕਲੀਨ ਚਿੱਟ
ਵਿਲਕਦੀਆਂ ਸਫੈਦ ਚੁੰਨੀਆਂ
ਇਨਸਾਫ਼ ਭਾਲਦੀਆਂ ਮਾਵਾਂ
ਖੁੱਲ੍ਹੇ ਕੇਸਾਂ ਨੂੰ ਪਲੋਸਦੀਆਂ
ਤੇਰੀਆਂ ਪੈੜਾਂ ਵੇਖਦੀਆਂ
ਨਿਰਬਸਤਰ ਨੋਚ ਨੋਚ ਖਾਧੀ
ਤੂੰਬਾ-ਤੂੰਬਾ ਹੋਈ ਦਾਮਿਨੀ
ਹਕੂਮਤ ਦੇ ਵਿਹੜੇ 'ਚ ਵਿਲਕਦੀ
ਬਲਾਤਕਾਰੀਆਂ ਦੇ ਵਕੀਲਾਂ ਦੇ
ਧੁਆਂਖੇ ਦੰਦ
ਜੰਗਾਲਿਆ ਹਾਸਾ
ਵੇਖਦੀਆਂ ਮਜ਼ਦੂਰ ਦਾ ਬੱਚਾ
ਭੁੱਖੇ ਢਿੱਡ 'ਚ ਪਈਆਂ
ਉਮਰਾਂ ਦੀਆਂ ਖੁੱਤੀਆਂ
ਬੇਵੱਸ ਵੇਖਦੀਆਂ
ਖੋਹਣੀ ਚਾਹੁੰਦੀਆਂ
ਬੱਚੇ ਦੇ ਹੱਥ 'ਚ ਫੜ੍ਹੀ ਬੀੜੀ
ਫੁੱਟਪਾਥ 'ਤੇ ਸੁੱਤੇ ਮਜ਼ਦੂਰਾਂ ਦਾ
ਤਨ ਢੱਕਦੀਆਂ ਲੀਰ ਲੀਰ ਹੁੰਦੀਆਂ
ਤੇਰੀਆਂ ਪੈੜਾਂ ਵੇਖਦੀਆਂ
ਚਿੱਟੇ ਦਿਨ
ਚਿੱਟੇ ਦੀ ਚਾਟ
ਨਸਲਾਂ ਦੀ ਨਸਲ ਖਾ ਰਹੀ
ਨਸ਼ਿਆਂ ਦੀ ਮਘਦੀ ਲਾਟ
ਵੇਖਦੀਆਂ
ਗੰਦੀ ਕੋਝੀ ਖ਼ੂੰ-ਖਾਰ ਰਾਜਨੀਤੀ
ਲਹੂ 'ਚ ਲੱਥਪੱਥ ਕੁਰਸੀਆਂ
ਸੂਟਾਂ ਦੀ ਨਿਲਾਮੀ ਦੀ ਚੜ੍ਹਦੀ ਬੋਲੀ
ਮਜ਼ਦੂਰਾਂ ਦਾ ਸ਼ੋਸ਼ਣ ਕਰਦੇ
ਤੇਰੇ ਵੈਰੀ ਅੱਖੀਂ ਘੱਟਾ ਪਾਉਂਦੇ
ਬੁੱਤਾਂ 'ਤੇ ਫੁੱਲ ਚੜ੍ਹਾਉਂਦੇ
ਤੇਰੀਆਂ ਪੈੜਾਂ ਦੀ ਜਾਗਦੀ
ਮਹਿਕਦੀ ਮਿੱਟੀ ਤੋਂ ਕੰਨੀ ਕਤਰਾਉਂਦੇ
ਅਗਲੀ ਬਰਸੀ ਤੱਕ ਖਿਸਕ ਜਾਂਦੇ ਨੇ...
ਤਕਨੀਕੀ ਐਪਸ ਦੇ ਇਸ ਯੁੱਗ 'ਚ
ਦਰਬਾਰ ਸਾਹਿਬ ਤੋਂ
ਲਾਇਵ ਕੀਰਤਨ
ਸੱਤ ਸਮੁੰਦਰੋਂ ਪਾਰ ਸੁਣਦਾ ਹੈ
ਪਰ ਇੱਥੇ ਕਿਸੇ ਨੂੰ ਨਹੀਂ ਸੁਣਦੀ
ਤੇਰੀਆਂ ਜਾਗਦੀਆਂ ਪੈੜਾਂ ਦੀ ਦੁਹਾਈ
ਤੇਰੀਆਂ ਪੈੜਾਂ
ਇਨਸਾਨੀਅਤ ਦਾ ਧਰਮ ਨਿਭਾਉਂਦੀਆਂ
ਬੇਵੱਸ ਗੂੰਗੀ ਬੋਲੀ ਅੰਨ੍ਹੀ ਪੱਥਰ ਹੋ ਚੁੱਕੀ
ਸੋਚ ਨੂੰ ਪਾਣੀ ਪਾਉਂਦੀਆਂ
ਹਲੂਣ ਹਲੂਣ ਜਗਾਉਂਦੀਆਂ
ਸਤਲੁਜ ਦੀ ਗੋਦ 'ਚ ਸਮੋ ਜਾਂਦੀਆਂ ਨੇ
ਸਤਲੁਜ ਦੀ ਗੋਦ 'ਚ ਸਮੋ ਜਾਂਦੀਆਂ ਨੇ....

- ਸੰਦੀਪ ਕੌਰ

## ਗ਼ਜ਼ਲ

ਉਨ੍ਹਾਂ ਦਾ ਸ਼ੌਕ ਹਰ ਥਾਂ ਤੇ ਸਿਆਸਤ ਖੇਡਦੇ ਰਹਿਣਾ
ਅਸੀਂ ਵੀ ਸਿਖ ਲਿਆ ਹੈ ਆਦਤਨ ਹੀ ਮੰਨਦੇ ਰਹਿਣਾ

ਅਸਾਡੇ ਦੌਰ ਦੀ ਫਿਤਰਤ ਕਿ ਹੋਣੇ ਹਾਦਸੇ ਹਰ ਪਲ
ਤੇ ਹੈ ਦਸਤੂਰ ਸਾਡਾ, ਮਰਦਿਆਂ ਨੂੰ ਵੇਖਦੇ ਰਹਿਣਾ

ਨਹੀਂ ਵਿਸ਼ਵਾਸ ਗੁੱਗੇ ਪੀਰ 'ਚੋਂ ਮਰਦਾ ਜਦੋਂ ਤੀਕਰ
ਪਿਲਾਉਂਦੇ ਦੁੱਧ ਅਸੀਂ ਰਹਿਣਾ ਤੇ ਨਾਗਾਂ ਡੰਗਦੇ ਰਹਿਣਾ

ਦਵੀਂ ਏਨੀ ਵੀ ਤਾਕਤ ਨਾ ਤੂੰ ਭਾਣੇ ਮੰਨ ਜਾਵਣ ਦੀ
ਸਿਖਾ ਦੇਵੇ ਜੋ ਸਾਨੂੰ ਜ਼ੁਲਮ ਸਹਿ ਕੇ ਹੱਸਦੇ ਰਹਿਣਾ

ਉਹ ਮੰਜ਼ਿਲ ਕੀ ਕਿਆਸਣਗੇ, ਮੁਕਾਉਣਾ ਪੰਧ ਕੀ ਉਹਨਾਂ
ਜਿਨ੍ਹਾਂ ਨੇ ਧਾਰਿਆ, ਰਸਤਾ ਗਿਆਂ ਦਾ ਤੱਕਦੇ ਰਹਿਣਾ

ਅਸੀਂ ਉੱਠਾਂਗੇ, ਫੋਲੇ ਜਦ ਦਿਲੋਂ ਇਤਿਹਾਸ ਦੇ ਵਰਕੇ
ਅਜੇ ਹੈ ਸਹਿ-ਸੁਭਾਅ ਸਾਡਾ, ਇਹ ਵਰਕੇ ਫੋਲਦੇ ਰਹਿਣਾ

- ਕੁਲਵਿੰਦਰ ਖਹਿਰਾ

## ਗ਼ਜ਼ਲ

ਕੇਹਾ ਦਰਬਾਰ ਹੈ ਕਿ ਲਟਕਦੀ ਤਲਵਾਰ ਦਿਸਦੀ ਹੈ।
ਤੇ ਇਹ ਤਲਵਾਰ ਹੀ ਹਰ ਹੱਕ ਦੀ ਹੱਕਦਾਰ ਦਿਸਦੀ ਹੈ।

ਲਹੂ ਜਾਂਦਾ ਹੈ ਸਾਰਾ ਤਖ਼ਤ ਨੂੰ ਚਿਹਰੇ ਦੀ ਲਾਲੀ ਦਾ,
ਮੇਰੀ ਜਨਤਾ ਵਿਚਾਰੀ ਤਾਂ ਤਦੇ ਬੀਮਾਰ ਰਹਿੰਦੀ ਹੈ।
ਬੜਾ ਚਾਹੁੰਦੇ ਹਾਂ ਵਿੱਥਾਂ ਮੇਟ ਕੇ ਝਗੜੇ ਮਿਟਾ ਦੇਈਏ,
ਸਿਆਸਤ ਦੀ ਤਣੀ ਤਲਵਾਰ ਪਰ ਵਿਚਕਾਰ ਦਿਸਦੀ ਹੈ।

ਬੜਾ ਹੀ ਸੰਭਲ ਕੇ ਤੁਰੀਏ ਜਿਧਰ ਨੂੰ ਵੀ ਅਸੀਂ ਤੁਰੀਏ,
ਕਸੂਤੀ ਝਾਕਣੀ ਸਾਡੇ 'ਤੇਕਰਦੀ ਵਾਰ ਦਿਸਦੀ ਹੈ।

ਅਸਾਡੀ ਨੇੜਤਾ ਉਸ ਤਾਈਂ ਫੁੱਟੀ ਅੱਖ ਨਹੀਂ ਭਾਉਂਦੀ,
ਕਿ ਜਿਸਦੀ ਨੇੜਤਾ ਹਰ ਦਮ ਤੇਰੇ ਦਰਬਾਰ ਦਿਸਦੀ ਹੈ।

ਇਹ ਹੱਦਾਂ 'ਤੇ ਲਕੀਰ ਪਾਲਦੀ ਹੈ ਉਹੀਓ ਭੈੜੀ ਅੱਖ,
ਜੋ ਉਰਲੇ ਪਾਰ ਰਹਿੰਦੀ ਹੈ ਜੋ ਪਰਲੇ ਪਾਰ ਦਿਸਦੀਹੈ।

ਇਹ ਕੇਹੀ ਡੈਣ ਹੈ ਜੋ ਲਹੂ ਪੀਂਦੀ, ਅੱਗ ਥੁੱਕਦੀ ਹੈ,
ਤੇ ਪਿਆਸ ਖ਼ੂਨ ਦੀ ਹੀ ਇਸ ਨੂੰ ਬਾਰ ਬਾਰ ਦਿਸਦੀ ਹੈ।

ਜਦੋਂ ਮੈਂ ਬਾਹਰ ਨਿਕਲਾਂ ਰਾਜ ਗੁੰਡਿਆਂ ਦੇ ਤੋਂ ਡਰਦਾ ਹਾਂ,
ਜੇ ਹੱਥ ਖਾਲੀ, ਤਾਂ ਡਰਦਾਂ, ਘਰ ਮੇਰੀ ਸਰਕਾਰ ਦਿਸਦੀ ਹੈ।

- ਮਹਿੰਦਰ ਦੀਪ ਗਰੇਵਾਲ

## ਕਵਿਤਾ

ਹੋ ਗਿਆ ਆਪਣਾ ਚਮਨ ਵੀਰਾਨ ਕਿਉਂ ?
ਮਾਲੀਆਂ ਦਾ ਹੋ ਰਿਹਾ ਸਨਮਾਨ ਕਿਉਂ ?

ਮਿਲ ਗਿਆ ਚੋਰਾਂ ਦੇ ਸੰਗ ਦਰਬਾਰ ਕਿਉਂ ?
ਵੇਚਿਆ ਕੌਡੀ ਦੇ ਮੁੱਲ ਈਮਾਨ ਕਿਉਂ ?

ਦੀਵਿਆਂ 'ਚੋਂ ਗੁੰਮ ਹੋਈ ਕਿਉਂ ਰੌਸ਼ੀ,
ਤਾਰਿਆਂ ਤੋਂ ਸੱਖਣਾ ਅਸਮਾਨ ਕਿਉਂ ?

ਜਿਸ ਨੇ ਦਿੱਤਾ ਸੀ ਇਹ ਤੋਹਫ਼ਾ ਹੱਸ ਕੇ
ਉਹ ਹੈ ਮੇਰੇ ਦਰਦ ਤੋਂ ਅਣਜਾਣ ਕਿਉਂ ?

ਜੋ ਲਿਆਵੇ ਨਾ ਸੁਨੇਹਾ ਓਸ ਦਾ,
ਉਸ ਹਵਾ ਤੋਂ ਹੋਈ ਮੈਂ ਕੁਰਬਾਨ ਕਿਉਂ ?

ਹਰ ਗਲੀ ਹਰ ਮੋੜ ਤੇ ਮੌਜੂਦ ਹੈ;
ਆਦਮੀ ਦੇ ਰੂਪ ਵਿਚ ਸ਼ੈਤਾਨ ਕਿਉਂ ?

ਦਮ ਉਨ੍ਹਾਂ ਦਾ ਘੁੱਟ ਰਿਹਾ ਸ਼ਾਇਦ ਹੈ 'ਨਾਜ਼'
ਦਿਲ ਦੇ ਅੰਦਰ ਮਚਲਦੇ ਅਰਮਾਨ ਕਿਉਂ ?

- ਅਮਰਜੀਤ ਕੌਰ 'ਨਾਜ਼'

## ਕਿਉਂ ਰੱਖੀ ਭਾਣੇ ਸੰਗ ਡੋਰੀ

ਕਿਉਂ ਰੱਖੀ ਭਾਣੇ ਸੰਗ ਡੋਰੀ, ਤੇ ਢਾਹਕੇ ਬਹਿ ਗਿਐਂ ਢੇਰੀ ਉਏ!
ਕੰਮ ਹੀ ਤੇਰਾ ਕਰਮ ਤੇ ਕੰਮ ਹੀ ਕਿਸਮਤ ਤੇਰੀ ਉਏ!

ਨਰਕ ਸੁਰਗ ਹੈ ਇਥੇ ਵੇਖਿਆਕਿਸੇ ਨੇ ਅੱਗੇ ਨਹੀਂ।
ਜੋ ਸਮਝ ਨੇ ਜਾਂਦੇ, ਜਾਂਦੇ ਕਦੇ ਵੀ ਠੱਗੇ ਨਹੀਂ।
ਮਜ਼ਬ੍ਹਾਂ ਦੇ ਠੇਕੇਦਾਰਾਂ ਦੀ ਇਹ ਹੇਰਾਫੇਰੀ ਉਏ!
ਕੰਮ ਹੀ ਤੇਰਾ...

ਤੇਰੇ ਨਾਲ਼ੋਂ ਵੱਧ ਨਾ ਜਾਣੇ, ਤੇਰੀ ਕੋਈ ਵਿੱਥਿਆ।
ਹੱਥਾਂ ਦੀਆਂ ਲਕੀਰਾਂ ਉਤੇ, ਕੁਝ ਵੀ ਨਹੀਂ ਲਿਖਿਆ।
ਪਾਈ ਪਾਖੰਡੀਆਂ ਲੋਕਾਂ ਨੇ ਹੈ ਘੁੰਮਣਘੇਰੀ ਉਏ!
ਕੰਮ ਹੀ ਤੇਰਾ....

ਤੂੰ ਚੌਕੀ ਉਹਨਾਂ ਦੀ ਭਰਦੈਂ, ਤੇਰਾ ਭਾਗ ਨੇ ਖਾਂਦੇ ਜੋ।
ਦਿਨ ਰਾਤ ਹੈ ਵੀਰਾ, ਤੈਨੂੰ ਲੁੱਟੀ ਜਾਂਦੇ ਜੋ।
ਨਾ ਮਿਹਨਤ ਦਾ ਮੁੱਲ ਮਿਲਦਾ ਕਰਦੈਂ ਕਿਰਤ ਬਥੇਰੀ ਉਏ।
ਕੰਮ ਹੀ ਤੇਰਾ...

ਹੱਕ ਨਾ 'ਹਾਕਮਾਂ' ਮਿਲਦੇ, ਹੱਕ ਹਥਿਆਉਣੇ ਪੈਂਦੇ ਨੇ।
ਕੰਮ ਸਵੱਲੇ ਕਰਕੇ ਕਰਮ, ਬਣਾਉਣੇ ਪੈਂਦੇ ਨੇ।
ਸੁੱਤੀ ਕਿਸਮਤ ਜਾਗੇ, ਕਰਕੇ ਵੇਖ ਦਲੇਰੀ ਉਏ।
ਕੰਮ ਹੀ ਤੇਰਾ....

- ਹਾਕਮ

## ਅੰਨਦਾਤਾ

ਹੱਥੀਂ ਆਪ ਕਮਾਈਆਂ ਕਰਕੇ,
ਮੰਨਦਾ ਰੱਬ ਦੇ ਭਾਣੇ ਨੂੰ।
ਲੋਕੋ! ਆਪ ਅੰਨ੍ਹ ਦਾ ਦਾਤਾ,
ਤਰਸੇ ਦਾਣੇ-ਦਾਣੇ ਨੂੰ

ਜਿਹੜਾ ਸਭਨਾ ਦਾ ਢਿੱਡ ਭਰਦਾ।
ਬੋਹਲਾਂ ਦੇ ਵਿਚ ਭੁੱਖਾ ਮਰਦਾ।
ਜਾਵੇ ਬਰਫ਼ਾਂ ਵਾਂਗੂੰ ਖ਼ਰਦਾ।
ਕਮਲਾ ਕਰ'ਤਾ ਸਿਆਣੇ ਨੂੰ
ਲੋਕੋ! ਆਪ....

ਸਿਰ 'ਤੇ ਕਰਜ਼ਾ ਤੀਹਰਾ ਚੌਹਰਾ
ਪੈਰੀਂ ਰੁਲ ਗਿਆ ਚਿੱਟਾ ਟੌਰਾ
ਬਣ ਗਿਆ ਬਖ਼ਤਾਵਰ ਬਖਤੌਰਾ।
ਲੁੱਟ ਲਿਆ ਜੱਟ ਨਿਮਾਣੇ ਨੂੰ
ਲੋਕੋ! ਆਪ....

ਕੱਲੀ ਜਿੰਦ ਮਾਮਲੇ ਭਾਰੇ
ਪਿੱਟਦਾ, ਖੜ੍ਹਾ ਦੁਹੱਥੜ ਮਾਰੇ।
ਢਹਿ ਗਈ ਢੇਰੀ ਟੁੱਟੇ ਸਹਾਰੇ।
ਨਾ ਸਮਝਿਆ ਤਾਣੇ-ਬਾਣੇ ਨੂੰ
ਲੋਕੋ! ਆਪ...

'ਹਾਕਮਾਂ' ਰਾਸ ਨਾ ਆਈ ਕਮਾਈ।
ਆਫ਼ਤ ਹਨੇਰੀ ਬਣਕੇ ਆਈ।
ਹੋਗੀ ਮਾਤਾ ਧਰਤ ਪਰਾਈ।
ਕਰਦਾ ਚਿੱਤ ਮਰ ਜਾਣੇ ਨੂੰ।
ਲੋਕੋ! ਆਪ...

- ਹਾਕਮ

## ਸਾਨੂੰ ਵਿਚਾਰ ਦੇਵੀ

ਭਗਤ ਸਿੰਘ ਤੂੰ ਤੋਰੀ ਸੀ ਗੱਲ ਜਿਹੜੀ
ਉਹ ਤੇ ਹੋਰ ਤੋਂ ਹੋਰ ਦੀ ਹੋਰ ਹੋ ਗਈ
ਇਨ੍ਹਾਂ ਰਹਿਬਰਾਂ ਗੈਰਤਾਂ ਵੇਚੀਆਂ ਨੇ
ਪੁੱਠੀ ਵੇਖ ਜ਼ਮਾਨੇ ਦੀ ਤੋਰ ਹੋ ਗਈ
ਰਾਜ ਸੱਤਾ ਦਲਾਲਾਂ ਦੇ ਹੱਥ ਆਈ,
ਇਹ ਤਾਂ ਪੱਥਰਾਂ ਵਾਂਗ ਕਠੋਰ ਹੋ ਗਈ

ਕਿੰਨੇ ਵਰ੍ਹੇ ਤੈਨੂੰ ਯਾਦ ਨਾ ਕਿਸੇ ਕੀਤਾ
ਕੋਈ ਟਾਵਾਂ ਤੇਰੀ ਫੋਟੋ ਲਾ ਛੱਡਦਾ
ਕੋਈ ਭੁੱਲਿਆ ਚੁੱਕਿਆ ਨੇਤਾ ਵੀ
ਉਸ ਫੋਟੋ 'ਤੇ ਹਾਰ ਸੀ ਪਾ ਛੱਡਦਾ
ਤੇਰੇ ਯਾਰਾਂ ਨੂੰ ਯਾਦ ਫਿਰ ਕੌਣ ਕਰਦਾ
ਕੋਈ ਮੰਗਤਾ ਘੋੜੀ ਸੀ ਗਾ ਛੱਡਦਾ

ਜਦੋਂ ਲੁੱਟ ਕਸੁੱਟ ਦਾ ਦੌਰ ਤੁਰਿਆ
ਸਾਨੂੰ ਫੇਰ ਭਗਤ ਸਿੰਘ ਯਾਦ ਆਇਆ
ਉੱਠੇ ਗੱਭਰੂ ਲੈ ਸਿਧਾਂਤ ਤੇਰੇ
ਜੁਲੇਸੀਰ ਦੇ ਲਈ ਫਰਿਆਦ ਆਇਆ
ਬਾਬੇ ਗਦਰੀਏ ਸੂਰਮੇ ਯਾਦ ਆਏ,
ਊਦਮ ਢੀਂਗਰਾ ਅਤੇ ਅਜ਼ਾਦ ਆਇਆ

ਬੜੀ ਚੁਸਤ ਜਮਾਤ ਸਰਮਾਏਦਾਰੀ
ਖ਼ਤਰਾ ਆਉਣ ਵਾਲਾ ਪਹਿਲੋਂ ਜਾਣ ਲੈਂਦੀ
ਜਿਹਾ ਹੁੰਦਾ ਹੈ ਰੰਗ ਜ਼ਮਾਨਿਆਂ ਦਾ
ਤੰਬੂ ਪਹਿਲਾਂ ਹੀ ਆਪਣੇ ਤਾਣ ਲੈਂਦੀ
ਬੰਦੇ ਆਪਣੇ ਭੇਜ ਬਗਾਬਤਾਂ ਦਾ
ਸਾਰਾ ਹੀਜ ਪਿਆਜ ਹੈ ਛਾਣ ਲੈਂਦੀ

ਲੈ ਕੇ ਘਰਾਂ ਤੋਂ ਪਾਰਲੀਮੈਂਟ ਤੀਕਰ
ਤੇਰੇ ਚਰਚੇ ਨੇ ਬੜੇ ਜਹਾਨ ਅੰਦਰ।
ਬੁੱਤ ਲਾਏ ਨੇ ਤੇਰੇ ਚੁਰਸਤਿਆਂ 'ਤੇ
ਖੜ੍ਹਾ ਦਿਸਦੈਂ ਤੂੰ ਬੜੀ ਸ਼ਾਨ ਅੰਦਰ
ਕਿਤੇ ਹੈਟ ਤੇ ਕਿਤੇ ਦਸਤਾਰ ਸਿਰ 'ਤੇ
ਲੈ ਕੇ ਹੱਥ ਪਿਸਤੌਲ ਮੈਦਾਨ ਅੰਦਰ

- ਰਾਮ ਸਰੂਪ ਸ਼ਰਮਾ

## ਗ਼ਜ਼ਲ

ਮੰਨਦਾ ਹਾਂ ਕਿ ਮੇਰੇ ਕੋਲ ਕੋਈ ਤੀਰ ਕਮਾਨ ਨਹੀਂ,
ਇਹ ਨਾ ਸਮਝ ਮੇਰੇ ਹੌਸਲਿਆਂ 'ਚ ਜਾਨ ਨਹੀਂ।

ਖ਼ਬਰ ਹੈ ਹਿੰਦੂ-ਮੁਸਲਮ ਮਰ ਗਏ ਦੰਗਿਆਂ 'ਚ
ਕੀ ਸਚਮੁਚ ਉਥੇ ਮਰਿਆ ਕੋਈ ਇਨਸਾਨ ਨਹੀਂ ?

ਕਦੇ ਕਦੇ ਕੋਈ ਹੁਣ ਵੀ ਇਧਰ ਆ ਜਾਂਦਾ ਹੈ,
ਕੁਰਬਾਨੀਆਂ ਦਾ ਰਾਹ ਹੋਇਆ ਸੁੰਨਸਾਨ ਨਹੀਂ।

ਉਮਰ ਭਰ ਹਾਕਮਾਂ ਵਿਰੁੱਧ ਲਿਖਦਾ ਰਿਹਾ ਲੋਕਾਂ ਲਈ,
ਤਾਂ ਹੀ ਤਾਂ ਉਸ ਦੇ ਹਿੱਸੇ ਆਇਆ ਕੋਈ ਇਨਾਮ ਨਹੀਂ।

ਚੰਗੇ ਬਣੇ ਰਹਿਣਾ ਬਹੁਤ ਮੁਸ਼ਕਲ ਹੈ ਦੋਸਤ,
ਕੌਣ ਹੈ ਇਥੇ ਜੋ ਕਦੇ ਹੋਇਆ ਬਦਨਾਮ ਨਹੀਂ।

- ਕੁਲਵਿੰਦਰ ਕੌਸ਼ਲ


For advertisement and donations contact
**DEVINDER TOOR 416-902-9372**
**HARBANS SINGH 416-817-7142**
Email: ppapmg@gmail.com
**Om Parkash Sharma**
**647-891-8500**
Email : omjagraon@yahoo.com
**Pro-People Arts Project Media Group**
**"Sarokaran Di Awaz" Newspaper**
29 Mapleview Ave Brampton Ontario
Canada L6R 1M2
Email: ppapmg@gmail.com
Website: www.ppapmg.com



**ਸੰਪਾਦਕ ਮੰਡਲ (ਆਨਰੇਰੀ)**

ਮਾ. ਭਜਨ ਸਿੰਘ ਕੈਲਗਰੀ, ਅਲਬਰਟਾ
403-455-4220
ਹਰਬੰਸ ਸਿੰਘ
416-817-7142
ਦੇਵਿੰਦਰ ਤੂਰ
416-902-9372
ਸੁਖਵਿੰਦਰ ਸਿੰਘ ਢਿੱਲੋਂ
ਜਸਪ੍ਰੀਤ ਧਾਲੀਵਾਲ
ਸੁਖਦੇਵ ਸਿੰਘ ਸੰਧੂ

ਮਾਸਟਰ ਬਲਬੀਰ ਸਿੰਘ ਗਿੱਲ
ਹਰਨੇਕ ਧਾਲੀਵਾਲ, ਵਿਨੀਪੈਗ ਮਾਨੀਟੋਬਾ
204-488-6960
ਗੁਰਬਚਨ ਸਿੰਘ ਬਰਾੜ
403-470-2628
ਬਲਜਿੰਦਰ ਸਿੰਘ
ਗ੍ਰਾਫਿਕਸ ਡਿਜ਼ਾਇਨਰ
+91-92167-29598
akashdeep.1064@gmail.com

'ਸਰੋਕਾਰਾਂ ਦੀ ਆਵਾਜ਼' ਅਖ਼ਬਾਰ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਕੈਲਗਰੀ 'ਚ ਬੂਟਾ ਸਿੰਘ ਨਵਾਂ ਸ਼ਹਿਰ ਵੱਲੋਂ 'ਭਾਰਤ ਅਤੇ ਜਮਹੂਰੀ ਹੱਕ' ਵਿਸ਼ੇ ਤੇ ਲੈਕਚਰ 3 ਮਈ ਨੂੰ

**- ਬਲਜਿੰਦਰ ਸੰਘਾ-**

ਬੂਟਾ ਸਿੰਘ ਨਵਾਂ ਸ਼ਹਿਰ ਜੋ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਪ੍ਰੈਸ ਸਕੱਤਰ ਹਨ ਤੇ ਬੀ.ਸੀ (ਕੈਨੇਡਾ) ਵਿਚ ਵਿਸ਼ੇਸ਼ ਸੱਦੇ ਤੇ ਜਲ੍ਹਿਆਂ ਵਾਲੇ ਬਾਗ ਦਾ ਖ਼ੂਨੀ ਕਾਂਡ ਵਿਸ਼ੇ ਤੇ ਲੈਕਚਰ ਦੇਣ ਪਹੁੰਚੇ ਹੋਏ ਹਨ ਅਤੇ ਉਹਨਾਂ ਇਸ ਵਿਸ਼ੇ ਤੇ ਜੋ ਵਿਚਾਰ ਉੱਥੇ ਪੇਸ਼ ਕੀਤੇ ਇਕ ਯਾਦਗਾਰੀ ਅਤੇ ਸਫਲ ਸਮਾਗਮ ਹੋ ਨਿਬੜਿਆ। ਹੁਣ ਉਹ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੇ ਸੱਦੇ ਤੇ ਕੈਲਗਰੀ ਵਿਚ 3 ਮਈ ਦਿਨ ਐਤਵਾਰ ਨੂੰ ਦੋ ਵਜੇ ਤੋਂ ਪੰਜ ਵਜੇ ਤੱਕ ਇੰਕਾ ਸੀਨੀਅਰ ਸੁਸਾਇਟੀ ਜੋ ਨਾਟਥ-ਈਸਟ ਵਿਚ ਮੈਕਨਾਈਟ ਸ਼ਟੇਸ਼ਨ ਦੇ ਸਾਹਮਣੇ ਪਲਾਜੇ ਵਿਚ ਹੈ ਵਿਖੇ ਭਾਰਤ ਅਤੇ ਜਮਹੂਰੀ ਹੱਕ ਵਿਸ਼ੇ ਤੇ ਆਪਣਾ ਲੈਕਚਰ ਪੇਸ਼ ਕਰਨਗੇ ਜੋ ਕਿ ਅੱਜਕੱਲ ਭਾਰਤ ਵਿਚ ਜਮਹੂਰੀ ਹੱਕਾਂ ਦੇ ਹੋ ਰਹੇ ਘਾਣ ਕਰਕੇ ਇਕ ਮੁੱਖ ਤੇ ਵਿਚਾਰਨਯੋਗ ਵਿਸ਼ਾ ਹੈ। ਇਹ ਜਾਣਕਾਰੀ ਦਿੰਦਿਆ ਮਾਸਟਰ ਭਜਨ ਸਿੰਘ ਨੇ ਦੱਸਿਆ ਕਿ ਕੈਲਗਰੀ ਦਾ ਇਹ ਪ੍ਰੋਗਰਾਮ ਬਿਨਾਂ ਕਿਸੇ ਐਂਟਰੀ ਫੀਸ ਦੇ ਸਭ ਲਈ ਫਰੀ ਹੋਵੇਗਾ। ਜਿੱਥੇ ਉਹ ਆਪਣੇ ਵਿਚਾਰ ਰੱਖਣਗੇ ਉੱਥੇ ਹਾਜ਼ਰੀਨ ਦੇ ਸਾਵਾਲਾਂ ਦੇ ਜਵਾਬ ਵੀ ਦੇਣਗੇ। ਉਹਨਾਂ ਹਰ ਵਰਗ ਦੇ ਲੋਕਾਂ ਨੂੰ ਪਰਿਵਾਰਾਂ ਸਮੇਤ ਇਸ ਲੈਕਚਰ ਨੂੰ ਸੁਨਣ ਲਈ ਬੇਨਤੀ ਕੀਤੀ। ਜ਼ਿਕਰਯੋਗ ਹੈ ਕਿ ਬੂਟਾ ਸਿੰਘ ਬਹੁਪੱਖੀ, ਉਸਾਰੂ ਅਤੇ ਅਗਾਂਹਵਧੂ ਸਖ਼ਸ਼ੀਅਤ ਦੇ ਮਾਲਕ ਹਨ। ਉਹ ਬਾਬਾ ਬੂਝਾ ਸਿੰਘ ਯਾਦਗਾਰੀ ਪ੍ਰਕਾਸ਼ਨ ਚਲਾਉਂਦੇ ਹਨ। ਦੋ-ਮਾਸਿਕ ਪੇਪਰ ਸੁਲਗਦੇ ਪਿੰਡ ਦੇ ਸੰਪਾਦਕ ਹਨ। ਹੁਣ ਤੱਕ ਬਹੁਤ ਸਾਰੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਲੇਖਕਾਂ ਦੀਆਂ ਕਿਤਾਬਾਂ ਅਨੁਵਾਦਤ ਕਰਕੇ ਲੋਕਾਂ ਤੱਕ ਪਹੁੰਚਾ ਚੁੱਕੇ ਹਨ ਜੋ ਬਹੁਤ ਚਰਚਿਤ ਪੁਸਤਕਾਂ ਹਨ। ਉਹ 2 ਮਈ ਨੂੰ ਐਡਮਿੰਟਨ ਅਤੇ 10 ਮਈ ਨੂੰ ਬਰੈਪਟਨ ਵਿਚ ਵੀ ਆਪਣੇ ਲੈਕਚਰ ਦੇਣਗੇ। ਜਿਸ ਪ੍ਰਤੀ ਉਸਾਰੂ ਅਤੇ ਮਨੁੱਖਵਾਦੀ ਸੋਚ ਰੱਖਣ ਵਾਲੇ ਲੋਕਾਂ ਵਿਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਕੈਲਗਰੀ ਦੇ ਇਸ ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲਈ ਮਾਸਟਰ ਭਜਨ ਸਿੰਘ ਨਾਲ 403-455-4220 ਤੇ ਸੰਪਰਕ ਕੀਤਾ ਜਾ ਸਕਦਾ ਹੈ।
















# ਗ਼ਦਰ ਲਹਿਰ ਦੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਸ਼ਤਾਬਦੀ ਵਰ੍ਹੇ ਨੂੰ ਨੂੰ ਸਮਰਪਿਤ ਅਤੇ ਜਲ੍ਹਿਆਂਵਾਲੇ ਬਾਗ ਦੇ ਖ਼ੂਨੀ ਸਾਕੇ ਦੇ ਸਬੰਧ 'ਚ



Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

ਨਿਊਜ਼ਪੇਪਰ

## Pro-People Arts Project Media Group

ਵਲੋਂ

10 ਮਈ 2015, ਦਿਨ ਐਤਵਾਰ ਸਮਾਂ 1.30 ਵਜੇ ਤੋਂ ਸ਼ਾਮ 6.00 ਵਜੇ ਤੱਕ

**Century Gardens, Recreation Centre (Auditorium Room 1)**
**340 Vodden Street East, Rutherford Road and vodden street, L6V 2N2 (905-874-2814)**

ਵਿਸ਼ੇਸ਼ ਸਮਾਗਮ ਕੀਤਾ ਜਾ ਰਿਹਾ ਹੈ, ਜਿਸ ਵਿਚ ਕਵਿਤਾਵਾਂ, ਗੀਤ ਸੰਗੀਤ ਅਤੇ ਅਗਾਂਹਵਧੂ ਵਿਚਾਰ ਚਰਚਾ ਲਈ, ਬੂਟਾ ਸਿੰਘ ਨਵਾਂ ਸ਼ਹਿਰ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਪ੍ਰੈਸ ਸਕੱਤਰ, ਸੁਗਲਦੇ ਪਿੰਡ ਮੈਗਜ਼ੀਨ ਦੇ ਸੰਪਾਦਕ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ। ਇਤਿਹਾਸ ਦੁਆਰਾ ਪਾਈਆਂ ਪਿਰਤਾਂ ਭਵਿੱਖ ਲਈ ਸਦਾ ਪ੍ਰੇਰਣਾ ਸਰੋਤ ਦਾ ਕੰਮ ਕਰਦੀਆਂ ਹਨ। ਆਓ ਇਸ ਇਕੱਤਰਤਾ ਦੌਰਾਨ ਵਿਸਾਖੀ ਦੇ ਦਿਨ ਵਾਪਰੇ ਜਲ੍ਹਿਆਂਵਾਲੇ ਬਾਗ ਦੇ ਅਣਫਰੋਲੇ ਵਰਕੇ, ਗ਼ਦਰ ਲਹਿਰ ਅਤੇ ਮਈ ਦਿਨ ਦੀ ਇਤਿਹਾਸਕ ਵਿਰਾਸਤ ਨੂੰ ਮੌਜੂਦਾ ਸਮੇਂ ਦੇ ਪ੍ਰਸੰਗ ਵਿਚ ਪ੍ਰੇਰਣਾ ਸਰੋਤ ਲਈ ਵਰਤਕੇ ਖੁਸ਼ਹਾਲ ਜ਼ਿੰਦਗੀ ਵਾਸਤੇ ਵਧੀਆ ਸਮਾਜ ਦੀ ਉਸਾਰੀ ਲਈ ਅੱਗੇ ਵਧੀਏ। ਇਸ ਤੋਂ ਇਲਾਵਾ ਕੈਨੇਡਾ ਵਿਚ ਵਾਪਰ ਰਹੀਆਂ ਘਟਨਾਵਾਂ ਅਤੇ ਮਨੁੱਖੀ ਜ਼ਰੂਰਤਾਂ ਲਈ ਕੀ ਕਰਨਾ ਬਣਦਾ ਹੈ, ਵਿਚਾਰ ਕਰੀਏ। ਆਪ ਨੂੰ ਪਰਿਵਾਰਾਂ ਸਮੇਤ ਪਹੁੰਚਣ ਦੀ ਅਪੀਲ ਕੀਤੀ ਜਾਂਦੀ ਹੈ।

**ਭਰਪੂਰ ਹੁੰਗਾਰੇ ਦੀ ਆਸ ਨਾਲ ਸਰੋਕਾਰਾਂ ਦੀ ਆਵਾਜ਼**

| | | | | | | |
|---|---|---|---|---|---|---|
| ਦੇਵਿੰਦਰ ਤੂਰ ਪ੍ਰਧਾਨ | ਹਰਬੰਸ ਸਿੰਘ ਸਕੱਤਰ | ਕਾਮਰੇਡ ਸੁਖਦੇਵ ਧੂੜਕੋਟ | ਰਛਪਾਲ ਸਿੰਘ ਦੋਸਾਂਝ | ਓਮ ਪ੍ਰਕਾਸ਼ ਸ਼ਰਮਾ | ਸੁਰਿੰਦਰ ਸਿੰਘ ਗਿੱਲ | ਸੁਖਦੇਵ ਸਿੰਘ ਸੰਧੂ |
| 416-902-9372 | 416-817-7142 | 905-216-9116 | 416-254-7573 | 647-891-8500 | 905-460-5544 | 647-299-1610 |